13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 40
January 8, 2025

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ




ਮਾਤਾ ਸਵਿੱਤਰੀ ਬਾਈ ਫੂਲੇ ਜੀ ਦਾ 194 ਵਾਂ ਜਨਮ ਦਿਨ ਮਨਾਇਆ ਗਿਆ।
(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 6 'ਤੇ)



ਸਰਬੰਸ ਦਾਨੀ: ਸ੍ਰੀ ਗੁਰੂ ਗੋਬਿੰਦ ਸਿੰਘ ਜੀ।
(ਵਿਸ਼ੇਸ ਲੇਖ ਅੰਦਰ ਦੇਖੋ)

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਦੁਨੀਆ ਭਰ 'ਚ ਸ਼ਰਧਾ ਨਾਲ ਮਨਾਇਆ

## ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਅਸਥਾਨ ਪਟਨਾ ਸਾਹਿਬ ਵਿਖੇ ਕੌਮੀ ਪੱਧਰ ਦਾ ਸਮਾਗਮ



**ਪਟਨਾ (ਬਿਊਰੋ)** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਕੌਮੀ ਅਤੇ ਕੌਮਾਂਤਰੀ ਪੱਧਰ ਤੇ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਬਿਹਾਰ ਦੀ ਰਾਜਧਾਨੀ ਪਟਨਾ ਸਾਹਿਬ ਵਿਖੇ ਮਨਾਏ ਕੌਮੀ ਪੱਧਰ ਤੇ ਸਮਾਗਮ ਦਰਮਿਆਨ ਅਹਿਮ ਸ਼ਖਸੀਅਤਾਂ ਨਾਲ ਹਾਜ਼ਰੀ ਭਰ ਕੇ ਗੁਰੂ ਜੀ ਦੀ ਜਨਮ ਸਥਲੀ ਨੂੰ ਸਿਜਦਾ ਕੀਤਾ। ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਮੌਕੇ ਲੋਕਾਂ ਨੂੰ ਵਧਾਈ ਦਿੱਤੀ ਅਤੇ ਆਸ ਪ੍ਰਗਟਾਈ ਕਿ ਉਨ੍ਹਾਂ ਦੀਆਂ ਸਿੱਖਿਆਵਾਂ ਸਾਰਿਆਂ ਨੂੰ ਧਰਮ, ਸ਼ਾਂਤੀ ਤੇ ਸਦਭਾਵਨਾ ਦੇ ਮਾਰਗ 'ਤੇ ਲੈ ਕੇ ਜਾਣਗੀਆਂ। ਉਹਨਾਂ ਕਿਹਾ ''ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੇ ਪਵਿੱਤਰ ਮੌਕੇ 'ਤੇ ਸਾਰਿਆਂ ਨੂੰ ਵਧਾਈ। ਮਨੁੱਖਤਾ ਦੀ ਭਲਾਈ ਲਈ ਉਨ੍ਹਾਂ ਦੀ ਬਿਨਾ ਕਿਸੇ ਸਵਾਰਥ ਤੋਂ ਸੇਵਾ ਸਾਨੂੰ ਪ੍ਰੇਰਿਤ ਕਰਦੀ ਰਹਿੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਹਮੇਸ਼ਾ ਸਮਾਨਤਾ ਤੇ ਨਿਆਂ 'ਤੇ ਜ਼ੋਰ ਦਿੱਤਾ। ਉਨ੍ਹਾਂ ਕਾਮਨਾ ਕੀਤੀ, ''ਉਨ੍ਹਾਂ ਦੀਆਂ ਸਿੱਖਿਆਵਾਂ ਸਾਨੂੰ ਧਰਮ, ਸ਼ਾਂਤੀ ਤੇ ਸਦਭਾਵਨਾ ਦੇ ਮਾਰਗ 'ਤੇ ਲੈ ਜਾਣ।'' ਇਸੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਗੋਬਿੰਦ ਸਿੰਘ ਦੀ ਜੈਅੰਤੀ ਮੌਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਮੋਦੀ ਨੇ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' ਉੱਤੇ ਪਾਈ ਇਕ ਪੋਸਟ ਵਿੱਚ ਕਿਹਾ, ''ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਉਨ੍ਹਾਂ ਦੇ ਪ੍ਰਕਾਸ਼ ਦਿਹਾੜੇ 'ਤੇ ਸ਼ਰਧਾ ਭੇਟ ਕਰਦਾ ਹਾਂ। ਉਨ੍ਹਾਂ ਦੇ ਵਿਚਾਰ ਸਾਨੂੰ ਇਕ ਅਜਿਹੇ ਸਮਾਜ ਦੇ ਨਿਰਮਾਣ ਲਈ ਪ੍ਰੇਰਿਤ ਕਰਦੇ ਹਨ ਜੋ ਪ੍ਰਗਤੀਸ਼ੀਲ, ਖੁਸ਼ਹਾਲ ਤੇ ਦਯਾਲੂ ਹੋਵੇ।''

# ਅਮਰੀਕਾ ਵਿਚ ਕੈਨੇਡਾ ਦਾ ਰਲੇਵਾਂ ਸੰਭਵ ਨਹੀਂ-ਟਰੂਡੋ



**ਵੈਨਕੂਵਰ (ਬਿਊਰੋ)**– ਹਾਲ ਹੀ ਵਿਚ ਅਮਰੀਕਾ ਦੇ ਬਣ ਰਹੇ ਰਾਸ਼ਟਰਪਤੀ ਸ੍ਰੀ ਟਰੰਪ ਦੇ ਬਿਆਨ ਤੋਂ ਬਾਅਦ ਇਹ ਚਰਚਾ ਆਰੰਭ ਹੋ ਗਈ ਹੈ ਕਿ ਕੀ ਕੈਨੇਡਾ ਅਮਰੀਕਾ ਵਿਚ ਸਮਾ ਜਾਵੇਗਾ। ਇਸ ਬਾਰੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਅਸਤੀਫੇ ਦੇ ਐਲਾਨ ਤੋਂ ਬਾਅਦ ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਾਰਡ ਟਰੰਪ ਵਲੋਂ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੇ ਬਿਆਨ 'ਤੇ ਟਰੂਡੋ ਨੇ ਤਨਜ਼ ਕੱਸਿਆ ਹੈ। ਟਰੂਡੋ ਨੇ ਕਿਹਾ ਕਿ ਕਿਸੇ ਪ੍ਰਭੂਸੱਤਾ ਸੰਪੂਰਨ ਮੁਲਕ ਦਾ ਦੂਜੇ ਦੇਸ਼ ਵਿੱਚ ਰਲੇਵਾਂ ਕੋਈ ਬੱਚਿਆਂ ਵਾਲੀ ਖੇਡ ਨਹੀਂ ਹੈ। ਟਰੂਡੋ ਨੇ ਆਪਣੇ 'ਐਕਸ' ਖਾਤੇ 'ਤੇ ਪਾਈ ਪੋਸਟ ਵਿੱਚ ਲਿਖਿਆ ਕਿ ਦੋਵਾਂ ਦੇਸ਼ਾਂ ਭਾਵ ਅਮਰੀਕਾ ਤੇ ਕੈਨੇਡਾ ਵਿੱਚ ਕਾਮਿਆਂ ਅਤੇ ਭਾਈਚਾਰਿਆਂ ਨੂੰ ਇੱਕ ਦੂਜੇ ਦੇ ਸਭ ਤੋਂ ਵੱਡੇ ਵਪਾਰਕ ਅਤੇ ਸੁਰੱਖਿਆ ਦੇ ਤਕੜੇ ਭਾਈਵਾਲ ਹੋਣ ਦਾ ਦੁਵੱਲਾ ਫਾਇਦਾ ਮਿਲਦਾ ਹੈ।

ਉੱਧਰ ਜਦ ਟਰੰਪ ਤੋਂ ਪੁੱਛਿਆ ਗਿਆ ਕੀ ਉਹ ਕੈਨੇਡਾ ਨੂੰ ਆਪਣਾ ਸੂਬਾ ਬਣਾਉਣ ਲਈ ਫੌਜੀ ਤਾਕਤ ਦੀ ਵਰਤੋਂ ਕਰਨਗੇ, ਤਾਂ ਟਰੰਪ ਨੇ ਸਰਹੱਦ ਨੂੰ ਆਰਜ਼ੀ ਤੌਰ 'ਤੇ ਖਿੱਚੀ ਲਕੀਰ ਗਰਦਾਨਦੇ ਹੋਏ ਕਿਹਾ ਕਿ ਇਸ ਨੂੰ ਹਟਾ ਦੇਣਾ ਕੌਮੀ ਸਲਾਮਤੀ ਪੱਖੋਂ ਵੀ ਚੰਗਾ ਸਾਬਤ ਹੋਏਗਾ। ਟਰੰਪ ਨੇ ਆਪਣੀ ਗੱਲ ਸਾਫ਼ ਕਰਦਿਆਂ ਕਿਹਾ ਸੀ ਕਿ ਬੇਸ਼ੱਕ ਅਮਰੀਕਾ ਕੋਲ ਕੈਨੇਡਾ ਨੂੰ ਮਿਲਾਉਣ ਦੇ ਦਾਅਵੇ ਦਾ ਕੋਈ ਹੱਕ ਨਹੀਂ, ਪਰ ਅਮਰੀਕਾ ਹਰ ਸਾਲ ਗਵਾਂਢੀ ਦੇਸ਼ ਵਜੋਂ ਕੈਨੇਡਾ ਦੀ ਸੁਰੱਖਿਆ ਅਤੇ ਸੰਭਾਲ ਵਾਸਤੇ ਸੈਂਕੜੇ ਅਰਬ ਡਾਲਰ ਦਾ ਖਰਚਾ (ਸਬਸਿਡੀ) ਕਰਦਾ ਹੈ। ਉਨ੍ਹਾਂ ਕਿਹਾ ਕਿ ਕੈਨੇਡਿਆਈ ਲੋਕਾਂ ਨੂੰ ਸੋਚਣ ਦੀ ਲੋੜ ਹੈ ਕਿ ਜੇ ਉਨ੍ਹਾਂ ਨੂੰ ਗੁਆਂਢੀ ਦੇਸ਼ ਤੋਂ ਇੰਨਾ ਜ਼ਿਆਦਾ ਸਮਰਥਨ ਮਿਲਦਾ ਹੈ ਤਾਂ ਕਿਉਂ ਨਾ ਉਹ ਇਸ ਦਾ ਹਿੱਸਾ ਬਣ ਜਾਣ। ਟਰੰਪ ਦੇ ਇਕ ਹੋਰ ਬਿਆਨ 'ਤੇ ਟਿੱਪਣੀ ਕਰਦੇ ਹੋਏ ਕੈਨੇਡਾ ਦੀ ਵਿਦੇਸ਼ ਮੰਤਰੀ ਮੈਲਾਨੀ ਜੌਲੀ ਨੇ ਕਿਹਾ ਹੈ ਕਿ ਕੈਨੇਡਾ ਦੀ ਆਰਥਿਕਤਾ ਮਜਬੂਤ ਹੈ, ਦੇਸ਼ ਵਾਸੀ ਤਾਕਤਵਰ ਹਨ ਜੋ ਕਿਸੇ ਵੀ ਤਰ੍ਹਾਂ ਦੀਆਂ ਧਮਕੀਆਂ ਤੋਂ ਡਰ ਕੇ ਪਿੱਛੇ ਮੁੜਨ ਵਾਲੇ ਨਹੀਂ ਹਨ।



ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੇਫੋਰਨੀਆ) ਵਿਖੇ ਨਵੇਂ ਸਾਲ ਮੌਕੇ ਰੈਣ ਸਬਾਈ ਸਮਾਗਮ ਕਰਵਾਇਆ ਗਿਆ।
**(ਰਿਪੋਰਟ ਅਤੇ ਤਸਵੀਰਾਂ ਅਗਲੇ ਸਫੇ 'ਤੇ ਦੇਖੋ)**



ਬੇਗਮਪੁਰਾ ਕਲਚਰਲ ਸੁਸਾਇਟੀ ਆਫ ਨਿਊਯਾਰਕ ਵੱਲੋਂ ਨਵੇਂ ਵਰ੍ਹੇ 2025 ਨੂੰ ਜੀ ਆਇਆਂ ਕਹਿਣ ਲਈ ਪ੍ਰੋਗਰਾਮ ਆਯੋਜਿਤ।
**(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 29, 30, 31 'ਤੇ)**



ਇਤਿਹਾਸਿਕ ਸਥਾਨ ਅੰਬੇਡਕਰ ਭਵਨ ਵਿਖੇ ਮਾਤਾ ਸਵਿਤਰੀ ਬਾਈ ਫੂਲੇ ਦਾ ਜਨਮ ਦਿਨ ਮਨਾਇਆ ਗਿਆ । ਇਸ ਮੌਕੇ ਮਹਾਰਾਸ਼ਟਰ ਦੀ ਡਾ. ਬੀ. ਆਰ. ਅੰਬੇਡਕਰ ਮਰਾਠਵਾੜਾ ਯੂਨੀਵਰਸਿਟੀ ਔਰੰਗਾਬਾਦ ਦੇ ਇਤਿਹਾਸ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਡਾ. ਸੁਨੀਤਾ ਸਾਵਰਕਰ ਦਾ ਸਨਮਾਨ ਕਰਦੇ ਹੋਏ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਮੈਂਬਰ ਅਤੇ ਅਹੁਦੇਦਾਰ।
**ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 6 'ਤੇ)**


















# December 31, 2024 Rain Sabai New Year's celebrations at Sri Guru Ravidass Temple Pittsburg

Sangat celebrated New Year's Eve at Gurughar, thanking Guru Sahib for a good year 2024 and welcoming New Year, 2025. Sukhmani Sahib Path and Langar Sewa was hosted by Sangat and Sewadars. Jathas of 'Giani Balwinder Singh- Satinder Singh- Karmjit Singh', Bhai Subeg Singh and Giani Harjinder Singh Rasia performed Shabad kirtan. Let us start the New Year with a prayer for love, peace and unity. We wish entire Sangat, a very happy, healthy and prosperous New Year. May Satguru ji bless His Sangat.

**Report- Ramesh Suman**

























ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Sabha Pittsburg (CA) Program

Guru Piyari Saadh Sangat Ji:
Waheguru Ji Ka Khalsa Waheguru Ji KI Fateh!
The following programs will be celebrated at the Gurdwara Sahib:

**January 12,**
**Sukhmani Sahib Path and Langar Sewa by**
**Bhai Manveer Singh and Family**

Sukhmani Sahib Path and Langar Sewa will be hosted by Bhai Manveer Singh and family for the Chardi Kala of their family. Kirtani Jatha of Bhai Balwinder Singh will do the Kirtan. May Waheguru bless this dedicated family.

**January 13, 2025**
**LOHRI Celebrations**

Lohri will be celebrated in the Gurughar at 6:00 PM on Monday, January 13, 2025.Sukhmani Sahib Path and Langar Sewa will be hosted by Ramesh Suman, Gyan Suman & family. Sangat is requested to come with their families and friends. Parents of newborn children are requested to come and celebrate first Lohri of their new born children in the Gurughar and get blessings of Guru Granth Sahib Ji.

**February 2, 2025,**
**Barsi of Late Bhai Raj Mal and Bibi Raj Mati**

In the sweet memory of Late Bhai Raj Mal and Late Bibi Raj Mati, Mal/ Batna family will be hosting Sukhmani Sahib path and langar Sewa, on Sunday, February 2, 2025. Mal/ Batna family is requesting everyone to come and join them in the ARDAS.

**February 14-15-16, 2025,**
**Gurpurab Satguru Guru Ravidass Ji**

Satguru Guru Ravidass ji was born in 1377, in Kanshi, India. Satguru Ravidass Ji was a great religious and social reformer and Satguru Ji dedicated his whole life for the welfare of the humanity. Guru Ji preached social harmony among all and preached against caste discrimination.

Sri Guru Ravidass Sabha CA, Pittsburg is celebrating the **648th Parkash Utsav of SATGURU RAVIDASS JI** on Sunday, February 16, 2025, at the temple. Akhand Path will start on February 14, 2025 (FRIDAY) 9:30 AM and conclude on February 16, 2025 (SUNDAY) 9:30 AM followed by KIRTAN DIWAN until 2:00 PM

Nishan Sahib Hoisting Ceremony will be held at 11:00 AM on February 15, 2025 (Saturday)

GURU JI KI SANGAT will perform Langar, Path and Parshad Sewa for this program. Prominent Kirtani Jathas and distinguished Speakers will enhance the Kirtan Diwan on all three days.

Entire Sangat is cordially invited to participate in the celebrations with family and friends and get blessings of Satguru Ravidass Ji

The Management Committee needs volunteers to prepare and serve Langar, keep Gurughar clean and organized, directing traffic/parking, kitchen Sewa, Jorha Sewa and other Sewas on all three days of Gurpurab Celebrations for STALLS or any other SEWA, please contact President Sunita Singh at (415)233-3319 or Chairman Vinod Kumar at (408)718-2506. The Management Committee requests the help, support and co-operation from the entire sangat to celebrate 648th. Gurpurab of Guru Ravidass Ji.

**Your DONATIONS in CASH or KIND will be greatly appreciated.**

Gurughar is open every day. Sukhmani Sahib path/ Akhand Path, Kirtan and Langar Sewa is hosted by Sangat or some devotee every Sunday.

**"NANAK NAM CHARDI KALA TERE BHANE SARBAT DA BHALA"**

## Sangat Sewadars

**www.sriguru• ravidasstemple.com**



Chairman
Vinod Kumar



President
Sunita Bangar




Gen. Secretary
Upinder Pal Ricky



Treasurer
Shinder Pal Narabut

# ਕੈਲੀਫੋਰਨੀਆ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ






**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪੋਮੋਨਾ, ਕੈਲੀਫੋਰਨੀਆ ਵਿਖੇ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਦਰਬਾਰ ਏ-ਖਾਲਸਾ ਵਿਖੇ ਹਜਾਰਾਂ ਸੰਗਤਾਂ ਨਤਮਸਤਕ ਹੋਈਆਂ ਤੇ ਸੰਗਤਾਂ ਨੇ ਕੀਰਤਨ ਦਾ ਆਨੰਦ ਮਾਣਿਆ। ਇੰਟਰਨੈਸ਼ਨਲ ਇੰਸਟੀਚਿਊਟ ਗੁਰਮਤਿ ਸਟੱਡੀਜ਼ ਦੁਆਰਾ ਅਯੋਜਿਤ ਸਮਾਗਮ ਦੀ ਸ਼ੁਰੂਆਤ ਆਸਾ ਕੀ ਵਾਰ ਨਾਲ ਹੋਈ। ਉਪਰੰਤ ਵੱਖ ਵੱਖ ਜਥਿਆਂ ਨੇ ਕੀਰਤਨ ਤੇ ਧਾਰਮਿਕ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਰਾਗੀ ਜਥਿਆਂ ਤੋਂ ਇਲਾਵਾ ਕੈਲੀਫੋਰਨੀਆ ਦੇ ਵੱਖ ਵੱਖ ਗੁਰੂ ਘਰਾਂ ਤੋਂ 150 ਤੋਂ ਵਧ ਬੱਚਿਆਂ ਨੇ ਕੀਰਤਨ ਦਰਬਾਰ ਵਿਚ ਸ਼ਿਰਕਤ ਕੀਤੀ। ਵੱਖ ਵੱਖ 5 ਜਥਿਆਂ ਵੱਲੋਂ ਇਕੱਠਿਆਂ ਕੀਤੇ ਕੀਰਤਨ ਨੇ ਸੰਗਤਾਂ ਨੂੰ ਮੰਤਰ ਮੁਗਧ ਕਰ ਦਿੱਤਾ।

ਵੱਖ ਬੁਲਾਰਿਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਦੇਸ਼ ਤੇ ਕੌਮ ਲਈ ਕੀਤੀ ਕੁਰਬਾਨੀ ਬਾਰੇ ਚਾਣਨਾ ਪਾਇਆ। ਸਮਾਗਮ ਦੀ ਸਮਾਪਤੀ ਅਰਦਾਸ ਨਾਲ ਹੋਈ। ਉਪਰੰਤ ਸੰਗਤਾਂ ਨੇ ਛੋਲੇ ਭਟੂਰਿਆਂ ਸਮੇਤ ਵੱਖ ਵੱਖ ਤਰਾਂ ਦੇ ਲੰਗਰਾਂ ਦਾ ਆਨੰਦ ਮਾਣਿਆ। ਬਾਅਦ ਵਿਚ ਸਜਾਏ ਗਏ ਨਗਰ ਕੀਰਤਨ ਵਿਚ ਸੰਗਤਾਂ ਸ਼ਾਮਿਲ ਹੋਈਆਂ ਜਿਸ ਵਿਚ ਸ਼ਾਮਿਲ ਨੌਜਵਾਨਾਂ ਨੇ ਗਤਕੇ ਦੇ ਜੌਹਰ ਵਿਖਾਏ।


ਨਗਰ ਕੀਰਤਨ ਵਿਚ ਸ਼ਾਮਿਲ ਸੰਗਤਾਂ ਨੇ ਦੇਗ ਤੇਗ ਫਤਿਹ ਤੇ ਬੋਲੇ ਸੋ ਨਿਹਾਲ ਦੇ ਜੈਕਾਰੇ ਲਾ ਕੇ ਚਾਰ ਚੁਫੇਰਾ ਗੂੰਜਣ ਲਾ ਦਿੱਤਾ। ਸੇਵਾਦਾਰ ਹਰਵਿੰਦਰ ਕੌਰ ਤੇ ਹੋਰ ਪ੍ਰਬੰਧਕਾਂ ਨੇ ਕਿਹਾ ਕਿ ਇਹ ਸਮਾਗਮ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਮਨੁੱਖਤਾ ਪ੍ਰਤੀ ਯੋਗਦਾਨ ਨੂੰ ਯਾਦ ਕਰਨ ਦਾ ਅਵਸਰ ਪ੍ਰਦਾਨ ਕਰਦਾ ਹੈ ਉਥੇ ਸਿੱਖ ਭਾਈਚਾਰੇ ਨੂੰ ਇਕੱਠੇ ਹੋਣ ਦਾ ਅਵਸਰ ਦਿੰਦਾ ਹੈ। ਉਨਾਂ ਕਿਹਾ ਕਿ ਸਾਲਾਨਾ ਸਮਾਗਮ ਸੇਵਾਦਾਰਾਂ ਦੀ ਸਮੁੱਚੀ ਟੀਮ ਦੁਆਰਾ ਬਹੁਤ ਹੀ ਸ਼ਰਧਾ ਭਾਵਨਾ ਨਾਲ ਕੀਤੀ ਸੇਵਾ ਦੇ ਸਿੱਟੇ ਵਜੋਂ ਸਫਲ ਹੋ ਨਿਬੜਿਆ ਹੈ। ਇਸ ਮੌਕੇ ਖਾਲਸਾ ਬਾਜ਼ਾਰ ਵੀ ਲਾਇਆ ਗਿਆ ਜਿਸ ਵਿਚ ਸੰਗਤਾਂ ਨੇ ਪੰਜਾਬੀ ਵਸਤਰਾਂ, ਗਹਿਣਿਆਂ ਦੇ ਨਾਲ ਨਾਲ ਧਾਰਮਿੱਕ ਪੁਸਤਕਾਂ ਦੀ ਖਰੀਦਦਾਰੀ ਵੀ ਕੀਤੀ।

## ਹਵਾਈ ਰਾਜ ਵਿਚ ਪਟਾਕਿਆਂ ਕਾਰਨ ਹੋਏ ਧਮਾਕੇ ਵਿਚ 3 ਵਿਅਕਤੀਆਂ ਦੀ ਮੌਤ ਤੇ 20 ਹੋਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਨਵੇਂ ਸਾਲ ਮੌਕੇ ਹਵਾਈ ਰਾਜ ਦੇ ਹੋਨੋਲੂਲੂ ਖੇਤਰ ਵਿਚ ਪਟਾਕਿਆਂ ਕਾਰਨ ਜਬਰਦਸਤ ਧਮਾਕਾ ਹੋਣ ਦੀ ਖਬਰ ਹੈ ਜਿਸ ਕਾਰਨ 3 ਵਿਅਕਤੀਆਂ ਦੀ ਮੌਤ ਹੋ ਗਈ ਤੇ 20 ਹੋਰ ਜ਼ਖਮੀ ਹੋ ਗਏ। ਹੋਨੋਲੂਲੂ ਫਾਇਰ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਧਮਾਕਾ ਇਕ ਘਰ ਦੇ ਬਾਹਰ ਅੱਧੀ ਰਾਤ ਤੋਂ ਪਹਿਲਾਂ ਹੋਇਆ। ਹੋਨੋਲੂਲੂ ਐਮਰਜੰਸੀ ਮੈਡੀਕਲ ਸਰਵਿਸਜ ਅਨੁਸਾਰ ਦੋ ਵਿਅਕਤੀਆਂ ਦੀ ਮੌਤ ਘਟਨਾ ਸਥਾਨ 'ਤੇ ਹੀ ਹੋ ਗਈ ਸੀ ਜਦ ਕਿ 20 ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ ਹੈ ਜਿਨਾਂ ਵਿਚੋਂ ਕਈਆਂ ਦੀ ਹਾਲਤ ਗੰਭੀਰ ਹੈ। ਹੋਨੋਲੂਲੂ ਦੇ ਮੇਅਰ ਰਿਕ ਬਲੰਗਿਆਰਡੀ ਨੇ 3 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ ਤੇ ਕਿਹਾ ਹੈ ਕਿ 20 ਤੋਂ ਵਧ ਲੋਕ ਗੰਭੀਰ ਜ਼ਖਮੀ ਹੋਏ ਹਨ। ਉਨਾਂ ਕਿਹਾ ਕਿ ਇਹ ਘਟਨਾ ਗੈਰਕਾਨੂੰਨੀ ਆਤਿਸ਼ਬਾਜ਼ੀ ਦੇ ਖਤਰਨਾਕ ਤੇ ਦੁੱਖਦਾਈ ਸਿੱਟੇ ਨੂੰ ਯਾਦ ਕਰਵਾਉਂਦੀ ਹੈ। ਪੁਲਿਸ ਨੇ ਕਿਹਾ ਹੈ ਕਿ ਉਹ ਧਮਾਕੇ ਦੇ ਕਾਰਨਾਂ ਦੀ ਜਾਂਚ ਕਰ ਰਹੇ ਹਨ। ਮ੍ਰਿਤਕਾਂ ਦੀ ਤੁਰੰਤ ਪਛਾਣ ਨਹੀਂ ਹੋ ਸਕੀ।

## 108 ਸੰਤ ਭਗਵਾਨ ਦਾਸ ਨਗਰ ਵਾਲਿਆਂ ਦਾ 5ਵਾਂ ਬਰਸੀ ਸਮਾਗਮ ਪਿੰਡ ਭਬਿਆਣਾ ਵਿਖੇ ਕਰਵਾਇਆ





**ਫਗਵਾੜਾ (ਬੀ.ਕੇ.ਰੱਤੂ)** 108 ਸੰਤ ਭਗਵਾਨ ਦਾਸ ਜੀ ਡੇਰਾ ਨਗਰ, ਫਿਲੌਰ ਵਾਲਿਆਂ ਦਾ 5ਵਾਂ ਬਰਸੀ ਸਮਾਗਮ ਫਗਵਾੜਾ ਦੇ ਨਜਦੀਕੀ ਪਿੰਡ ਭਬਿਆਣਾ ਵਿਖੇ ਜਸਵਿੰਦਰ ਪਾਲ ਕੈਂਥ ਯੂ.ਕੇ।, ਪਵਨ ਕੁਮਾਰ ਕੈਂਥ, ਹਰਜਿੰਦਰ ਲਾਲ ਕੈਂਥ, ਮੋਹਨ ਲਾਲ ਕੈਂਥ, ਪਰਮਿੰਦਰ ਕੈਂਥ ਅਤੇ ਪਿਊਸ਼ ਲਾਲ ਕੈਂਥ ਤੋਂ ਇਲਾਵਾ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਉਤਸ਼ਾਹ ਪੂਰਵਕ ਕਰਵਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਕਰਵਾਏ ਇਸ ਸਮਾਗਮ ਦੌਰਾਨ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਡੇਰਾ ਨਗਰ (ਫਿਲੌਰ) ਦੇ ਗੱਦੀ ਨਸ਼ੀਨ ਸੰਤ ਪਰਮਜੀਤ ਦਾਸ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਉਹਨਾਂ ਨੇ ਸੰਤ ਪ੍ਰਵਚਨ ਕਰਦਿਆਂ ਸੰਗਤਾਂ ਨੂੰ 108 ਸੰਤ ਭਗਵਾਨ ਦਾਸ ਦੇ ਜੀਵਨ ਸਫਰ ਨਾਲ ਜਾਣੂ ਕਰਵਾਇਆ ਅਤੇ ਦੱਸਿਆ ਕਿ ਸੰਤ ਭਗਵਾਨ ਦਾਸ ਨੇ ਸਾਰਾ ਜੀਵਨ ਪਰਮਾਤਮਾ ਦੀ ਬੰਦਗੀ ਅਤੇ ਦੀਨ ਦੁਖੀਆਂ ਦੀ ਸੇਵਾ ਕਰਦਿਆਂ ਵਤੀਤ ਕੀਤਾ ਹੈ। ਸਾਨੂੰ ਉਹਨਾਂ ਦੇ ਪਾਏ ਪੂਰਨਿਆਂ ਤੇ ਚੱਲਣਾ ਚਾਹੀਦਾ ਹੈ। ਸਮਾਗਮ ਦੌਰਾਨ ਵੱਖ-ਵੱਖ ਰਾਗੀ ਜੱਥਿਆਂ ਅਤੇ ਮਿਸ਼ਨਰੀ ਗਾਇਕਾਂ ਨੇ ਸ਼ਬਦ ਕੀਰਤਨ ਅਤੇ ਧਾਰਮਿਕ ਗੀਤਾਂ ਰਾਹੀਂ ਸੰਗਤਾਂ ਨਿਹਾਲ ਕੀਤਾ। ਚਾਹ ਪਕੌੜੇ ਅਤੇ ਲੰਗਰ ਦੀ ਸੇਵਾ ਅਤੁੱਟ ਵਰਤਾਈ ਗਈ। ਸਟੇਜ ਦੀ ਸੇਵਾ ਮਾਸਟਰ ਮਨਜੀਤ ਲਾਲ ਘੇੜਾ ਨੇ ਬਾਖੂਬੀ ਨਿਭਾਈ। ਇਸ ਮੌਕੇ ਮੀਨਾ ਕੁਮਾਰੀ ਭਬਿਆਣਾ, ਸਰਪੰਚ ਵਿਜੇ ਕੁਮਾਰ, ਸਤਪਾਲ ਕੈਂਥ, ਮਾਸਟਰ ਸੋਢੀ ਰਾਮ ਕੈਂਥ, ਮਲਕੀਤ ਰਾਮ ਜੱਸਲ, ਪਿਆਰਾ ਲਾਲ, ਜੋਗਿੰਦਰ ਪਾਲ ਸਾਬਕਾ ਸਰਪੰਚ, ਨੰਦ ਲਾਲ ਫੌਜੀ, ਜਗਦੀਸ਼ ਲਾਲ ਰਾਮਪੁਰ ਸੁੰਨੜਾ, ਰਸ਼ਪਾਲ ਸਿੰਘ ਘੇੜਾ, ਕਮਲਜੀਤ ਰਾਮ ਘੇੜਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਇਲਾਕੇ ਦੀਆਂ ਸੰਗਤਾਂ ਹਾਜਰ ਸਨ।


SKY TRANSPORT SOLUTIONS

STRIVE FOR MORE




ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

### ਲੇਖਿਕਾ ਕੈਰੋਲ ਨਾਲ ਜਬਰਜਨਾਹ ਦਾ ਮਾਮਲਾ

# ਸੰਘੀ ਅਦਾਲਤ ਵੱਲੋਂ ਡੋਨਾਲਡ ਟਰੰਪ ਦੁਆਰਾ ਕੀਤੀ ਨਵੇਂ ਸਿਰੇ ਤੋਂ ਸੁਣਵਾਈ ਦੀ ਅਪੀਲ ਰੱਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਇਕ ਸੰਘੀ ਅਪੀਲ ਅਦਾਲਤ ਨੇ ਇਕ ਜਿਊਰੀ ਵੱਲੋਂ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਲੇਖਿਕਾ ਈ ਜੀਨ ਕੈਰੋਲ ਨਾਲ ਜਬਰਜਨਾਹ ਕਰਨ ਦੇ ਮਾਮਲੇ ਵਿਚ ਦੋਸ਼ੀ ਕਰਾਰ ਦੇਣ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਹੈ ਤੇ ਮਾਮਲੇ ਦੀ ਨਵੇਂ ਸਿਰੇ ਤੋਂ ਸੁਣਵਾਈ ਦੀ ਉਸ ਦੁਆਰਾ ਕੀਤੀ ਗਈ ਬੇਨਤੀ ਰੱਦ ਕਰ ਦਿੱਤੀ ਹੈ। ਟਰੰਪ ਨੇ ਇਸ ਮਾਮਲੇ ਵਿਚ ਜਿਊਰੀ ਦੁਆਰਾ 50 ਲੱਖ ਡਾਲਰ ਮੁਆਵਜ਼ਾ ਦੇਣ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ। ਟਰੰਪ ਨੇ ਆਪਣੀ ਬੇਨਤੀ ਵਿਚ ਕਿਹਾ ਸੀ ਕਿ ਹੇਠਲੀ ਅਦਾਲਤ ਨੇ ਦੋ ਹੋਰ ਔਰਤਾਂ ਨੂੰ ਮਾਮਲੇ ਵਿਚ ਗਵਾਹੀ ਦੀ ਇਜਾਜ਼ਤ ਦੇਣ ਸਮੇਤ ਹੋਰ ਕਈ ਗਲਤੀਆਂ ਕੀਤੀਆਂ ਹਨ। ਇਨਾਂ ਔਰਤਾਂ ਨੇ ਵੀ ਦਾਅਵਾ ਕੀਤੀ ਸੀ ਕਿ ਟਰੰਪ ਵੱਲੋਂ ਉਨਾਂ ਨਾਲ ਵੀ ਸਰੀਰਕ ਸੋਸ਼ਣ ਕੀਤਾ ਗਿਆ ਹੈ। ਅਪੀਲ ਅਦਾਲਤ ਨੇ ਆਪਣੇ ਨਿਰਨੇ ਵਿਚ ਕਿਹਾ ਹੈ ਕਿ ਅਦਾਲਤ ਨੇ ਸਬੂਤਾਂ ਬਾਰੇ ਨਿਰਨਾ ਦੇਣ ਸਮੇ ਮੰਦਭਾਵਨਾ ਨਹੀਂ ਵਿਖਾਈ ਤੇ ਜੇਕਰ ਉਸ ਨੇ ਕੋਈ ਗਲਤੀ ਕੀਤੀ ਵੀ ਹੈ ਤਾਂ ਉਸ ਨਾਲ ਕੈਰੋਲ ਦੇ ਪੱਖ ਨੂੰ ਮਜਬੂਤੀ ਮਿਲੀ ਹੈ। ਉਹ ਇਸ ਗੱਲ ਨਾਲ ਸਹਿਮਤ ਨਹੀਂ ਹੈ ਕਿ ਟਰੰਪ ਦੇ ਅਧਿਕਾਰ ਪ੍ਰਭਾਵਿਤ ਹੋਏ ਹਨ ਤੇ ਨਵੇਂ ਸਿਰੇ ਤੋਂ ਸੁਣਵਾਈ ਦੀ ਲੋੜ ਹੈ। ਕੈਰੋਲ ਤੇ ਉਸ ਦੇ ਵਕੀਲ ਰਾਬਰਟਾ ਕਪਲਾਨ ਨੇ ਅਦਾਲਤ ਦੇ ਫੈਸਲੇ ਦਾ ਸਵਾਗਤ ਤੇ ਧੰਨਵਾਦ ਕੀਤਾ ਹੈ। ਇਕ ਹੋਰ ਜਿਊਰੀ ਨੇ ਟਰੰਪ ਨੂੰ 833 ਲੱਖ ਡਾਲਰ ਮੁਆਵਜ਼ੇ ਵਜੋਂ ਦੇਣ ਦਾ ਆਦੇਸ਼ ਦਿੱਤਾ ਸੀ ਜਿਸ ਫੈਸਲੇ ਵਿਰੁੱਧ ਵੀ ਟਰੰਪ ਨੇ ਅਪੀਲ ਕੀਤੀ ਹੋਈ ਹੈ। ਇਸ ਜਿਊਰੀ ਨੇ ਆਪਣੇ ਫੈਸਲੇ ਵਿਚ ਕਿਹਾ ਸੀ ਕਿ ਟਰੰਪ ਨੇ ਜਬਰਜਨਾਹ ਦੇ ਦੋਸ਼ਾਂ ਤੋਂ ਇਨਕਾਰ ਕਰਕੇ ਕੈਰੋਲ ਦੀ ਹੱਤਕ ਕੀਤੀ ਹੈ। ਕੈਰੋਲ ਨੇ ਦੋਸ਼ ਲਾਇਆ ਸੀ ਕਿ ਸਾਬਕਾ ਰਾਸ਼ਟਰਪਤੀ ਨੇ ਉਸ ਨਾਲ ਬਰਗਡੋਰਫ ਗੁੱਡਮੈਨ ਡਿਪਾਰਟਮੈਂਟ ਸਟੋਰ ਵਿਚ ਜਬਰਜਨਾਹ ਕੀਤਾ ਸੀ ਤੇ ਉਸ ਨੇ ਮੇਰੇ ਇਸ ਦਾਅਵੇ ਤੋਂ ਇਨਕਾਰ ਕਰਕੇ ਮੇਰੀ ਹੱਤਕ ਕੀਤੀ ਹੈ। ਟਰੰਪ ਨੇ ਕਿਹਾ ਸੀ ਕਿ ਕੈਰੋਲ ਨੇ ਆਪਣੀ ਕਿਤਾਬ ਦੀ ਵਿਕਰੀ ਵਧਾਉਣ ਦੇ ਮਕਸਦ ਨਾਲ ਜਬਰਜਨਾਹ ਦੀ ਕਹਾਣੀ ਘੜੀ ਹੈ।





ਟਰੰਪ ਦੇ ਬੁਲਾਰੇ ਤੇ ਵਾਈਟ ਹਾਊਸ ਦੇ ਅਗਲੇ ਕਮਿਊਨੀਕੇਸ਼ਨ ਡਾਇਰੈਕਟਰ ਸਟੀਵਨ ਚੀਊਂਗ ਨੇ ਫੈਸਲੇ ਉਪਰੰਤ ਕਿਹਾ ਹੈ ਕਿ ਹੋਰ ਅਪੀਲ ਕੀਤੀ ਜਾਵੇਗੀ। ਚੀਊਂਗ ਨੇ ਕਿਹਾ ਹੈ ਕਿ ਅਮਰੀਕੀ ਲੋਕਾਂ ਨੇ ਭਾਰੀ ਬਹੁਮਤ ਨਾਲ ਟਰੰਪ ਨੂੰ ਮੁੜ ਰਾਸ਼ਟਰਪਤੀ ਚੁਣਿਆ ਹੈ। ਉਹ ਮੰਗ ਕਰਦੇ ਹਨ ਕਿ ਸਾਡੀ ਨਿਆਂ ਪ੍ਰਣਾਲੀ ਦੀ ਰਾਜਸੀ ਹਥਿਆਰ ਵਜੋਂ ਵਰਤੋਂ ਤੁਰੰਤ ਬੰਦ ਕੀਤੀ ਜਾਵੇ।

# ਅਦਾਲਤ ਨੇ ਪਰਦੇ ਪਿੱਛੇ ਅਦਾਇਗੀ ਦੇ ਮਾਮਲੇ ਵਿਚ ਟਰੰਪ ਨੂੰ ਦੋਸ਼ੀ ਠਹਿਰਾਉਣ ਦੇ ਫੈਸਲੇ ਨੂੰ ਰਖਿਆ ਬਹਾਲ, ਸਜ਼ਾ 10 ਜਨਵਰੀ ਨੂੰ ਸੁਣਾਈ ਜਾਵੇਗੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਨਿਊ ਯਾਰਕ ਦੀ ਇਕ ਅਦਾਲਤ ਨੇ ਪਿਛਲੇ ਸਾਲ 30 ਮਈ ਨੂੰ 2016 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਪੋਰਨ ਸਟਾਰ ਸਟੌਰਮੀ ਡੈਨੀਅਲ ਨੂੰ ਪਰਦੇ ਪਿੱਛੇ ਕੀਤੀ ਅਦਾਇਗੀ ਨੂੰ ਛੁਪਾਉਣ ਲਈ ਬਣਾਏ ਫਰਜੀ ਕਾਰੋਬਾਰੀ ਲੇਖੇ-ਜੋਖੇ ਦੇ ਮਾਮਲੇ ਵਿਚ ਡੋਨਾਲਡ ਟਰੰਪ ਨੂੰ ਦੋਸ਼ੀ ਕਰਾਰ ਦੇਣ ਦੇ ਫੈਸਲੇ ਨੂੰ ਬਹਾਲ ਰਖਿਆ ਹੈ। ਜੱਜ ਨੇ ਕਿਹਾ ਹੈ ਕਿ ਸਜ਼ਾ 10 ਜਨਵਰੀ ਨੂੰ ਸੁਣਾਈ ਜਾਵੇਗੀ ਪਰੰਤੂ ਉਨਾਂ ਨੂੰ ਜੇਲ ਨਹੀਂ ਜਾਣਾ ਪਵੇਗਾ ਤੇ ਨਾ ਹੀ ਕੋਈ ਪਰਖ ਸਮਾਂ ਤੈਅ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਟਰੰਪ ਵੱਲੋਂ ਚੋਣਾਂ ਤੱਕ ਸਜ਼ਾ ਸੁਣਾਏ ਜਾਣ ਨੂੰ ਅੱਗੇ ਪਾਉਣ ਦੀ ਕੀਤੀ ਬੇਨਤੀ 'ਤੇ ਜੱਜ ਜੁਆਨ ਮਰਚਨ ਨੇ ਸਹਿਮਤੀ ਪ੍ਰਗਟਾਈ ਸੀ। ਜੱਜ ਨੇ ਕਿਹਾ ਕਿ 20 ਜਨਵਰੀ ਨੂੰ ਅਹੁੱਦਾ ਸੰਭਾਲਣ ਤੋਂ ਪਹਿਲਾਂ ਟਰੰਪ ਨੂੰ ਸਜ਼ਾ ਸੁਣਾਏ ਜਾਣ ਦੇ ਅਮਲ ਨੂੰ ਰੋਕਣ ਦਾ ਕੋਈ ਕਾਨੂੰਨੀ ਕਾਰਨ ਮੌਜੂਦ ਨਹੀਂ ਹੈ। 20 ਜਨਵਰੀ, 2025 ਤੋਂ ਪਹਿਲਾਂ ਮਾਮਲੇ ਨੂੰ ਨਿਪਟਾਉਣਾ ਇਸ ਅਦਾਲਤ ਉਪਰ ਨਿਰਭਰ ਕਰਦਾ ਹੈ। ਜੱਜ ਨੇ ਆਪਣੇ ਫੈਸਲੇ ਵਿਚ ਹੋਰ ਕਿਹਾ ਕਿ ਬਿਨਾਂ ਸ਼ਰਤ ਮਾਮਲੇ ਦਾ ਨਿਬੇੜਾ ਸਭ ਤੋਂ ਵਧ ਯੋਗ ਹੱਲ ਹੈ। ਨਿਊ ਯਾਰਕ ਦੇ ਕਾਨੂੰਨ ਅਨੁਸਾਰ ਇਸ ਦਾ ਅਰਥ ਹੈ ਕੈਦ, ਜੁਰਮਾਨੇ ਜਾਂ ਪਰਖ ਸਮੇ ਤੋਂ ਬਿਨਾਂ ਸਜ਼ਾ ਸੁਣਾਉਣੀ। ਦੂਸਰੇ ਪਾਸੇ ਟਰੰਪ ਦੇ ਬੁਲਾਰੇ ਸਟੀਵਨ ਚੇਉਂਗ ਨੇ ਜੱਜ ਦੇ ਫੈਸਲੇ ਨੂੰ ਸੁਪਰੀਮ ਕੋਰਟ ਵੱਲੋਂ ਦਿੱਤੇ ਉਸ ਫੈਸਲੇ ਦੀ ਸਿੱਧੀ ਉਲੰਘਣਾ ਕਰਾਰ ਦਿੱਤਾ ਹੈ ਜਿਸ ਵਿਚ ਸਰਬ ਉੱਚ ਅਦਾਲਤ ਨੇ ਸਪੱਸ਼ਟ ਕੀਤਾ ਸੀ ਕਿ ਆਪਣੇ ਕਾਰਜਕਾਲ ਦੌਰਾਨ ਸਰਕਾਰੀ ਡਿਊਟੀ ਨਾਲ ਸਬੰਧਿਤ ਅਪਰਾਧਕ ਦੋਸ਼ਾਂ ਤੋਂ ਸਾਬਕਾ ਰਾਸ਼ਟਰਪਤੀ ਮੁੱਕਤ ਹਨ। ਮੈਨਹਟਨ ਡਿਸਟ੍ਰਿਕਟ ਅਟਾਰਨੀ ਐਲਵਿਨ ਬਰਾਗ ਨੇ ਕਿਹਾ ਹੈ ਕਿ ਟਰੰਪ ਦੁਆਰਾ ਆਪਣੇ ਵਕੀਲ ਮਾਈਕਲ ਕੋਹੇਨ ਰਾਹੀਂ ਡੈਨੀਅਲ ਨੂੰ ਕੀਤੀ ਗਈ ਅਦਾਇਗੀ ਰਾਸ਼ਟਰਪਤੀ ਦੇ ਸਰਕਾਰੀ ਕੰਮਕਾਜ਼ ਦੇ ਖੇਤਰ ਵਿਚ ਨਹੀਂ ਆਉਂਦੀ।



# ਭਾਰਤੀ- ਅਮਰੀਕੀ ਸੁਹਾਸ ਸੁਬਰਾਮਨੀਅਮ ਨੇ ਸੰਸਦ ਮੈਂਬਰ ਵਜੋਂ ਸਹੁੰ ਚੁੱਕੀ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਭਾਰਤੀ ਅਮਰੀਕੀ ਸੁਹਾਸ ਸੁਬਰਾਮਨੀਅਮ ਜੋ ਨਵੰਬਰ 2024 ਵਿਚ ਹੋਈਆਂ ਚੋਣਾਂ ਦੌਰਾਨ ਅਮਰੀਕੀ ਪ੍ਰਤੀਨਿੱਧ ਸਦਨ ਲਈ ਚੁਣੇ ਗਏ ਸਨ, ਨੇ ਸੰਸਦ ਮੈਂਬਰ ਵਜੋਂ ਸਹੁੰ ਚੁੱਕੀ। ਇਸ ਮੌਕੇ ਉਨਾਂ ਦੀ ਮਾਂ ਵੀ ਹਾਜਰ ਸੀ ਜੋ ਸਹੁੰ ਚੁੱਕ ਸਮਾਗਮ ਵਿਚ ਸ਼ਾਮਿਲ ਹੋਣ ਲਈ ਵਿਸ਼ੇਸ਼ ਤੌਰ 'ਤੇ ਭਾਰਤ ਤੋਂ ਅਮਰੀਕਾ ਗਈ ਸੀ। ਸੁਬਰਾਮਨੀਅਮ ਨੇ ਭਗਵਤ ਗੀਤਾ ਉਪਰ ਹੱਥ ਰੱਖ ਕੇ ਕਾਂਗਰਸ ਮੈਂਬਰ ਵਜੋਂ ਸਹੁੰ ਚੁੱਕੀ। ਸੁਬਰਾਮਨੀਅਮ ਵਰਜੀਨੀਆ ਦੇ 10 ਵੇਂ ਡਿਸਟ੍ਰਿਕਟ ਤੋਂ ਚੋਣ ਜਿੱਤੇ ਹਨ। ਉਹ ਪਹਿਲੇ ਭਾਰਤੀ-ਅਮਰੀਕੀ ਤੇ ਦੱਖਣ ਏਸ਼ੀਆਈ ਹਨ ਜਿਸ ਨੇ ਵਰਜੀਨੀਆ ਤੋਂ ਚੋਣ ਜਿੱਤ ਕੇ ਇਤਿਹਾਸ ਰਚਿਆ ਹੈ। ਇਸ ਤੋਂ ਪਹਿਲਾਂ ਸੁਬਰਾਮਨੀਅਮ ਸਾਬਕਾ ਰਾਸ਼ਟਰਪਤੀ ਬਰਾਕ ਬਾਮਾ ਦੇ ਨੀਤੀ ਸਲਾਹਕਾਰ ਵਜੋਂ ਕੰਮ ਕਰ ਚੁੱਕੇ ਹਨ। 2019 ਵਿਚ ਉਹ ਵਰਜੀਨੀਆ ਜਨਰਲ ਅਸੰਬਲੀ ਲਈ ਚੁਣੇ ਗਏ ਸਨ। ਉਨਾਂ ਨੇ ਗੰਨ ਹਿੰਸਾ ਨੂੰ ਰੋਕਣ ਤੇ ਵਿਦਿਆਰਥੀਆਂ ਲਈ ਮਿਆਰੀ ਸਿੱਖਿਆ ਨੂੰ ਯਕੀਨੀ ਬਣਾਉਣ ਵਿਚ ਵਰਣਨਯੋਗ ਹਿੱਸਾ ਪਾਇਆ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

ਦੇਸ਼ ਦੁਆਬਾ

# ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ ਕੌਮ ਨੂੰ ਵਿਸ਼ੇਸ ਸੰਦੇਸ਼

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ।

ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ 'ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿ-ਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ' ਬਣਾ ਕੇ ਦਿੰਦੇ ਸੀ। ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ। ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਂਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾ-ਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**– ਬਾਬੂ ਮੰਗੂ ਰਾਮ ਮੁੱਗੋਵਾਲੀਆ,**
**ਪ੍ਰਧਾਨ ਆਦਿ ਧਰਮ ਮੰਡਲ ਪੰਜਾਬ**

# ਇਤਿਹਾਸਿਕ ਸਥਾਨ ਅੰਬੇਡਕਰ ਭਵਨ ਵਿਖੇ ਮਾਤਾ ਸਵਿਤਰੀ ਬਾਈ ਫੂਲੇ ਦਾ ਜਨਮ ਦਿਨ ਮਨਾਇਆ

## ਅੰਬੇਡਕਰੀ ਅੰਦੋਲਨ ਵਿੱਚ ਔਰਤਾਂ ਦਾ ਯੋਗਦਾਨ ਅਤੀ ਅਹਿਮ - ਡਾ. ਸਾਵਰਕਰ














**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਵੱਲੋਂ ਅੰਬੇਡਕਰ ਭਵਨ ਟਰੱਸਟ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ, ਪੰਜਾਬ ਯੂਨਿਟ ਦੇ ਸਹਿਯੋਗ ਨਾਲ ਅੰਬੇਡਕਰ ਭਵਨ ਦੇ ਰਮਾ ਬਾਈ ਅੰਬੇਡਕਰ ਯਾਦਗਾਰ ਹਾਲ ਵਿਖੇ 'ਅੰਬੇਡਕਰੀ ਅੰਦੋਲਨ ਵਿੱਚ ਔਰਤਾਂ ਦਾ ਯੋਗਦਾਨ' ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ ਕਰਕੇ ਭਾਰਤ ਦੀ ਪਹਿਲੀ ਮਹਿਲਾ ਅਧਿਆਪਕ ਮਾਤਾ ਸਵਿਤਰੀ ਬਾਈ ਫੂਲੇ ਦਾ ਜਨਮ ਦਿਨ ਮਨਾਇਆ ਗਿਆ। ਇਸ ਸੈਮੀਨਾਰ ਵਿੱਚ ਮਹਾਰਾਸ਼ਟਰ ਦੀ ਡਾ. ਬੀ. ਆਰ. ਅੰਬੇਡਕਰ ਮਰਾਠਵਾੜਾ ਯੂਨੀਵਰਸਿਟੀ ਔਰੰਗਾਬਾਦ ਦੇ ਇਤਿਹਾਸ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਡਾ. ਸੁਨੀਤਾ ਸਾਵਰਕਰ ਮੁੱਖ ਬੁਲਾਰੇ ਵਜੋਂ ਸ਼ਾਮਿਲ ਹੋਏ ਅਤੇ ਉਹਨਾਂ ਨੇ 'ਅੰਬੇਡਕਰੀ ਅੰਦੋਲਨ ਵਿੱਚ ਔਰਤਾਂ ਦਾ ਯੋਗਦਾਨ' ਵਿਸ਼ੇ ਤੇ ਵਿਦਵਤਾ ਨਾਲ, ਜਾਣਕਾਰੀ ਭਰਪੂਰ ਭਾਸ਼ਣ ਦਿੱਤਾ। ਡਾ. ਸਾਵਰਕਰ ਨੇ ਭਾਰਤ ਦੇ ਸਮਾਜਿਕ ਅੰਦੋਲਨ ਵਿੱਚ ਦਲਿਤ ਔਰਤਾਂ ਦੀ ਭੂਮਿਕਾ ਨੂੰ ਤਥਾਗਤ ਬੁੱਧ ਦੀ ਸ਼੍ਰਮਣ ਸੰਸਕ੍ਰਿਤੀ ਨਾਲ ਜੋੜਦਿਆਂ ਇਤਿਹਾਸਿਕ ਕ੍ਰਮ ਅਨੁਸਾਰ ਮੱਧਕਾਲ ਤੋਂ ਲੈ ਕੇ ਬਰਤਾਨਵੀ ਰਾਜ ਦੌਰਾਨ ਮਹਾਰਾਸ਼ਟਰ ਦੀਆਂ ਚਮਾਰ, ਮਹਾਰ, ਢੋਰ, ਅਤੇ ਮਾਤੰਗ ਜਾਤੀ ਦੀਆਂ ਔਰਤਾਂ ਵਿੱਚ ਆਈ ਚੇਤਨਤਾ ਦਾ ਇਤਿਹਾਸਿਕ ਚਿੱਤਰ ਪ੍ਰਸਤੁਤ ਕੀਤਾ। ਉਹਨਾਂ ਨੇ ਕਿਹਾ 19ਵੀਂ ਸਦੀ ਵਿੱਚ ਮਾਤਾ ਸਵਿਤਰੀ ਬਾਈ ਫੂਲੇ ਅਤੇ ਫਾਤਿਮਾ ਸ਼ੇਖ ਦੁਆਰਾ ਨਿਭਾਏ ਰੋਲ ਨੇ ਦਲਿਤ ਔਰਤਾਂ ਨੂੰ ਸੰਗਠਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। 20ਵੀਂ ਸਦੀ ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਦੇ ਅਣਥੱਕ ਯਤਨਾਂ ਦੁਆਰਾ ਔਰਤਾਂ ਸਮਾਜਿਕ ਪਾਬੰਦੀਆਂ ਤੋੜ ਕੇ ਹੱਕਾਂ ਦੀ ਪ੍ਰਾਪਤੀ ਲਈ ਆਯੋਜਿਤ ਕੀਤੀਆਂ ਜਾਣ ਵਾਲੀਆਂ ਕਾਨਫਰੰਸਾਂ ਵਿੱਚ ਆਉਣੀਆਂ ਸ਼ੁਰੂ ਹੋਈਆਂ।

ਡਾ. ਸਾਵਰਕਰ ਨੇ ਕਿਹਾ ਕਿ 1920 ਵਿੱਚ ਪਹਿਲੀ ਵਾਰੀ ਇੱਕ ਸਮਾਗਮ ਵਿੱਚ ਦੋ ਲੜਕੀਆਂ ਨੇ ਡਾ. ਅੰਬੇਡਕਰ ਦੇ ਸਨਮਾਨ ਵਿੱਚ ਇੱਕ ਸਵਾਗਤੀ ਗੀਤ ਪ੍ਰਸਤੁਤ ਕੀਤਾ, ਜਿਸ ਵਿੱਚ ਬਾਬਾ ਸਾਹਿਬ ਦੁਆਰਾ ਦਲਿਤ ਅਧਿਕਾਰਾਂ ਦੀ ਪ੍ਰਾਪਤੀ ਲਈ ਕੀਤੇ ਜਾ ਰਹੇ ਸੰਘਰਸ਼ਾਂ ਦੀ ਪ੍ਰਸ਼ੰਸਾ ਕੀਤੀ ਗਈ। 1928 ਵਿੱਚ ਨਿਰੋਲ ਔਰਤਾਂ ਦੀ ਹੋਈ ਪਹਿਲੀ ਵਿਸ਼ਾਲ ਕਾਨਫਰੰਸ ਵਿੱਚ ਬਾਬਾ ਸਾਹਿਬ ਦਾ ਜਨਮ ਦਿਨ ਵੱਡੇ ਪੱਧਰ ਤੇ ਮਨਾਉਣ ਲਈ ਇਸਤਰੀ ਮੰਡਲਾਂ ਦੀ ਸਥਾਪਨਾ ਹੋਈ ਅਤੇ ਉਸ ਉਪਰੰਤ ਮਹਾਰਾਸ਼ਟਰ ਦੇ ਅੰਬੇਡਕਰੀ ਅੰਦੋਲਨ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਔਰਤਾਂ ਸੰਘਰਸ਼ਸ਼ੀਲ ਰਹੀਆਂ। ਦਲਿਤ ਔਰਤ ਲੇਖਕਾਂ ਵੱਲੋਂ ਸਮਾਜਿਕ ਚੇਤਨਾ, ਸਮਤਾ, ਸੁਤੰਤਰਤਾ ਅਤੇ ਭਾਈਚਾਰਕ ਏਕਤਾ ਪੈਦਾ ਕਰਨ ਲਈ ਤਥਾਗਤ ਬੁੱਧ ਦੀ ਵਿਚਾਰਧ-ਾਰਾ ਤੇ ਅਧਾਰਤ ਰਚਨਾ ਲਿਖੀਆਂ ਜਾਣ ਲੱਗੀਆਂ ਜੋ ਭਾਰਤ ਦੀ ਆਜ਼ਾਦੀ ਉਪਰੰਤ ਵਰਤਮਾਨ ਸਮੇਂ ਤੱਕ ਜਾਰੀ ਹਨ। ਉਨ੍ਹਾਂ ਨੇ ਔਰਤਾਂ ਦੇ ਇਸ ਸਮਾਜਿਕ ਚੇਤਨਾ ਲਈ ਕੀਤੇ ਗਏ ਯਤਨਾਂ ਨੂੰ ਕਲਮਬੰਦ ਕਰਨ ਲਈ ਆਪਣੇ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦਾ ਜ਼ਿਕਰ ਵੀ ਕੀਤਾ। ਯਾਦ ਰਹੇ ਕਿ ਡਾ. ਸਾਵਰਕਰ ਦੀਆਂ ਇਸ ਸੰਦਰਭ ਵਿੱਚ ਮਰਾਠੀ ਭਾਸ਼ਾ ਵਿੱਚ ਤਿੰਨ ਖੋਜ ਭਰਪੂਰ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਨ੍ਹਾਂ ਨੇ ਸੈਮੀਨਾਰ ਵਿੱਚ ਸ਼ਾਮਿਲ ਲੇਖਕਾਂ ਨੂੰ ਪ੍ਰੇਰਤ ਕੀਤਾ ਕਿ ਪੰਜਾਬ ਦੇ ਸਮਾਜਿਕ ਅੰਦੋਲਨਾਂ ਵਿੱਚ ਔਰਤਾਂ ਦੇ ਯੋਗਦਾਨ ਦੀ ਇਤਿਹਾਸਕਾਰੀ ਨੂੰ ਕਲਮਬੰਦ ਕਰਨ ਲਈ ਵੀ ਵਿਸ਼ੇਸ਼ ਯਤਨ ਕਰਨੇ ਚਾਹੀਦੇ ਹਨ। ਅੰਬੇਡਕਰ ਭਵਨ ਟਰੱਸਟ ਦੇ ਜਨਰਲ ਸਕੱਤਰ ਡਾ. ਜੀ. ਸੀ. ਕੌਲ ਨੇ ਸਰੋਤਿਆਂ ਦਾ ਸਵਾਗਤ ਕਰਦਿਆਂ ਅਤੇ ਮੁੱਖ ਮਹਿਮਾਨ ਡਾ. ਸੁਨੀਤਾ ਸਾਵਰਕਰ ਦੀ ਜਾਣ ਪਹਿਚਾਣ ਕਰਾਉਂਦਿਆਂ ਕਿਹਾ ਕਿ 1964 ਦੇ ਰੀਪਬਲਿਕਨ ਪਾਰਟੀ ਆਫ ਇੰਡੀਆ (ਆਰ.ਪੀ.ਆਈ.) ਦੇ ਸਰਬ ਭਾਰਤੀ ਮੋਰਚੇ ਵਿੱਚ ਪੰਜਾਬ ਭਰ ਤੋਂ ਵੱਡੀ ਗਿਣਤੀ ਵਿੱਚ ਔਰਤਾਂ ਨੇ ਅੰਬੇਡਕਰੀ ਅੰਦੋਲਨ ਵਿੱਚ ਯੋਗਦਾਨ ਪਾਇਆ। ਇਨ੍ਹਾਂ ਵਿੱਚੋਂ ਖਾਸ ਕਰਕੇ ਬੀਬੀ ਮਲਾਵੀ ਦੇਵੀ, ਬੀਬੀ ਬੰਤੀ, (ਆਫ ਤਾਜਪੁਰ), ਬੀਬੀ ਰਾਓ ਪਤਨੀ ਸੇਠ ਮੇਲਾ ਰਾਮ 'ਰਿਖੀ', ਬੀਬੀ ਪ੍ਰਕਾਸ਼ ਕੌਰ, ਬੀਬੀ ਦਰਸ਼ੋ, ਬੀਬੀ ਜੈ ਕੌਰ, ਬੀਬੀ ਅਜੀਤ ਬਾਲੀ, ਬੀਬੀ ਭੋਲੀ, ਬੀਬੀ ਸਵਰਨੀ ਅਤੇ ਬੀਬੀ ਪ੍ਰਕਾਸ਼ੋ ਪਤਨੀ ਸ਼ਹੀਦ ਰਾਮ ਪ੍ਰਕਾਸ਼ ਦੇ ਨਾਮ ਵਰਨਣ ਯੋਗ ਹਨ। ਅੰਬੇਡਕਰ ਮਿਸ਼ਨ ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਨੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.), ਅੰਬੇਡਕਰ ਭਵਨ ਟਰੱਸਟ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ ਵੱਲੋਂ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੰਬੇਡਕਰ ਭਵਨ ਟਰੱਸਟ ਕਈ ਅੜਚਨਾਂ ਦੇ ਬਾਬਜੂਦ ਪਿੱਛਲੇ 50 ਸਾਲ ਦੇ ਵੱਧ ਸਮੇਂ ਤੋਂ ਨਿਰੋਲ ਅੰਬੇਡਕਰ ਮਿਸ਼ਨ ਦਾ ਪ੍ਰਚਾਰ-ਪ੍ਰਸਾਰ ਕਰ ਰਿਹਾ ਹੈ ਅਤੇ ਭਵਿੱਖ 'ਚ ਵੀ ਕਰਦਾ ਰਹੇਗਾ। ਸਟੇਜ ਸੰਚਾਲਨ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਬਾਖੂਬੀ ਕੀਤਾ।

ਇਸ ਮੌਕੇ ਸਰਵਸ਼੍ਰੀ ਪਰਮਿੰਦਰ ਸਿੰਘ ਖੁੱਤਣ, ਜਸਵਿੰਦਰ ਵਰਿਆਣਾ, ਤਿਲਕ ਰਾਜ, ਪ੍ਰੋ. ਬਲਬੀਰ, ਸੋਹਨ ਲਾਲ ਸਾਬਕਾ ਡੀ.ਪੀ.ਆਈ. (ਕਾਲਜਾਂ), ਡਾ. ਮਹਿੰਦਰ ਸੰਧੂ, ਐਡਵੋਕੇਟ ਹਰਭਜਨ ਸਾਂਪਲਾ, ਐਡਵੋਕੇਟ ਕੁਲਦੀਪ ਭੱਟੀ, ਸੰਨੀ ਥਾਪਰ, ਜੋਤੀ ਪ੍ਰਕਾਸ਼, ਨਿਰਮਲ ਬਿੰਜੀ, ਡਾ. ਆਰ.ਐਲ. ਜੱਸੀ ਸਾਬਕਾ ਏ.ਡੀ.ਜੀ.ਪੀ. (ਜੰਮੂ-ਕਸ਼ਮੀਰ), ਮਦਨ ਲਾਲ, ਤਰਸੇਮ ਜਲੰਧਰੀ, ਪ੍ਰੋ. ਅਸ਼ਵਨੀ ਜੱਸਲ, ਓਮ ਪ੍ਰਕਾਸ਼, ਪ੍ਰਿੰਸੀਪਲ ਪਰਮਜੀਤ ਜੱਸਲ, ਬਲਦੇਵ ਜੱਸਲ, ਹਰੀ ਸਿੰਘ ਥਿੰਦ, ਮਲਕੀਤ ਸਿੰਘ, ਮਾਸਟਰ ਜੀਤ ਰਾਮ, ਬਰਜੇਸ਼ ਕੁਮਾਰ, ਰਾਜੇਸ਼ ਵਿਰਦੀ, ਗੁਰਦੇਵ ਖੋਖਰ, ਹਰੀ ਰਾਮ ਓਐਸਡੀ, ਸ਼ਾਮ ਲਾਲ ਜੱਸਲ, ਗੌਤਮ ਬੌਧ, ਕਵਿਤਾ ਢੰਡੇ, ਗੁਰਦਿਆਲ ਜੱਸਲ ਅਤੇ ਹਰਭਜਨ ਨਿਮਤਾ ਆਦਿ ਹਾਜ਼ਰ ਸਨ।

Read more :-
https://www.ambedkartimes.com/



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਮਰੀਕਾ ਵਿਚ ਦਾਖਲ ਹੋਏ ਗੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਵਿੱਚ ਆਈ ਤੇਜੀ

## 2647 ਭਾਰਤੀ ਹਿਰਾਸਤ ਵਿਚ ਲਏ ਤੇ 17 ਹਜਾਰ ਤੋਂ ਵਧ ਭਾਰਤੀਆਂ ਨੂੰ ਵਾਪਿਸ ਭੇਜਣ ਦੀ ਤਿਆਰੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ ਸੀ ਈ) ਦੀ ਵਿੱਤੀ ਸਾਲ 2024 ਦੀ ਸਾਲਾਨਾ ਰਿਪੋਰਟ ਅਨੁਸਾਰ ਅਮਰੀਕਾ ਵਿਚ ਗੈਰ ਕਾਨੂੰਨੀ ਢੰਗ-ਤਰੀਕੇ ਨਾਲ ਦਾਖਲ ਹੋਣ ਵਾਲੇ ਭਾਰਤੀਆਂ ਸਮੇਤ ਹੋਰ ਪ੍ਰਵਾਸੀਆਂ ਵਿਰੁੱਧ ਕਾਰਵਾਈ ਵਿਚ ਤੇਜੀ ਆਈ ਹੈ।

ਆਈ ਸੀ ਆਈ ਅਨੁਸਾਰ ਹਾਲ ਹੀ ਵਿਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਏ ਗ੍ਰਿਫਤਾਰ ਪ੍ਰਵਾਸੀਆਂ ਵਿਚ 2647 ਭਾਰਤੀ ਹਨ। ਸਭ ਤੋਂ ਵਧ ਗ੍ਰਿਫਤਾਰ ਪ੍ਰਵਾਸੀ ਮੈਕਸੀਕੋ ਦੇ ਹਨ। ਇਸ ਤੋਂ ਬਾਅਦ ਦੂਜੇ ਤੇ ਤੀਜੇ ਸਥਾਨ 'ਤੇ ਹੌਂਡਰਸ ਤੇ ਗੁਆਟੇਮਾਲਾ ਹਨ। ਚੌਥਾ ਸਥਾਨ ਭਾਰਤ ਦਾ ਹੈ। 17940 ਭਾਰਤੀ ਨਾਗਰਿਕ ਹਾਲਾਂ ਕਿ ਆਈ ਸੀ ਈ ਦੀ ਹਿਰਾਸਤ ਵਿਚ ਨਹੀਂ ਹਨ ਪਰੰਤੂ ਉਨਾਂ ਦੇ ਦੇਸ਼ ਨਿਕਾਲੇ ਸਬੰਧੀ ਪ੍ਰਕ੍ਰਿਆ ਨੂੰ ਅੰਤਿਮ ਛੂਹ ਦਿੱਤੀ ਜਾ ਰਹੀ ਹੈ ਜਿਸ ਉਪਰੰਤ ਉਨਾਂ ਨੂੰ ਵਾਪਿਸ ਭਾਰਤ ਭੇਜ ਦਿੱਤਾ ਜਾਵੇਗਾ।

ਵਾਪਿਸ ਭੇਜੇ ਭਾਰਤੀਆਂ ਦੀ ਗਿਣਤੀ ਵਿਚ ਵਰਨਣਯੋਗ ਵਾਧਾ ਹੋਇਆ ਹੈ। ਵਿੱਤੀ ਸਾਲ 2024 ਦੌਰਾਨ ਕੁਲ 1529 ਭਾਰਤੀਆਂ ਨੂੰ ਵਾਪਿਸ ਭੇਜਿਆ ਗਿਆ ਹੈ ਜਦ ਕਿ ਵਿੱਤੀ ਸਾਲ 2021 ਵਿਚ ਇਹ ਗਿਣਤੀ 292 ਸੀ। ਆਈ ਸੀ ਆਈ ਅਨੁਸਾਰ ਇਸ ਵਿੱਤੀ ਸਾਲ ਦੌਰਾਨ ਸਾਰੇ ਦੇਸ਼ਾਂ ਦੇ ਕੁਲ 2,71,484 ਨਾਗਰਿਕਾਂ ਨੂੰ ਵਾਪਿਸ ਉਨਾਂ ਦੇ ਦੇਸ਼ ਭੇਜਿਆ ਜਾ ਚੁੱਕਾ ਹੈ ਜਦ ਕਿ 2021 ਵਿਚ ਵਾਪਿਸ ਭੇਜੇ ਪ੍ਰਵਾਸੀਆਂ ਦੀ ਗਿਣਤੀ 59011 ਸੀ।

ਇਸ ਤੋਂ ਪਹਿਲਾਂ ਯੂ ਐਸ ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ ਨੇ ਇਕ ਰਿਪੋਰਟ ਵਿਚ ਕਿਹਾ ਸੀ ਕਿ ਫਰਵਰੀ 2019 ਤੋਂ ਮਾਰਚ 2023 ਦਰਮਿਆਨ 1,49,000 ਭਾਰਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਜੋ ਅਮਰੀਕਾ ਵਿਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਣ ਦੀ ਕੋਸ਼ਿਸ਼ ਵਿਚ ਸਨ। ਇਨਾਂ ਵਿਚੋਂ ਜਿਆਦਾਤਰ ਭਾਰਤੀ ਉਹ ਹਨ ਜਿਨਾਂ ਨੇ ਆਰਥਿਕ ਕਾਰਨਾਂ ਕਰਕੇ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਤੇ ਉਹ ਸ਼ਰਨ ਲੈਣ ਦੇ ਯੋਗ ਨਹੀਂ ਹਨ। ਇਕ ਹੋਰ ਰਿਪੋਰਟ ਅਨੁਸਾਰ ਰਾਸ਼ਟਰਪਤੀ ਚੋਣ ਜਿੱਤੇ ਡੋਨਾਲਡ ਟਰੰਪ ਵੱਲੋਂ ਇਸ ਮਹੀਨੇ ਅਹੁੱਦਾ ਸੰਭਾਲਣ ਉਪਰੰਤ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਵਾਪਿਸ ਉਨਾਂ ਦੇ ਦੇਸ਼ ਭੇਜਣ ਦੀ ਪ੍ਰਕ੍ਰਿਆ ਵਿਚ ਤੇਜੀ ਆਵੇਗੀ। ਇਸ ਸੰਭਾਵਨਾ ਨੂੰ ਵੇਖਦੇ ਹੋਏ ਗੈਰ ਕਾਨੂੰਨੀ ਪ੍ਰਵਾਸੀ ਕਾਨੂੰਨੀ ਚਾਰਾਜੋਈ ਵਿਚ ਲੱਗੇ ਹੋਏ ਹਨ।

# ਕੈਲੀਫੋਰਨੀਆ ਵਿਚ ਛੋਟਾ ਜਹਾਜ਼ ਇਕ ਇਮਾਰਤ ਉਪਰ ਡਿੱਗਾ 2 ਮੌਤਾਂ ਤੇ 19 ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਦੱਖਣੀ ਕੈਲੀਫੋਰਨੀਆ ਵਿਚ ਇਕ ਛੋਟਾ ਜਹਾਜ਼ ਤਬਾਹ ਹੋ ਕੇ ਇਕ ਇਮਾਰਤ ਉਪਰ ਡਿੱਗ ਜਾਣ ਦੀ ਖਬਰ ਹੈ ਜਿਸ ਦੇ ਸਿੱਟੇ ਵਜੋਂ 2 ਜਣਿਆਂ ਦੀ ਮੌਤ ਹੋ ਗਈ ਤੇ 19 ਹੋਰ ਜ਼ਖਮੀ ਹੋ ਗਏ। ਡਿਜ਼ਨੀਲੈਂਡ ਤੋਂ 6 ਮੀਲ ਦੂਰ ਫੁਲਰਟੋਨ ਮਿਊਂਸਪਿਲ ਹਵਾਈ ਅੱਡੇ ਤੋਂ ਉਡਾਨ ਭਰਨ ਦੇ 2 ਮਿੰਟ ਬਾਅਦ ਹੀ ਜਹਾਜ਼ ਤਬਾਹ ਹੋ ਕੇ ਇਮਾਰਤ ਉਪਰ ਆ ਡਿੱਗਾ। ਇਹ ਜਾਣਕਾਰੀ ਪੁਲਿਸ ਨੇ ਦਿੰਦਿਆਂ ਕਿਹਾ ਹੈ ਕਿ ਜਹਾਜ਼ ਫਰਨੀਚਰ ਬਣਾਉਣ ਵਾਲੇ ਇਕ ਕਾਰਖਾਨੇ ਉਪਰ ਡਿੱਗਾ ਹੈ ਜਿਸ ਵਿਚ 200 ਕਾਮੇ ਕੰਮ ਕਰਦੇ ਹਨ। ਪੁਲਿਸ ਅਨੁਸਾਰ 11 ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ ਹੈ ਜਦ ਕਿ 8 ਦੀ ਮੌਕੇ ਉਪਰ ਹੀ ਮਰਹਮ ਪੱਟੀ ਕੀਤੀ ਗਈ ਹੈ। ਫੁਲਰਟੋਨ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਮ੍ਰਿਤਕ ਜਹਾਜ਼ ਵਿਚ ਸਵਾਰ ਸਨ ਜਦ ਕਿ ਜ਼ਖਮੀ ਹੋਏ ਵਿਅਕਤੀ ਹਾਦਸੇ ਸਮੇ ਇਮਾਰਤ ਵਿਚ ਸਨ। ਹਾਲਾਂ ਕਿ ਪੁਲਿਸ ਨੇ ਅਜੇ ਮ੍ਰਿਤਕਾਂ ਦੇ ਨਾਂ ਜਾਰੀ ਨਹੀਂ ਕੀਤੇ ਹਨ ਪਰੰਤੂ ਸੋਸ਼ਲ ਮੀਡੀਆ ਉਪਰ ਹਨਟਿੰਗਟੋਨ ਬੀਚ ਹਾਈ ਸਕੂਲ ਦੀ ਫੁੱਟਬਾਲ ਟੀਮ ਤੇ ਗਰਲਜ਼ ਫਲੈਗ ਫੁੱਟਬਾਲ ਟੀਮ ਵੱਲੋਂ ਪਾਈ ਪੋਸਟ ਵਿਚ ਕਿਹਾ ਗਿਆ ਹੈ ਕਿ ਹਾਦਸੇ ਵਿਚ ਪਸਕਲ ਰੀਡ ਤੇ ਉਸ ਦੀ ਧੀ ਕੈਲੀ ਰੀਡ ਮਾਰੇ ਗਏ ਹਨ। ਇਸ ਪੋਸਟ ਵਿਚ ਕਿਹਾ ਗਿਆ ਹੈ ਕਿ ਬੀਤੇ ਦਿਨ ਸਾਨੂੰ ਅਥਾਹ ਨੁਕਸਾਨ ਪੁੱਜਾ ਹੈ। ਕੈਲੀ ਸਾਡੀ ਦੇਖਰੇਖ ਕਰਦੀ ਸੀ ਤੇ ਉਹ ਹਮੇਸ਼ਾਂ ਦੂਸਰਿਆਂ ਨੂੰ ਪਹਿਲ ਦਿੰਦੀ ਸੀ ਜਦ ਕਿ ਉਸ ਦੇ ਪਿਤਾ ਰੀਡ ਹਰ ਮੈਚ ਦੌਰਾਨ ਹਾਜਰ ਰਹਿੰਦੇ ਸਨ। ਉਨਾਂ ਦੀ ਸਾਨੂੰ ਹਮੇਸ਼ਾਂ ਯਾਦ ਆਉਂਦੀ ਰਹੇਗੀ।



# ਟਰੰਪ ਵੱਲੋਂ ਆਪਣੀ ਅਲੋਚਕ ਰਹੀ ਮਾਰਗਨ ਓਰਟਾਗੁਸ ਮੱਧ ਪੂਰਬ ਲਈ ਵਿਸ਼ੇਸ਼ ਡਿਪਟੀ ਦੂਤ ਨਿਯੁਕਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਮਾਰਗਨ ਰਟਾਗੁਸ ,ਜਿਸ ਨੇ ਕਿਸੇ ਵੇਲੇ ਡੋਨਾਲਡ ਟਰੰਪ ਦੇ ਵਿਵਹਾਰ ਨੂੰ ਲੈ ਕੇ ਸਵਾਲ ਉਠਾਏ ਸਨ ਤੇ ਉਸ ਦੀ ਸਖਤ ਸ਼ਬਦਾਂ ਵਿਚ ਅਲੋਚਨਾ ਕੀਤੀ ਸੀ ਹੁਣ ਮੁੜ ਉਨਾਂ ਨਾਲ ਕੰਮ ਕਰੇਗੀ। 20 ਜਨਵਰੀ ਨੂੰ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਜਾ ਰਹੇ ਟਰੰਪ ਨੇ ਐਲਾਨ ਕੀਤਾ ਹੈ ਕਿ ਓਰਟਾਗੁਸ ਮੱਧ ਪੂਰਬ ਅਮਨ ਵਾਸਤੇ ਉਨਾਂ ਦੇ ਵਿਸ਼ੇਸ਼ ਡਿਪਟੀ ਦੂਤ ਵਜੋਂ ਕੰਮ ਕਰੇਗੀ। ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਰਟਾਗੁਸ ਨੇ 3 ਸਾਲ ਵਿਦੇਸ਼ ਵਿਭਾਗ ਵਿਚ ਬੁਲਾਰੇ ਵਜੋਂ ਕੰਮ ਕੀਤਾ ਸੀ। ਟਰੰਪ ਨੇ ਜਾਰੀ ਬਿਆਨ ਵਿਚ ਉਸ ਦੀ ਨਿਯੁਕਤੀ ਦਾ ਐਲਾਨ ਕਰਦਿਆਂ ਕਿਹਾ ਹੈ ਇਸ ਤੋਂ ਪਹਿਲਾਂ ਮਾਰਗਨ ਮੇਰਾ 3 ਸਾਲ ਵਿਰੋਧ ਕਰਦੀ ਰਹੀ ਹੈ ਪਰੰਤੂ ਮੈ ਆਸ ਕਰਦਾ ਹਾਂ ਕਿ ਉਸ ਨੇ ਸਬਕ ਸਿੱਖਿਆ ਹੋਵੇਗਾ। ਰਟਾਗੁਸ ਰਿਪਬਲੀਕਨਾਂ ਵਿਚ ਮਜਬੂਤ ਆਧਾਰ ਰਖਦੀ ਹੈ। ਟਰੰਪ ਨੇ ਕਿਹਾ ਹੈ ਕਿ ਆਮ ਤੌਰ 'ਤੇ ਅਜਿਹਾ ਨਹੀਂ ਹੁੰਦਾ ਪਰੰਤੂ ਰਟਾਗੁਸ ਨੂੰ ਰਿਪਬਲੀਕਨਾਂ ਦਾ ਮਜਬੂਤ ਸਮਰਥਨ ਹਾਸਲ ਹੈ ਤੇ ਮੈ ਉਸ ਦੀ ਨਿਯੁਕਤੀ ਆਪਣੇ ਲਈ ਨਹੀਂ ਬਲਕਿ ਰਿਪਬਲੀਕਨਾਂ ਲਈ ਕਰ ਰਿਹਾ ਹਾਂ। ਵੇਖਦੇ ਹਾਂ ਕੀ ਹੁੰਦਾ ਹੈ।






KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kamaljit Kaur Bhatia & Kashmiri Bhatia

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਕਾਂਗਰਸ ਦੇ ਸਾਂਝੇ ਇਜਲਾਸ ਵਿਚ ਡੋਨਾਲਡ ਟਰੰਪ ਨੂੰ ਰਸਮੀ ਤੌਰ 'ਤੇ ਜੇਤੂ ਐਲਾਨਿਆ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਡੋਨਾਲਡ ਟਰੰਪ ਨੂੰ ਕਾਂਗਰਸ ਦੇ ਸੱਦੇ ਗਏ ਸਾਂਝੇ ਇਜਲਾਸ ਵਿਚ ਰਸਮੀ ਤੌਰ 'ਤੇ ਰਾਸ਼ਟਰਪਤੀ ਵਜੋਂ ਦੂਸਰੇ ਕਾਰਜਕਾਲ ਲਈ ਜੇਤੂ ਐਲਾਨਿਆ ਗਿਆ ਹੈ। ਇਜਲਾਸ ਦੀ ਪ੍ਰਧਾਨਗੀ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਕੀਤੀ। ਤਕਰੀਬਨ 30 ਮਿੰਟ ਚਲੀ ਕਾਰਵਾਈ ਦੌਰਾਨ ਕਿਸੇ ਵੀ ਸਾਂਸਦ ਨੇ ਕਿਸੇ ਪ੍ਰਕਾਰ ਦਾ ਵਿਰੋਧ ਨਹੀਂ ਕੀਤਾ ਤੇ ਇਜਲਾਸ ਬਹੁਤ ਹੀ ਸੁਖਾਵੇਂ ਮਾਹੌਲ ਵਿਚ ਸਮਾਪਤ ਹੋਇਆ। ਇਸ ਮੌਕੇ ਚੋਣ ਨਤੀਜਿਆਂ ਨੂੰ ਪੜਿਆ ਗਿਆ ਤੇ ਐਲਾਨ ਕੀਤਾ ਗਿਆ ਕਿ ਟਰੰਪ ਨੇ ਅਗਲਾ ਰਾਸ਼ਟਰਪਤੀ ਬਣਨ ਲਈ ਲੋੜੀਂਦੀਆਂ 270 ਇਲੈਕਟੋਰਲ ਵੋਟਾਂ ਪ੍ਰਾਪਤ ਕਰ ਲਈਆਂ ਹਨ। ਜਿਉਂ ਹੀ ਟਰੰਪ ਦੇ ਜਿੱਤਣ ਦਾ ਐਲਾਨ ਕੀਤਾ ਗਿਆ ਸਾਂਝੇ ਇਜਲਾਸ ਵਿਚ ਹਾਜਰ ਮੈਂਬਰਾਂ ਨੇ ਬਹੁਤ ਹੀ ਸਲੀਕੇ ਨਾਲ ਤਾੜੀਆਂ ਮਾਰੀਆਂ। ਇਜਲਾਸ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਮਲਾ ਹੈਰਿਸ ਨੇ ਕਿਹਾ ਕਿ ਅੱਜ ਮੈ ਆਪਣਾ ਫਰਜ ਨਿਭਾਇਆ ਹੈ ਜੋ ਮੈ ਆਪਣੇ ਸਮੁੱਚੇ ਜਨਤਿਕ ਜੀਵਨ ਦੌਰਾਨ ਨਿਭਾਉਂਦੀ ਆਈ ਹਾਂ। ਉਨਾਂ ਕਿਹਾ ਮੈ ਅਮਰੀਕੀ ਲੋਕਾਂ ਤੇ ਮੱਤਦਾਤਾਵਾਂ ਵੱਲੋਂ ਦਿੱਤੇ ਨਿਰਨੇ ਦੀ ਪੁਸ਼ਟੀ ਲਈ ਆਪਣਾ ਸਵਿਧਾਨਕ ਫਰਜ਼ ਨਿਭਾਇਆ ਹੈ। ਸਦਨ ਦੇ ਸਪੀਕਰ ਮਾਈਕ ਜੌਹਨਸਨ ਨੇ ਸੋਸ਼ਲ ਮੀਡਆ ਐਕਸ ਉਪਰ ਪਾਈ ਇਕ ਪੋਸਟ ਵਿਚ ਕਿਹਾ ਹੈ ਕਿ ਅਮਰੀਕਾ ਦੇ ਇਤਿਹਾਸ ਵਿਚ ਇਹ ਇਕ ਮਹਾਨ ਰਾਜਸੀ ਵਾਪਿਸੀ ਹੋਈ ਹੈ ਤੇ ਅਸੀਂ ਹੁਣ ਅਗੇ ਵਧਣ ਲਈ ਤਿਆਰ ਹਾਂ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


## ਗਾਇਕਾ ਸੁੱਖੀ ਬਰਾੜ ਬਣੀ ਚੰਡੀਗੜ ਪ੍ਰਸ਼ਾਸਨ ਦੇ ਪ੍ਰਸ਼ਾਸਕ ਦੀ ਸਲਾਹਕਾਰ ਮੈਂਬਰ



**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਹਮੇਸ਼ਾ ਹੀ ਚੰਗੇ ਪ੍ਰਸ਼ਾਸਨ ਅਤੇ ਸਾਫ-ਸਫ਼ਾਈ ਪੱਖੋਂ ਚੰਡੀਗੜ ਆਪਣੇ ਅੱਵਲ ਸਥਾਨ ‘ਤੇ ਰਿਹਾ ਹੈ। ਇਸ ਚੰਗੇ ਪ੍ਰਸ਼ਾਸਨ ਨੂੰ ਬਣਾਉਣ ਅਤੇ ਚਲਾਉਣ ਲਈ ਚੰਗੇ ਮਾਹਿਰਾਂ ਦੀ ਰਾਇ ਜਾਣੀ ਜਾਂਦੀ ਹੈ। ਇਸ ਚੰਡੀਗੜ ਪ੍ਰਸ਼ਾਸਨ ਦੀ ਹੋਂਦ ਨੂੰ ਹੋਰ ਮਜ਼ਬੂਤ ਬਣਾਉਂਦੇ ਹੋਏ ਇਸ ਦਾ ਗਠਨ ਮੁੜ ਤੋਂ ਕੀਤਾ ਗਿਆ ਹੈ। ਜਿਸ ਵਿੱਚ ਵੱਖ-ਵੱਖ ਖੇਤਰਾਂ ਦੇ ਰਾਜਸੀ ਮਾਹਿਰਾਂ, ਸਿਆਸੀ ਆਗੂਆਂ ਅਤੇ ਨੀਤੀਵਾਨਾਂ ਨੂੰ ਸ਼ਾਮਲ ਕੀਤਾ ਗਿਆ ਹੈ। ਉੱਥੇ ਬੜੇ ਮਾਣ ਵਾਲੀ ਗੱਲ ਹੈ ਕਿ ਪੰਜਾਬ ਦੀ ਗਾਇਕੀ ਦੇ ਵਿਰਸੇ ਨੂੰ ਸੰਭਾਲਣ ਵਾਲੀ, ਪੰਜਾਬ ਦੀ ਧੀ, ਗਾਇਕਾ ਸੁੱਖੀ ਬਰਾੜ ਨੂੰ ਵੀ ਬਤੌਰ ਮੈਂਬਰ ਸ਼ਾਮਲ ਕਰਕੇ ਗਾਇਕ ਅਤੇ ਸੰਗੀਤ ਪਰਿਵਾਰ ਨੂੰ ਵੀ ਮਾਣ ਬਖਸ਼ਿਆ ਗਿਆ। ਗਾਇਕਾਂ ਸੁੱਖੀ ਬਰਾੜ ਹਮੇਸ਼ਾ ਹੀ ਪੰਜਾਬੀ ਸੱਭਿਆਚਾਰਕ ਵਿਰਸੇ ਨਾਲ ਜੁੜੀ ਰਹੀ ਹੈ। ਜਿਸ ਦੇ ਸਾਫ-ਸੁਥਰੇ ਗੀਤ ਅੱਜ ਲੋਕ ਗੀਤਾਂ ਵਾਂਗ ਸਰੋਤਿਆਂ ਦੇ ਦਿਲਾਂ ‘ਤੇ ਰਾਜ ਕਰ ਰਹੇ ਹਨ। ਹੁਣ ਗਾਇਕਾ ਸੁੱਖੀ ਬਰਾੜ ਨੂੰ ਚੰਡੀਗੜ ਪ੍ਰਸ਼ਾਸਨ ਦੇ ਪ੍ਰਸ਼ਾਸਕ ਮੈਂਬਰ ਬਣਨ ‘ਤੇ ਦੇਸ਼-ਵਿਦੇਸ਼ ਦੀਆਂ ਵੱਖ-ਵੱਖ ਸੰਸਥਾਵਾਂ, ਸਿਆਸੀ ਆਗੂਆਂ, ਬੁੱਧੀਜੀਵੀਆਂ ਅਤੇ ਸੰਗੀਤ ਜਗਤ ਨਾਲ ਜੁੜੀਆਂ ਸ਼ਖ਼ਸੀਅਤਾਂ ਵੱਲੋਂ ਵਧਾਈਆਂ ਮਿਲ ਰਹੀਆਂ ਹਨ।

## ਬਰੇਲ ਲਿੱਪੀ ਵਿਕਸਿਤ ਕਰਨ ਵਾਲੇ ਡਾਕਟਰ ਲੂਈ ਬਰੇਲ ਦੀ 173 ਵੀਂ ਬਰਸੀ ਮੌਕੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਅਲਾਂਇਸ ਕਲੱਬ ਇੰਟਰਨੈਸ਼ਨਲ ਡਿਸਟ੍ਰਿਕ 119 ਵੱਲੋਂ ਨੇਤਰਹੀਨਾਂ ਦੇ ਲਈ ਬਰੇਲ ਲਿਪੀ ਦੇ 200 ਸਾਲ ਪੂਰੇ ਹੋਣ ਤੇ ਬਰੇਲ ਲਿਪੀ ਨੂੰ ਵਿਕਸਿਤ ਕਰਨ ਵਾਲੇ ਡਾ। ਲੂਈ ਬਰੇਲ (ਜਨਮ 04 ਜਨਵਰੀ 1809 ਅਤੇ ਮੌਤ 06 ਜਨਵਰੀ 1852) ਦੀ 173ਵੀਂ ਬਰਸੀ ਦੇ ਮੌਕੇ ਤੇ ਬਰੇਲ ਲਿਪੀ ਦੇ ਅਧਿਆਪਕਾ ਨੂੰ ਸਨਮਾਨਿਤ ਕਰਨ ਲਈ ਇੱਕ ਪ੍ਰੋਗਰਾਮ 108 ਸੰਤ ਨਰਾਇਣ ਦਾਸ ਬਲਾਈਂਡ ਸਕੂਲ ਬਾਹੋਵਾਲ ਵਿਖੇ ਕੀਤਾ ਗਿਆ। ਇਸ ਮੌਕੇ ਤੇ ਡਿਸਟ੍ਰਿਕ ਗਵਰਨਰ ਐਲੀ ਰਮੇਸ਼ ਕੁਮਾਰ, ਪੀ।ਡੀ।ਜੀ। ਐਲੀ ਐਡਵੋਕੇਟ ਐਸ.ਪੀ. ਰਾਣਾ, ਐਡਵੋਕੇਟ ਨਰਿੰਦਰ ਕੁਮਾਰ ਜੋਸ਼ੀ ਅਤੇ ਐਲੀ ਅਸ਼ੋਕ ਪੁਰੀ ਵਿਸ਼ੇਸ਼ ਤੌਰ ਤੇ ਪੁੱਜੇ। ਡਾ. ਲੂਈ ਬਰੇਲ ਦੀ 173ਵੀਂ ਬਰਸੀ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੀ ਨੈਤਰਹੀਨਾਂ ਲਈ ਵੱਡੀ ਦੇਣ ਉਪਰ ਵਿਚਾਰ ਚਰਚਾ ਕੀਤੀ ਗਈ, 200 ਸਾਲ ਪਹਿਲਾਂ ਉਤਪੰਨ ਹੋਈ ਇਸ ਲਿਪੀ ਤੋਂ ਅਜੇ ਤੱਕ ਬਹੁਤ ਨੇਤਰਹੀਨਾਂ ਤੱਕ ਪਹੁੰਚਣਾ ਬਾਕੀ ਹੈ। ਅਲਾਂਇਸ ਕਲੱਬ ਵੱਲੋਂ ਇਸ ਨੇਤਰਹੀਣ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਮਾਲਤੀ ਦੇਵੀ, ਬਰੇਲ ਅਧਿਆਪਕ ਚੰਦਰਭਾਨ ਅਤੇ ਸੰਸਥਾਂ ਦੇ ਪ੍ਰਧਾਨ ਅੱਤਰ ਸਿੰਘ ਨੂੰ “ਲੂਈ ਬਰੇਲ ਅਵਾਰਡ” ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਐਲੀ ਅਸ਼ੋਕ ਪੁਰੀ ਨੇ ਦੱਸਿਆ ਕਿ ਡਾ। ਲੂਈ ਬਰੇਲ ਦੇ ਜਨਮ ਦਿਨ ਤੇ ਪੰਜਾਬ ਅਤੇ ਦਿੱਲੀ ਦੀ ਟੀਮ ਵਿੱਚ ਨੇਤਰਹੀਨ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ ਸੀ ਜੋ ਕਿ ਇੱਕ ਮਹਾਨ ਕੰਮ ਹੈ। ਇਸ ਸੰਸਥਾਂ ਵੱਲੋਂ ਨੇਤਰਹੀਨਾਂ ਦੇ ਵਿਕਾਸ ਲਈ ਇਸ ਉਪਰਾਲੇ ਵਾਸਤੇ ਅਲਾਂਇਸ ਕਲੱਬ ਦੀ ਸਮੁੱਚੀ ਟੀਮ ਵੱਲੋਂ ਪ੍ਰਸੰਸਾਂ ਕੀਤੀ ਗਈ। ਟੂਰਨਾਮੈਂਟ ਦੇ ਪ੍ਰਬੰਧ ਵਿੱਚ ਐਲੀ ਰਮੇਸ਼ ਕੁਮਾਰ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਪਾਏ ਗਏ ਯੋਗਦਾਨ ਲਈ ਐਲੀ ਐਡਵੋਕੇਟ ਐਸ.ਪੀ। ਰਾਣਾ, ਨਰਿੰਦਰ ਕੁਮਾਰ ਜੋਸ਼ੀ, ਐਲੀ ਅਸ਼ੋਕ ਪੁਰੀ ਅਤੇ ਡਿਸਟ੍ਰਿਕ ਗਵਰਨਰ ਐਲੀ ਰਮੇਸ਼ ਕੁਮਾਰ ਨੂੰ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਨੇਤਰਹੀਨ ਵਿਦਿਆਰਥੀਆਂ ਵੱਲੋਂ ਅੱਤਰ ਸਿੰਘ ਜੀ ਦਾ ਲਿਖਿਆ ਗੀਤ “ ਜਿਨ ਕੇ ਮਹਾਨ ਕਾਮ ਨੇ ਹਮੇਂ ਇਨਸਾਂ ਬਨਾ ਦਿਆ, ਪਰਮ ਪਿਤਾ ਪ੍ਰਮੇਸ਼ਵਰ ਨੇ ਹਮੇਂ ਫਰਿਸ਼ਤਾ ਬਨਾ ਦਿਆ” ਗਾਇਆ ਗਿਆ। ਪ੍ਰੋਗਰਾਮ ਦੇ ਅਖੀਰ ਵਿੱਚ ਸੰਸਥਾਂ ਦੇ ਪ੍ਰਧਾਨ ਅੱਤਰ ਸਿੰਘ ਜੀ ਨੇ ਐਲੀ ਅਸ਼ੋਕ ਪੁਰੀ ਅਤੇ ਅਲਾਂਇਸ ਕਲੱਬ ਦੇ ਨੁਮਾਇੰਦਿਆਂ ਵੱਲੋਂ ਸਮਾਜ ਸੇਵਾ ਦੇ ਕੰਮਾਂ ਵਿੱਚ ਨੇਤਰਹੀਨ ਸਮਾਜ ਦੇ ਜਾਗਰੂਕਤਾ ਅਭਿਆਨ ਵਿੱਚ ਆਪਣਾ ਯੋਗਦਾਨ ਪਾਉਣ ਲਈ ਧੰਨਵਾਦ ਕੀਤਾ ਅਤੇ ਅੱਗੇ ਤੋਂ ਇਸੇ ਤਰ੍ਹਾਂ ਕੰਮ ਕਰਦੇ ਰਹਿਣ ਲਈ ਬੇਨਤੀ ਕੀਤੀ। ਇਸ ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਯੋਗੇਸ਼ ਕੁਮਾਰ ਸਨ।




RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834





“ਦੇਸ਼ ਦੁਆਬਾ”
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com
ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ ’ਦੇਸ਼ ਦੁਆਬਾ’ ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸੰਯੁਕਤ ਕਿਸਾਨ ਮੋਰਚੇ ਵੱਲੋਂ ਹਰਿਆਣਾ ਤੇ ਪੰਜਾਬ ਦੇ ਕਿਸਾਨਾਂ ਦੀ ਵਿਸ਼ਾਲ ਮਹਾਂਪੰਚਾਇਤ 'ਚ ਸਾਰੀਆਂ ਜੱਥੇਬੰਦੀਆਂ ਨੂੰ ਏਕਤਾ ਦਾ ਸੱਦਾ



**ਟੋਹਾਣਾ (ਫਤਿਹਾਬਾਦ) (ਦਲਜੀਤ ਕੌਰ )–** ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ, ਅੱਜ ਇੱਥੇ ਹਰਿਆਣਾ ਅਤੇ ਪੰਜਾਬ ਦੇ ਕਿਸਾਨਾਂ ਨਾਲ ਇੱਕ ਵਿਸ਼ਾਲ ਮਹਾਪੰਚਾਇਤ ਕੀਤੀ ਗਈ, ਜਿਸ ਵਿੱਚ ਮੋਦੀ ਸਰਕਾਰ ਨੂੰ ਰਾਸ਼ਟਰੀ ਖੇਤੀਬਾੜੀ ਮਾਰਕੀਟਿੰਗ ਨੀਤੀ ਢਾਂਚੇ ਦੇ ਖਰੜੇ ਨੂੰ ਤੁਰੰਤ ਵਾਪਸ ਲੈਣ ਅਤੇ ਕਿਸਾਨ ਸੰਗਠਨਾਂ ਨਾਲ ਵਿਚਾਰ-ਵਟਾਂਦਰਾ ਸ਼ੁਰੂ ਕਰਨ ਦੀ ਸਖ਼ਤ ਚੇਤਾਵਨੀ ਦਿੱਤੀ ਗਈ।

ਖਰਾਬ ਮੌਸਮ ਦੇ ਬਾਵਜੂਦ, ਗੁੱਸੇ ਵਿੱਚ ਆਏ ਕਿਸਾਨ ਵੱਡੀ ਗਿਣਤੀ ਵਿੱਚ ਅਨਾਜ ਮੰਡੀ ਵਿੱਚ ਇਕੱਠੇ ਹੋਏ, ਜਿੱਥੇ ਸੰਯੁਕਤ ਕਿਸਾਨ ਮੋਰਚਾ ਦੇ ਕਈ ਰਾਸ਼ਟਰੀ ਨੇਤਾ ਵੀ ਸ਼ਾਮਲ ਹੋਏ। ਮਹਾਂਪੰਚਾਇਤ ਵਿੱਚ ਔਰਤਾਂ ਨੇ ਵੀ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਮਹਾਪੰਚਾਇਤ ਦੀ ਪ੍ਰਧਾਨਗੀ ਸਾਰੇ ਸੰਗਠਨਾਂ ਦੁਆਰਾ ਬਣਾਏ ਗਏ ਪ੍ਰਧਾਨਗੀ ਮੰਡਲ ਦੁਆਰਾ ਕੀਤੀ ਗਈ। ਬੁਲਾਰਿਆਂ ਨੇ ਭੁੱਖ ਹੜਤਾਲ 'ਤੇ ਬੈਠੇ ਸਰਦਾਰ ਜਗਜੀਤ ਸਿੰਘ ਡੱਲੇਵਾਲ ਦੀ ਵਿਗੜਦੀ ਸਿਹਤ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਅਤੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਕੁਝ ਹੁੰਦਾ ਹੈ ਤਾਂ ਇਸਦੀ ਜ਼ਿੰਮੇਵਾਰੀ ਕੇਂਦਰ ਅਤੇ ਹਰਿਆਣਾ ਸਰਕਾਰਾਂ ਦੀ ਹੋਵੇਗੀ। ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ 25 ਨਵੰਬਰ ਨੂੰ ਜਾਰੀ ਡਰਾਫਟ ਕਾਰਨ ਅਨਾਜ ਦਾ ਵਪਾਰ ਕਾਰਪੋਰੇਟਾਂ ਦੇ ਹੱਥਾਂ ਵਿੱਚ ਚਲਾ ਜਾਵੇਗਾ। ਵਿਸ਼ਵ ਵਪਾਰ ਸੰਗਠਨ ਅਤੇ ਅੰਤਰਰਾਸ਼ਟਰੀ ਮੁਦਰਾ ਫੰਡ ਵਿਰੁੱਧ ਤਿੱਖੀ ਅਤੇ ਵੱਡੀ ਲੜਾਈ ਦੀ ਲੋੜ ਹੋਵੇਗੀ। ਉਨ੍ਹਾਂ ਇਸ ਦਿਨ ਏਕਤਾ ਦੀ ਅਪੀਲ ਕੀਤੀ।

ਰਾਕੇਸ਼ ਟਿਕੈਤ ਨੇ ਕਿਹਾ ਕਿ ਸੰਸਦ ਦੇ ਆਲੇ-ਦੁਆਲੇ ਅਗਲੇ ਅੰਦੋਲਨ ਦੀ ਯੋਜਨਾ ਸੰਯੁਕਤ ਕਿਸਾਨ ਮੋਰਚਾ ਅੱਗੇ ਪੇਸ਼ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ 24 ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਬਾਰੇ ਜਨਤਾ ਨੂੰ ਗੁੰਮਰਾਹ ਕਰ ਰਹੀ ਹੈ। ਕੇਂਦਰ ਸਰਕਾਰ ਨੂੰ ਸੀਨੀਅਰ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣ ਲਈ ਕਾਰਵਾਈ ਕਰਨੀ ਚਾਹੀਦੀ ਹੈ, ਜੋ ਮਰਨ ਵਰਤ 'ਤੇ ਹਨ। ਉਨ੍ਹਾਂ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ ਵੱਲੋਂ ਬਣਾਈ ਗਈ ਸੀਨੀਅਰ ਆਗੂਆਂ ਦੀ ਕਮੇਟੀ ਏਕਤਾ ਵੱਲ ਕੰਮ ਕਰ ਰਹੀ ਹੈ। ਸੀਨੀਅਰ ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ 24 ਜਨਵਰੀ ਨੂੰ ਦਿੱਲੀ ਵਿੱਚ ਇੱਕ ਰਾਸ਼ਟਰੀ ਜਨਰਲ ਬਾਡੀ ਮੀਟਿੰਗ ਹੋਵੇਗੀ, ਜਿਸ ਦੌਰਾਨ ਅੰਦੋਲਨ ਦੇ ਅਗਲੇ ਪੜਾਅ ਦਾ ਐਲਾਨ ਕੀਤਾ ਜਾਵੇਗਾ। ਮਹਾਪੰਚਾਇਤ ਵਿੱਚ, ਕਾਮਰੇਡ ਇੰਦਰਜੀਤ ਸਿੰਘ ਨੇ ਰਾਸ਼ਟਰੀ ਖੇਤੀਬਾੜੀ ਬਾਜ਼ਾਰ ਨੀਤੀ ਢਾਂਚਾ ਖਰੜਾ ਪੇਸ਼ ਕੀਤਾ, ਜਿਸ ਨੂੰ ਸਰਬਸੰਮਤੀ ਨਾਲ ਰੱਦ ਕਰ ਦਿੱਤਾ ਗਿਆ, ਅਤੇ ਇੱਕ ਮਤਾ ਪਾਸ ਕੀਤਾ ਗਿਆ ਜਿਸ ਵਿੱਚ ਸਾਰੀਆਂ ਗ੍ਰਾਮ ਪੰਚ-ਾਇਤਾਂ ਨੂੰ 10 ਜਨਵਰੀ 2025 ਤੱਕ ਇਸ ਰੱਦ ਨੂੰ ਕੇਂਦਰ ਸਰਕਾਰ ਨੂੰ ਭੇਜਣ ਦੀ ਅਪੀਲ ਕੀਤੀ ਗਈ।

ਇਸ ਸਮਾਗਮ ਵਿੱਚ ਸ਼ਾਮਲ ਹੋਏ ਕੌਮੀ ਆਗੂਆਂ ਵਿੱਚ ਜੋਗਿੰਦਰ ਸਿੰਘ ਉਗਰਾਹਾਂ, ਰਾਕੇਸ਼ ਟਿਕੈਤ, ਡਾ। ਦਰਸ਼ਨ ਪਾਲ, ਪੀ ਕ੍ਰਿਸ਼ਨ ਪ੍ਰਸਾਦ, ਰਮਿੰਦਰ ਸਿੰਘ ਪਟਿਆਲਾ, ਮਨਜੀਤ ਸਿੰਘ ਧਨੇਰ, ਸੁਖਦੇਵ ਜੰਮੂ, ਰੇਵੂਲਾ ਵੈਂਕਈਆ, ਸਤਿਆਵਾਨ, ਸੁਰੇਸ਼ ਕੋਠ, ਬਲਦੇਵ ਨਿਹਾਲਗੜ੍ਹ, ਇੰਦਰਜੀਤ ਸਿੰਘ, ਅਮਰੀਕ ਸਿੰਘ, ਕਿਰਨਜੀਤ ਸਿੰਘ ਸ਼ੇਖੋਂ, ਪ੍ਰੀਤਮ ਸਿੰਘ ਮਾਨਸਰ, ਜੋਧਾ ਸਿੰਘ, ਰਵਿੰਦਰ ਸਿੰਘ, ਸਿੰਘ ਗਹਿਲਾਵਤ, ਕਰਮ ਜੀਤ ਸਿੰਘ, ਮਾਸਟਰ ਬਲਬੀਰ, ਹਰਜਿੰਦਰ ਨਨੂਆਣਾ, ਬਾਬਾ ਗੁਰਦੀਪ ਸਿੰਘ, ਸੂਬੇਦਾਰ ਰਣਬੀਰ ਮਲਿਕ, ਜਗਮਤੀ ਸਾਂਗਵਾਨ ਆਦਿ ਹਾਜ਼ਰ ਸਨ।

# ਟੋਹਾਣਾ ਵਿਖੇ ਵਿਸ਼ਾਲ ਕਿਸਾਨ ਮਹਾਂ ਪੰਚਾਇਤ ਵੱਲੋਂ ਪ੍ਰਧਾਨ ਮੰਤਰੀ ਮੋਦੀ ਨੂੰ ਲੋਕਤੰਤਰ ਦਾ ਸਤਿਕਾਰ ਕਰਨ, ਸਾਰੇ ਕਿਸਾਨ ਸੰਗਠਨਾਂ ਨਾਲ ਵਿਚਾਰ-ਵਟਾਂਦਰਾ ਕਰਨ, ਕਿਸਾਨ ਆਗੂ ਡੱਲੇਵਾਲ ਦੀ ਜਾਨ ਬਚਾਉਣ ਦੀ ਚੇਤਾਵਨੀ

**ਨਵੀਂ ਦਿੱਲੀ/ਚੰਡੀਗੜ੍ਹ, (ਦਲਜੀਤ ਕੌਰ)** ਸੰਯੁਕਤ ਕਿਸਾਨ ਮੋਰਚੇ ਦੁਆਰਾ ਬੁਲਾਏ ਗਏ ਟੋਹਾਣਾ, ਹਰਿਆਣਾ ਵਿਖੇ ਵਿਸ਼ਾਲ ਕਿਸਾਨ ਮਹਾਂ ਪੰਚਾਇਤ ਵਿੱਚ ਹਜ਼ਾਰਾਂ ਕਿਸਾਨਾਂ ਨੇ ਸ਼ਿਰਕਤ ਕੀਤੀ ਅਤੇ ਪੂਰੇ ਸੰਯੁਕਤ ਕਿਸਾਨ ਅੰਦੋਲਨ ਵਿੱਚ ਵਿਸ਼ਵਾਸ ਭਰਿਆ। ਮਹਾਂ ਪੰਚਾਇਤ ਨੇ ਕਿਸਾਨਾਂ ਦੀ ਵਧੇਰੇ ਏਕਤਾ ਦਾ ਸੱਦਾ ਦਿੱਤਾ ਅਤੇ ਪੰਜਾਬ ਦੇ ਖਨੌਰੀ ਅਤੇ ਸ਼ੰਭੂ ਸਰਹੱਦਾਂ 'ਤੇ ਕਿਸਾਨ ਸੰਘਰਸ਼ ਨਾਲ ਇਕਜੁੱਟਤਾ ਦਿਖਾਈ।

ਕਿਸਾਨਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਤਾਨਾਸ਼ਾਹੀ ਰਵੱਈਏ ਲਈ ਚੇਤਾਵਨੀ ਦਿੱਤੀ ਅਤੇ ਉਨ੍ਹਾਂ ਤੋਂ ਸ਼ਾਸਨ ਦੇ ਲੋਕਤੰਤਰੀ ਸਿਧਾਂਤਾਂ ਦਾ ਸਤਿਕਾਰ ਕਰਨ ਦੀ ਮੰਗ ਕੀਤੀ। ਲੋਕਤੰਤਰ ਵਿੱਚ ਕੋਈ ਵੀ ਕਾਨੂੰਨ ਦੇ ਰਾਜ ਤੋਂ ਉੱਪਰ ਨਹੀਂ ਹੈ। ਐਨਡੀਏ-3 ਸਰਕਾਰ ਨੂੰ ਤੁਰੰਤ ਸਾਰੇ ਕਿਸਾਨ ਸੰਗਠਨਾਂ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ ਅਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣੀ ਚਾਹੀਦੀ ਹੈ।

ਮਹਾਂ ਪੰਚਾਇਤ ਨੇ ਹਰਿਆਣਾ ਦੇ ਕਿਸਾਨਾਂ ਨੂੰ 10 ਜਨਵਰੀ 2025 ਤੋਂ ਪਹਿਲਾਂ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਨੂੰ ਖੇਤੀਬਾੜੀ ਮਾਰਕੀਟਿੰਗ 'ਤੇ ਕਾਰਪੋਰੇਟ ਪੱਖੀ ਰਾਸ਼ਟਰੀ ਨੀਤੀ ਢਾਂਚਾ (ਫਾਂਉ) ਨੂੰ ਰੱਦ ਕਰਨ ਲਈ ਪਿੰਡਾਂ ਤੋਂ ਪੱਤਰ ਲਿਖਣ ਦਾ ਸੱਦਾ ਦਿੱਤਾ।


ਮੀਟਿੰਗ ਨੇ ਪੰਜਾਬ ਦੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਠਾ ਗੁਰੂ ਕਾ ਤੋਂ ਟੋਹਾਣਾ ਜਾਂਦੇ ਸਮੇਂ ਵਾਪਰੇ ਹਾਦਸੇ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨਾਲ ਸਬੰਧਤ ਤਿੰਨ ਮਹਿਲਾ ਕਿਸਾਨਾਂ ਦੀ ਦੁਖਦਾਈ ਮੌਤ 'ਤੇ ਦੁੱਖ ਪ੍ਰਗਟ ਕੀਤਾ।


ਪੀੜਤਾਂ ਵਿੱਚ ਜਸਵੀਰ ਕੌਰ ਪਤਨੀ ਜੀਤ ਸਿੰਘ, ਸਰਬਜੀਤ ਕੌਰ ਪਤਨੀ ਸੁਖਪਾਲ ਸਿੰਘ (ਨੰਬਰਦਾਰ) ਅਤੇ ਬਲਵੀਰ ਕੌਰ ਪਤਨੀ ਬੰਤ ਸਿੰਘ ਸ਼ਾਮਲ ਹਨ। ਮਹਾਂ ਪੰਚਾਇਤ ਨੇ ਕਿਸਾਨ ਅੰਦੋਲਨ ਦੇ ਇਨ੍ਹਾਂ ਸ਼ਹੀਦਾਂ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੀੜਤਾਂ ਦੇ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਅਤੇ ਇੱਕ ਸਰਕਾਰੀ ਨੌਕਰੀ ਦਿੱਤੀ ਜਾਵੇ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE RETIREMENT
LIFE INSURANCE COLLEGE PLANNING
LONG TERM CARE INS AUTO * HOME
FUNERAL EXPENSE BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928



Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





# ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਅੰਬੇਡਕਰ ਜੀ ਦਾ ਅਪਮਾਨ ਸਹਿਣ ਨਹੀਂ ਕੀਤਾ ਜਾਵੇਗਾ: ਜਰਨੈਲ ਫਿਲੌਰ



**ਫਿਲੌਰ–** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਆਰਐਮਪੀਆਈ ਵੱਲੋਂ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੁਤਲਾ ਫੂਕ ਮੁਜ਼ਾਹਰਾ ਕੀਤਾ ਗਿਆ। ਜਿਸ ਦੀ ਅਗਵਾਈ ਚਾਚਾ ਜਸਵੀਰ ਸਿੰਘ ਭੋਲੀ ਅਤੇ ਜਰਨੈਲ ਫਿਲੌਰ ਨੇ ਕੀਤੀ। ਇਸ ਮੌਕੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਸੂਬਾਈ ਆਗੂ ਸਾਥੀ ਪਰਮਜੀਤ ਰੰਧਾਵਾ ਤੇ ਜਰਨੈਲ ਸਿੰਘ ਫਿਲੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਅੰਦਰ ਫਿਰਕੂ ਫਾਸੀਵਾਦ ਤਾਕਤਾਂ ਸੰਵਿਧਾਨ ਦਾ ਅਪਮਾਨ ਕਰ ਰਹੀਆਂ ਹਨ ਇਹ ਤਾਕਤਾਂ ਮਨੂੰ ਸਿਮਰਤੀ ਨੂੰ ਦੇਸ਼ ਅੰਦਰ ਲਾਗੂ ਕਰਨਾ ਚਾਹੁੰਦੀਆਂ ਹਨ। ਇਸ ਵੇਲੇ ਬੀਜੇਪੀ ਸਰਕਾਰ ਨੂੰ ਰੋਕਣਾ ਅਹਿਮ ਜਰੂਰੀ ਹੋ ਗਿਆ ਹੈ ਭਾਰਤੀ ਸੰਵਿਧਾਨ ਧਰਮ ਨਿਰਪੱਖ ਲੋਕਾਂ ਦੀ ਰਾਖੀ ਕਰਦਾ ਹੈ। ਕੇਂਦਰ ਦੀ ਸਰਕਾਰ ਲੋਕ ਮੁੱਦਿਆਂ ਤੋਂ ਧਿਆਨ ਹਟਾਉਣ ਲਈ ਬੇਲੋੜੇ ਬਿਆਨ ਦੇ ਰਹੀ ਹੈ, ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾ ਅੰਬੇਦਕਰ ਦੇ ਵਿਰੁੱਧ ਭੱਦੀ ਸ਼ਬਦਾਵਲੀ ਵਰਤਣ ਵਾਲੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜੋ ਅੰਬੇਡਕਰ ਦਾ ਅਪਮਾਨ ਕੀਤਾ ਹੈ ਉਹ ਨਿੰਦਣ ਯੋਗ ਹੈ, ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ, ਪੀੜਿਤ ਲੋਕਾਂ ਦਾ ਮੁੱਦਿਆਂ ਤੋਂ ਧਿਆਨ ਭਟਕਾ ਕੇ ਆਮ ਜਨਤਾ ਨੂੰ ਗੁਮਰਾਹ ਕੀਤਾ ਹੈ ਇੱਕ ਵੱਡੇ ਅਹੁਦੇ ਤੇ ਬੈਠ ਕੇ ਅੰਬੇਦਕਰ ਦਾ ਉਪਮਾਨ ਕਰਨ ਵਾਲੇ ਅਮਿਤ ਸ਼ਾਹ ਜਿਸਨੇ ਖੁਦ ਸੰਵਿਧਾਨ ਦੀ ਸੋਹ ਚੁੱਕ ਕੇ ਇਸ ਵਿੱਚ ਨਿਸ਼ਟਾ ਰੱਖਣ ਦਾ ਪ੍ਰਣ ਕੀਤਾ ਸੀ ਇਥੋ ਸਰਕਾਰ ਦੀ ਮਾਨਸਿਕਤਾ ਦਾ ਪਤਾ ਚਲਦਾ ਹੈ, ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਮਨੂ ਸਮ੍ਰਿਤੀ ਦੇ ਪੁਜਾਰੀ ਹਨ ਤੇ ਭਾਰਤੀ ਸੰਵਿਧਾਨ ਨੂੰ ਨਹੀਂ ਮੰਨਦੇ ਇਹ ਆਪਣੀ ਮਨੋ ਸਮਿਤੀ ਲਾਗੂ ਕਰਨਾ ਚਾਹੁੰਦੇ ਹਨ ਜੋ ਇਨਸਾਨਾਂ ਨੂੰ ਇਨਸਾਨ ਨਹੀਂ ਸਮਝਦੇ, ਦੂਜਾ ਭਾਰਤੀ ਸੰਵਿਧਾਨ ਹੀ ਆ ਜਿਸਨੇ ਇਨਸਾਨਾਂ ਨੂੰ ਇਨਸਾਨ ਸਮਝਿਆ, ਉਨ੍ਹਾਂ ਕਿਹਾ ਕਿ ਭੀਮ ਰਾਓ ਹੀ ਲੋਕਾਂ ਦਾ ਮਸੀਹਾ ਹੈ ਜਿਹਨੇ ਲੋਕਾਂ ਨੂੰ ਉਹਨਾਂ ਦੀਆਂ ਮੁਸ਼ਕਿਲਾਂ ਦੁੱਖ ਤਕਲੀਫਾਂ ਤੋਂ ਰਾਹਤ ਦੇਣਾ ਲਈ ਲੋਕਾਂ ਨੂੰ ਸਵਿੰਧਾਨ ਦਾ ਸਹਾਰਾ ਦਿੱਤਾ ਹੈ। ਅੱਜ ਦੇਸ਼ ਦੀ ਲੋਕਾਂ ਸਭਾ ਵਿਧਾਨ ਸਭਾ ਸੰਸਦ ਵਿੱਚ ਔਰਤਾਂ ਦੀ ਬਰਾਬਰ ਦੀ ਸ਼ਮੂਲੀਅਤ ਹੈ ਜੋ ਕਿ ਭੀਮ ਰਾਓ ਅੰਬੇਦਕਰ ਸੰਵਿਧਾਨ ਨਿਰਮਾਤਾ ਦੇ ਕਾਰਨ ਹੀ ਸੰਭਵ ਹੋ ਸਕਿਆ ਹੈ ਐਸੇ ਮਹਾਂਪੁਰਸ਼ ਦੇ ਖਿਲਾਫ ਭੱਦੀ ਸ਼ਬਦਾਵਲੀ ਵਰਤਣਾ ਬਹੁਤ ਹੀ ਨਿੰਦਨਯੋਗ ਹੈ। ਰੰਧਾਵਾ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਅਮਿਤ ਸ਼ਾਹ ਨੇ ਆਪਣੇ ਸ਼ਬਦ ਵਾਪਸ ਨਾ ਲਏ ਤਾਂ ਆਉਣ ਵਾਲੇ ਸਮੇਂ ਵਿੱਚ ਲੋਕਾਂ ਨੂੰ ਲਾਮਬੰਦ ਕਰਕੇ ਹੋਰ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਕੁਲਜੀਤ ਫਿਲੌਰ, ਸਨੀ ਫਿਲੌਰ, ਪਾਰਸ, ਮੇਜਰ ਫਿਲੌਰ, ਮਾਸਟਰ ਹੰਸਰਾਜ, ਅੰਮ੍ਰਿਤ ਪਾਲ ਨੰਗਲ, ਐਡਵੋਕੇਟ ਸੰਜੀਵ ਭੋਰਾ, ਐਡਵੋਕੇਟ ਅਜੇ ਜੱਸਲ ਫਿਲੌਰ, ਜਸਵੰਤ ਬੋਧ, ਗਗਨ ਦੀਪ, ਜੱਸਾ ਫਿਲੌਰ, ਸੰਦੀਪ ਫਿਲੌਰ,ਪਰਸ਼ੋਤਮ ਫਿਲੌਰ, ਗੁਰਦੀਪ ਗੋਗੀ ਬੇਗਮਪੁਰ, ਹਣੀ ਸੰਤੋਖਪੁਰਾ, ਜਸਪਾਲ, ਗੁਰਬਚਨ ਰਾਮ, ਤਰਸੇਮ ਲਾਲ,ਮੱਖਣ ਸੰਤੋਖਪੁਰਾ, ਰਾਹੁਲ ਕੋਰੀ, ਨਵੀ ਸ਼ਾਹ ਪੁਰ, ਚਮਨ ਲਾਲ, ਕੁਲਵੰਤ ਖੇਹਰਾਬੇਟ, ਬਲਜੀਤ ਸਿੰਘ ਪਿੱਤੂ, ਸਾਬੀ ਫਿਲੌਰ ਆਦਿ ਹਾਜ਼ਰ ਸਨ।

**– ਬੱਗਾ ਸੇਲਕੀਆਣਾ**

# ਪਿੰਡ ਮਾਲੋਮਜਾਰਾ ਵਿਖੇ 29ਵੇਂ ਸਲਾਨਾ ਫੁੱਟਬਾਲ ਟੂਰਨਾਮੈਂਟ ਦਾ ਕੀਤਾ ਸ਼ਾਨਦਾਰ ਸ਼ੁੱਭ ਆਰੰਭ



**ਫਿਲੌਰ–** ਬਲਾਕ ਔੜ ਦੇ ਪਿੰਡ ਮਾਲੋਮਜਾਰਾ ਵਿਖੇ ਸਲਾਨਾ ਫੁੱਟਬਾਲ ਟੂਰਨਾਮੈਂਟ ਦਸ਼ਮੇਸ਼ ਸਪੋਰਟਸ ਕਲੱਬ,ਗ੍ਰਾਮ ਪੰਚਾਇਤ, ਐਨਆਰਆਈਜ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਭਾਈ ਜਰਨੈਲ ਸਿੰਘ ਵਲੋਂ ਅਰਦਾਸ ਬੇਨਤੀ ਕਰਕੇ ਸ਼ੁਰੂ ਕੀਤਾ ਗਿਆ ਤੇ ਇਹ ਟੂਰਨਾਮੈਂਟ ਧੰਨ ਧੰਨ ਬਾਬਾ ਜੋਗੀ ਪੀਰ ਦੇ ਅਸਥਾਨ ਦੇ ਨਜਦੀਕ ਬੱਸ ਸਟੈਂਡ ਵਾਲੀ ਗਰਾਊਂਡ ਵਿੱਚ ਸ਼ੁੱਭ ਆਰੰਭ ਹੋਇਆ ਤੇ ਪੰਜ ਦਿਨ ਚੱਲਣ ਵਾਲੇ ਫੁੱਟਬਾਲ ਟੂਰਨਾਮੈਂਟ ਦਾ ਉਦਘਾਟਨ ਗੁਰਦੁਆਰਾ ਸਲਵਾਣਾ ਸਾਹਿਬ ਦੇ ਸੇਵਾਦਾਰ ਭਾਈ ਜਬਰਜੰਗ ਸਿੰਘ ਵੱਲੋਂ ਆਪਣੇ ਕਰ ਕਮਲਾਂ ਨਾਲ ਕੀਤਾ ਗਿਆ ਜਾਵੇਗਾ ਤੇ ਇਸ ਕਾਰਜ ਦੀ ਭਾਈ ਜਬਰਜੰਗ ਸਿੰਘ ਵਲੋਂ ਸਲਾਘਾ ਕੀਤੀ ਨੌਜਵਾਨਾਂ ਨੂੰ ਖੇਡਾਂ ਵੱਲ ਧਿਆਨ ਦੇਣ ਲਈ ਪ੍ਰੇਰਿਤ ਕੀਤਾ ਤੇ ਉਦਘਾਟਨੀ ਮੈਚ ਉੜਾਪੜ ਤੇ ਮੁਕੰਦਪੁਰ ਵਿਚਕਾਰ ਸ਼ੁਰੂ ਹੋਇਆ ਤੇ ਦਸ਼ਮੇਸ਼ ਸਪੋਰਟਸ ਕਲੱਬ ਦੇ ਸਮੂੰਹ ਅਹੁਦੇਦਾਰ ਸਾਹਿਬਾਨਾਂ ਨੇ ਦੱਸਿਆ ਕਿ ਇਸ ਫੁੱਟਬਾਲ ਟੂਰਨਾਮੈਂਟ ਵਿਚ ਕੁਲ 30 ਟੀਮਾਂ ਨੇ ਭਾਗ ਲਿਆ ਤੇ ਜੇਤੂ ਟੀਮਾਂ ਨੂੰ ਪਹਿਲਾਂ ਇਨਾਮ 41 ਹਜਾਰ, ਦੂਜਾ ਇਨਾਮ 31 ਹਜਾਰ, ਤੀਜਾ ਤੇ ਚੋਥਾ ਇਨਾਮ 5100 ਰੁਪਏ ਨਗਦ ਰਾਸ਼ੀ ਅਤੇ ਟ੍ਰਾਫੀਆ ਦੇਕੇ ਸਨਮਾਨਿਤ ਕੀਤਾ ਜਾਵੇਗਾ ਇਸ ਮੌਕੇ ਜੱਗਾ ਦਿ ਲ, ਸੋਡੀ ਸਿੰਘ ਸ਼ੇਤਰਾ, ਗੁਰਜੀਤ ਸਿੰਘ ਗੀਤਾ, ਹਰਜਿੰਦਰ ਸਿੰਘ ਸ਼ੀਹਰਾ, ਉਸਤਾਦ ਚਰਨ ਦਾਸ, ਪੰਚ ਸੁਖਵੀਰ ਸਿੰਘ ਦਿ ਲ, ਸਾਹਬ ਸਿੰਘ ਸ਼ੇਤਰਾ, ਜੱਗੀ ਚਾਹਲ, ਹਰਵਿੰਦਰ ਚਾਹਲ, ਗੁਰਵਿੰਦਰ ਸਿੰਘ ਦਿਓਲ, ਲੱਖੀ ਸ਼ੇਤਰਾ, ਨਵਜਿੰਦਰ ਚਾਹਲ, ਸੁੱਖੂ ਪੁਰੇਵਾਲ, ਮਿੰਦੀ ਰਾਏ, ਧੀਰਾ ਢਿਲੋਂ, ਯੂਬੀ ਪੁਰੇਵਾਲ, ਬਿੰਨੀ, ਬਿੱਲਾ, ਪੰਮਾ, ਸੱਤਾ, ਸੁੱਖਾ, ਬਿੱਲਾ ਚਾਹਲ ਆਦਿ ਹਾਜ਼ਰ ਸਨ।

**ੀ– ਬੱਗਾ ਸੇਲਕੀਆਣਾ**


# Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ 13 ਫਰਵਰੀ ਨੂੰ ਸ੍ਰੀ ਗੁਰੂ ਰਵਿਦਾਸ ਸਦਨ ਸ਼੍ਰੀ ਖੁਰਾਲਗੜ ਸਾਹਿਬ ਵਿਖੇ ਪੰਜਾਬ ਪੱਧਰ ਤੇ ਮਨਾਏ ਜਾਣਗੇ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੀ ਵਿਸ਼ੇਸ਼ ਮੀਟਿੰਗ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ ਵਿਖੇ ਚੇਅਰਮੈਨ ਸੰਤ ਸਰਵਣ ਦਾਸ ਜੀ ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੌੜੇ ਦੀ ਪ੍ਰਧਾਨਗੀ ਹੇਠ ਹੋਈ। ਇਸ ਸਮੇਂ ਦੇਸ਼ਾਂ ਵਿਦੇਸ਼ਾਂ ਦੀਆਂ ਧਾਰਮਿਕ, ਸਮਾਜਿਕ ਜਥੇਬੰਦੀਆਂ, ਸ੍ਰੀ ਗੁਰੂ ਰਵਿਦਾਸ ਸਭਾਵਾਂ, ਡਾ. ਅੰਬੇਡਕਰ ਸੁਸਾਇਟੀਆਂ ਅਤੇ ਹੋਰ ਭਰਾਤਰੀ ਜਥੇਬੰਦੀਆਂ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ 13 ਫਰਵਰੀ 2025 ਦਿਨ ਵੀਰਵਾਰ ਨੂੰ ਸ੍ਰੀ ਗੁਰੂ ਰਵਿਦਾਸ ਸਦਨ ਖੁਰਾਲਗੜ ਸਾਹਿਬ ਵਿਖੇ ਪੰਜਾਬ ਪੱਧਰ ਤੇ ਮਨਾਏ ਜਾਣਗੇ। ਸੁਸਾਇਟੀ ਦੇ ਮਹਾਂਪੁਰਸ਼ਾਂ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵਿਸ਼ਾਲ ਸਮਾਗਮ ਸਜਾਏ ਜਾਣਗੇ,ਸੰਗਤਾਂ ਨੂੰ ਹੁੰਮ ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ



ਜਾਂਦੀ ਹੈ।

ਇਸ ਮੌਕੇ ਚੇਅਰਮੈਨ ਸੰਤ ਸਰਵਣ ਦਾਸ ਜੀ ਬੋਹਣ, ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੌੜੇ, ਜਨਰਲ ਸਕੱਤਰ ਸੰਤ ਇੰਦਰ ਦਾਸ ਸੇਖੈ, ਸੀਨੀ. ਮੀਤ ਪ੍ਰਧਾਨ ਸੰਤ ਸਰਵਣ ਦਾਸ ਸਲੇਮਟਾਵਰੀ, ਮੀਤ ਪ੍ਰਧਾਨ ਸੰਤ ਬਲਵੰਤ ਸਿੰਘ ਡਿੰਗਰੀਆਂ, ਸੰਤ ਪਰਮਜੀਤ ਦਾਸ ਕੈਸ਼ੀਅਰ, ਸੰਤ ਧਰਮਪਾਲ ਸਟੇਜ ਸਕੱਤਰ, ਸੰਤ ਰਮੇਸ਼ ਦਾਸ ਡੇਰਾ ਕਲਰਾਂ ਸ਼ੇਰਪੁਰ, ਸੰਤ ਜਗੀਰ ਸਿੰਘ ਸਰਬੱਤ ਦਾ ਭਲਾ ਆਸ਼ਰਮ ਨੰਦਾਚੌਰ, ਸੰਤ ਰਾਮ ਸੇਵਕ ਹਰੀਪੁਰ ਖਾਲਸਾ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਸੰਤ ਸੰਤੋਖ ਦਾਸ ਸਾਹਰੀ, ਸੰਤ ਰਾਮ ਸਰੂਪ ਗਿਆਨੀ ਨਿਊ ਰਤਨਪੁਰੀ ਜੇਜੋਂ, ਸੰਤ ਵਿਨੈ ਮੁਨੀ ਜੰਮੂ, ਸੰਤ ਸ਼ਿੰਗਾਰਾ ਦਾਸ ਭੋਗਪੁਰ, ਸੰਤ ਬਲਕਾਰ ਸਿੰਘ ਵਡਾਲਾ, ਸੰਤ ਗੁਰਮੀਤ ਦਾਸ, ਸੰਤ ਪ੍ਰਮੇਸ਼ਵਰੀ ਦਾਸ ਸੇਖੋਂ, ਲਵਪ੍ਰੀਤ ਬੋਹਣ ਵੀ ਹਾਜਰ ਸਨ।

# ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾਂ ਤੋਂ ਬਾਅਦ ਸਿਆਸੀ ਪਾਰਟੀਆਂ ਨੂੰ ਸੌਂਪੀਆਂ ਵੋਟਰ ਸੂਚੀਆਂ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਰਾਹੁਲ ਚਾਬਾ ਦੀ ਮੌਜੂਦਗੀ ਵਿਚ ਅੱਜ 1 ਜਨਵਰੀ 2025 ਦੇ ਆਧਾਰ 'ਤੇ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਕਰ ਦਿੱਤੀ ਗਈ। ਇਸ ਦੌਰਾਨ ਜ਼ਿਲ੍ਹੇ ਦੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ ਅਤੇ ਉਨ੍ਹਾਂ ਨੂੰ ਵੋਟਰ ਸੂਚੀਆਂ ਦਾ ਇਕ-ਇਕ ਸੈਟ ਅਤੇ ਸੀ।ਡੀ ਵੀ ਪ੍ਰਦਾਨ ਕੀਤੀ ਗਈ।

ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਤੋਂ ਬਾਅਦ ਜ਼ਿਲ੍ਹੇ ਵਿਚ 1563 ਪੋਲਿੰਗ ਬੂਥ ਅਤੇ ਵੋਟਰਾਂ ਦੀ ਗਿਣਤੀ 1266037 ਹੋ ਗਈ ਹੈ ਜਿਸ ਵਿਚ 654433 ਪੁਰਸ਼, 611564 ਔਰਤਾਂ ਅਤੇ 40 ਥਰਡ ਜੈਂਡਰ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਖੇਤਰ 39 ਮੁਕੇਰੀਆਂ ਵਿਚ 251 ਪੋਲਿੰਗ ਬੂਥ ਅਤੇ ਵੋਟਰਾਂ ਦੀ ਗਿਣਤੀ 203876 ਹੈ, ਵਿਧਾਨ ਸਭਾ ਖੇਤਰ 40 ਦਸੂਹਾ ਵਿਚ ਪੋਲਿੰਗ ਬੂਥ 224 ਅਤੇ ਵੋਟਰਾਂ ਦੀ



ਗਿਣਤੀ 193603, ਵਿਧਾਨ ਸਭਾ ਖੇਤਰ 41 ਉੜਮੁੜ ਵਿਚ ਪੋਲਿੰਗ ਬੂਥ 221 ਅਤੇ ਵੋਟਰਾਂ ਦੀ ਗਿਣਤੀ 173035, ਵਿਧਾਨ ਸਭਾ ਖੇਤਰ ਸ਼ਾਮ ਚੁਰਾਸੀ ਵਿਚ ਪੋਲਿੰਗ ਬੂਥ 220 ਅਤੇ ਵੋਟਰਾਂ ਦੀ ਗਿਣਤੀ 174021, ਵਿਧਾਨ ਸਭਾ ਖੇਤਰ ਹੁਸ਼ਿਆਰਪੁਰ ਵਿਚ ਪੋਲਿੰਗ ਬੂਥ 214 ਅਤੇ ਵੋਟਰਾਂ ਦੀ ਗਿਣਤੀ 187815, ਵਿਧਾਨ ਸਭਾ ਖੇਤਰ ਚੱਬੇਵਾਲ ਵਿਚ ਪੋਲਿੰਗ ਬੂਥ 205 ਅਤੇ ਵੋਟਰਾਂ ਦੀ ਗਿਣਤੀ 160104 ਅਤੇ ਵਿਧਾਨ ਸਭਾ ਖੇਤਰ ਗੜ੍ਹਸ਼ੰਕਰ ਵਿਚ ਪੋਲਿੰਗ ਬੂਥ 228 ਅਤੇ ਵੋਟਰਾਂ ਦੀ ਗਿਣਤੀ 173583 ਹੈ। ਰਾਹੁਲ ਚਾਬਾ ਨੇ ਦੱਸਿਆ ਕਿ ਵੋਟਰ ਸੂਚੀਆਂ ਵਿਚ ਸੁਧਾਰ ਸਬੰਧੀ ਜ਼ਿਲ੍ਹਾ ਚੋਣ ਦਫ਼ਤਰ, ਸਬੰਧਤ ਚੋਣ ਰਜਿਸਟ੍ਰੇਸ਼ਨ ਅਧਿਕਾਰੀ ਦੇ ਦਫ਼ਤਰ ਅਤੇ ਬਲਾਕ ਲੈਵਲ ਅਧਿਕਾਰੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਤਹਿਸੀਲਦਾਰ ਚੋਣਾਂ ਸਰਬਜੀਤ ਸਿੰਘ, ਆਮ ਆਦਮੀ ਪਾਰਟੀ ਤੋਂ ਜੈ ਰਾਮ, ਇੰਡੀਅਨ ਨੈਸ਼ਨਲ ਕਾਂਗਰਸ ਤੋਂ ਰਜਨੀਸ਼ ਟੰਡਨ, ਸੀ।ਪੀ।ਆਈ (ਐਮ) ਤੋਂ ਬਲਵਿੰਦਰ ਸਿੰਘ ਅਤੇ ਭਾਰਤੀ ਜਨਤਾ ਪਾਰਟੀ ਤੋਂ ਭੂਸ਼ਣ ਕੁਮਾਰ ਸ਼ਰਮਾ ਵੀ ਮੌਜੂਦ ਸਨ।



ਪਾਵਰ ਆਫ ਸੋਸ਼ਲ ਯੂਨਿਟੀ ਵੱਲੋਂ ਐਡਵੋਕੇਟ ਸ੍ਰੀ ਸੁਖਚਰਨ ਸਿੰਘ ਸਾਹੋਕੇ, ਜੋ ਕਿ ਪੰਜਾਬ ਸਿਵਲ ਸਕੱਤਰੇਤ ਤੋਂ ਅੰਡਰ ਸਕੱਤਰ ਰਿਟਾਇਡਰ ਹਨ, ਉਹਨਾਂ ਦੀ ਟੀਮ ਦੀ ਸਮਾਜ ਪ੍ਰਤੀ ਵਫਾਦਾਰੀ ਨੂੰ ਵੇਖਦੇ ਹੋਏ ਬੀਤੀ 30 ਦਸੰਬਰ 2024 ਨੂੰ ਪਾਵਰ ਆਫ ਸੋਸ਼ਲ ਯੂਨਿਟੀ ਚੰਡੀਗੜ੍ਹ ਦਾ ਪ੍ਰਧਾਨ ਪ੍ਰਸੰਨਤਾ ਪੂਰਵਕ ਨਿਯੁਕਤ ਕੀਤਾ ਗਿਆ। ਸ੍ਰੀ ਸਾਹੋਕੇ ਅੱਜਕਲ੍ਹ ਮਕਾਨ ਨੰ: 219 ਸੈਕਟ+ 15 ਚੰਡੀਗੜ੍ਹ ਵਿਖੇ ਰਹਿੰਦੇ ਹਨ।

HAPPY BAZAAR
HAPPY BAZAAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com

# ਨਸ਼ੇ ਨੂੰ ਠੱਲ੍ਹ ਪਾਉਣ ਲਈ ਨਵੀਂ ਪਾਲਿਸੀ ਦੀ ਨਹੀਂ ਬਲਕਿ ਇਮਾਨਦਾਰੀ ਨਾਲ ਕੰਮ ਕਰਨ ਦੀ ਲੋੜ: ਅਰਵਿੰਦ ਖੰਨਾ

**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਨਵੀਂ ਯੋਜਨਾ ਦੀ ਨਹੀਂ ਬਲਕਿ ਇਮਾਨਦਾਰੀ ਨਾਲ ਇਸ ਵਿਰੁੱਧ ਕਦਮ ਚੁੱਕਣ ਦੀ ਜਰੂਰਤ ਹੈ। ਅੱਜ ਇੱਥੇ ਜਾਰੀ ਇੱਕ ਬਿਆਨ *ਚ ਸ਼੍ਰੀ ਖੰਨਾ ਨੇ ਕਿਹਾ ਕਿ ਸਰਕਾਰ ਨੇ ਨਵੀਂ ਪਾਲਿਸੀ ਬਣਾਉਣ ਦਾ ਐਲਾਨ ਕਰਕੇ ਖੁਦ ਹੀ ਸਾਬਿਤ ਕਰ ਦਿੱਤਾ ਹੈ ਕਿ ਇਹ



ਆਪਣੇ ਤਿੰਨ ਸਾਲ ਦੇ ਕਾਰਜਕਾਲ ਦੌਰਾਨ ਨਸ਼ੇ ਨੂੰ ਠੱਲ੍ਹ ਪਾਉਣ ਵਿੱਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਤਿੰਨ ਸਾਲ ਦੌਰਾਨ ਸੈਂਕੜੇ ਹੀ ਨੌਜਵਾਨ ਨਸ਼ੇ ਦੀ ਭੇਂਟ ਚੜ੍ਹ ਚੁੱਕੇ ਹਨ, ਜਿਸ ਲਈ ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ।

ਉਨ੍ਹਾਂ ਕਿਹਾ ਕਿ ਪਿਛਲੇ ਸਾਲ ਮੁੱਖ ਮੰਤਰੀ ਨੇ ਐਲਾਨ ਕੀਤਾ ਸੀ ਕਿ 26 ਜਨਵਰੀ ਤੱਕ ਪੰਜਾਬ ਵਿੱਚੋਂ ਨਸ਼ਾ ਖਤਮ ਕਰ ਦੇਵਾਂਗੇ ਅਤੇ ਹੁਣ ਸਾਲ ਬਾਅਦ ਇਸ ਸਬੰਧੀ ਨਵੀਂ ਪਾਲਿਸੀ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਜਿਸ ਤੋਂ ਸਾਬਿਤ ਹੁੰਦਾ ਹੈ ਕਿ ਇਹ ਸਰਕਾਰ ਨਸ਼ੇ ਦੇ ਸੌਦਾਗਰਾਂ ਦੇ ਅੱਗੇ ਹੱਥ ਖੜ੍ਹੇ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਮੂਰਖ ਨਹੀਂ ਹਨ ਜ਼ੋ ਸਰਕਾਰ ਵੱਲੋਂ ਲਏ ਜਾਂਦੇ ਬੇਤੁਕੇ ਫੈਸਲਿਆਂ ਨੂੰ ਕਬੂਲ ਕਰ ਲੈਣਗੇ। ਉਨ੍ਹਾਂ ਕਿਹਾ ਕਿ 2022 ਵਿੱਚ ਵੀ ਮੁੱਖ ਮੰਤਰੀ ਨੇ ਚਾਰ ਹਫਤਿਆਂ ਵਿੱਚ ਨਸ਼ਾ ਖਤਮ ਕਰਨ ਦਾ ਐਲਾਨ ਕੀਤਾ ਸੀ ਪਰ ਹਰ ਵਾਰ ਪੱਲੇ ਨਿਰਾਸ਼ਾ ਹੀ ਪਾਈ ਹੈ।

ਉਨ੍ਹਾਂ ਕਿਹਾ ਕਿ ਜਿੰਨੀ ਦੇਰ ਸਰਕਾਰ ਇਮਾਨਦਾਰੀ ਨਾਲ ਨਸ਼ੇ ਨੂੰ ਠੱਲ੍ਹ ਪਾਉਣ ਲਈ ਯਤਨ ਨਹੀਂ ਕਰੇਗੀ ਤਦ ਤੱਕ ਜਿੰਨੀਆਂ ਮਰਜ਼ੀ ਯੋਜਨਾਵਾਂ ਬਣਾਈ ਜਾਵੇ, ਜਿੰਨ੍ਹੇ ਮਰਜ਼ੀ ਐਲਾਨ ਕਰੀ ਜਾਵੇ ਇਸ ਦਾ ਕੋਈ ਫਾਇਦਾ ਨਹੀਂ ਹੋਣ ਵਾਲਾ ਹੈ।ਉਨ੍ਹਾਂ ਕਿਹਾ ਕਿ ਫੋਕੀਆਂ ਫੜ੍ਹਾਂ ਮਾਰ ਕੇ ਨਸ਼ੇ ਨੂੰ ਠੱਲ੍ਹ ਨਹੀਂ ਪਾਈ ਜਾ ਸਕਦੀ। ਉਨ੍ਹਾਂ ਪਾਰਟੀ ਪ੍ਰਧਾਨ ਅਮਨ ਅਰੋੜਾ ਨੂੰ ਵੀ ਸਵਾਲ ਕੀਤਾ ਕਿ ਉਹ ਦੱਸਣ ਕਿ ਪਿਛਲੇ ਤਿੰਨ ਸਾਲ ਦੌਰਾਨ ਨਸ਼ੇ ਦੀ ਭੇਂਟ ਚੜ੍ਹੇ ਨੌਜਵਾਨਾਂ ਦੀ ਮੌਤ ਦਾ ਕੌਣ ਜ਼ਿੰਮੇਵਾਰ ਹੈ।

# ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਦੇ ਜੇਤੂ ਵਿਦਿਆਰਥੀਆਂ ਦਾ ਸਨਮਾਨ, ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਨਾਲ ਜੋੜਨ ਲਈ ਉਪਰਾਲਾ



**ਲਹਿਰਾਗਾਗਾ, (ਦਲਜੀਤ ਕੌਰ)** ਤਰਕਸ਼ੀਲ ਸੁਸਾਇਟੀ, ਪੰਜਾਬ ਵੱਲੋਂ ਸੂਬੇ ਭਰ 'ਚ ਆਯੋਜਿਤ ਕਰਵਾਈ 6ਵੀਂ 'ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ' ਵਿੱਚ ਸੀਬਾ ਇੰਟਰਨੈਸ਼ਨਲ ਪਬਲਿਕ ਸਕੂਲ, ਲਹਿਰਾਗਾਗਾ ਦੇ 22 ਵਿਦਿਆਰਥੀਆਂ ਨੇ ਵਧੀਆ ਅੰਕ ਹਾਸਲ ਕਰਦਿਆਂ ਨਾਮਣਾ ਖੱਟਿਆ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਡੀਨ ਭਾਸ਼ਾਵਾਂ ਡਾ। ਰਾਜਿੰਦਰਪਾਲ ਸਿੰਘ ਬਰਾੜ, ਸੁਸਾਇਟੀ ਦੇ ਜੋਨ ਮੁਖੀ ਪਰਮਵੇਦ, ਮਾਸਟਰ ਬਲਬੀਰ ਚੰਦ ਲੌਂਗੋਵਾਲ ਅਤੇ ਹੋਰ ਅਹਿਮ ਸਖ਼ਸ਼ੀਅਤਾਂ ਨੇ ਜੇਤੂ ਵਿਦਿਆਰਥੀਆਂ ਸਹਿਜਨੂਰ ਕੌਰ, ਅਰਸ਼ਦੀਪ ਕੌਰ, ਹਰਜੋਤ ਕੌਰ, ਹਰਨੂਰ ਸਿੰਘ, ਗੁਰਸੀਰਤ ਕੌਰ, ਨਿਸ਼ਠਾ, ਧੰਨਵੀਰ ਸ਼ਰਮਾ, ਆਰੂਸ਼ ਗੋਇਲ, ਏਕਮਜੋਤ ਕੌਰ, ਅਭਿਨੂਰ ਕੌਰ, ਰਣਜੋਧ ਸਿੰਘ, ਰਵਨੀਤ ਕੌਰ, ਨਵਜੋਤ ਕੌਰ, ਦਿਲਪ੍ਰੀਤ ਕੌਰ, ਪ੍ਰਿਆ ਵਰਮਾ, ਲਵਪ੍ਰੀਤ ਕੌਰ, ਹਰਜੀਤ ਸਿੰਘ, ਹਰਮਨਪ੍ਰੀਤ ਕੌਰ, ਸ਼ੁਭਪ੍ਰੀਤ ਸਿੰਘ, ਮਨਪ੍ਰੀਤ ਕੌਰ, ਹਰਮਨਜੋਤ ਕੌਰ, ਕੋਮਲਪ੍ਰੀਤ ਕੌਰ, ਪ੍ਰੀਖਿਆ ਦੇ ਸਕੂਲ ਇੰਚਾਰਜ ਅਧਿਆਪਕਾਂ ਰਣਦੀਪ ਸੰਗਤਪੁਰਾ ਅਤੇ ਹਰਪ੍ਰੀਤ ਸਿੰਘ ਨੂੰ ਸਨਮਾਨਿਤ ਕੀਤਾ। ਇਸ ਪ੍ਰੀਖਿਆ ਵਿੱਚ ਸਕੂਲ ਦੇ ਕੁੱਲ 226 ਵਿਦਿਆਰਥੀਆਂ ਨੇ ਭਾਗ ਲਿਆ ਸੀ। ਇਸ ਪ੍ਰੀਖਿਆ ਦੌਰਾਨ ਮਿਡਲ ਅਤੇ ਸੈਕੰਡਰੀ ਵਰਗ ਦੇ ਦੋ ਵਰਗ ਬਣਾਏ ਗਏ ਸਨ। ਇਸ ਪ੍ਰੀਖਿਆ ਦੌਰਾਨ ਵਿਦਿਆਰਥੀਆਂ ਨੂੰ ਗਿਆਨ-ਵਿਗਿਆਨ ਅਤੇ ਚਲੰਤ ਮਸਲਿਆਂ ਨਾਲ ਸਬੰਧਿਤ 100 ਪ੍ਰਸ਼ਨ ਪੁੱਛੇ ਗਏ ਸਨ। ਪ੍ਰੀਖਿਆ ਦਾ ਮੁੱਖ ਮੰਤਵ ਵਿਦਿਆਰਥੀਆਂ ਅੰਦਰ ਵਿਗਿਆਨਕ ਨਜ਼ਰੀਆ ਪੈਦਾ ਕਰਨਾ ਅਤੇ ਤਰਕਸ਼ੀਲ ਸੋਚ ਦਾ ਦਾਇਰਾ ਵਿਸ਼ਾਲ ਕਰਨਾ ਹੈ।

ਸਕੂਲ ਪ੍ਰਬੰਧਕ ਕੰਵਲਜੀਤ ਸਿੰਘ ਢੀਂਡਸਾ, ਮੈਡਮ ਅਮਨ ਢੀਂਡਸਾ ਅਤੇ ਪ੍ਰਿੰਸੀਪਲ ਸੁਨੀਤਾ ਨੰਦਾ ਨੇ ਕਿਹਾ ਕਿ ਵਿਦਿਆਰਥੀਆਂ ਅੰਦਰ ਵਿਗਿਆਨਕ ਸੋਚ ਵਿਕਸਤ ਕਰਨ ਦੇ ਅਜਿਹੇ ਉੱਦਮ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਵਧਾਈ ਦੀ ਹੱਕਦਾਰ ਹੈ ਤੇ ਉਨ੍ਹਾਂ ਨੂੰ ਅਜਿਹੇ ਪ੍ਰੋਗਰਾਮਾਂ ਵਿੱਚ ਲਗਾਤਾਰਤਾ ਰੱਖਣੀ ਚਾਹੀਦੀ ਹੈ। ਉਨ੍ਹਾਂ ਵਿਦਿਆਰਥੀਆਂ, ਆਧਿਆਪਕਾਂ ਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਅਪਣਾ ਸੋਚਣ ਢੰਗ ਵਿਗਿਆਨਕ ਬਣਾਉਣ ਦਾ ਸੁਨੇਹਾ ਦਿੱਤਾ। ਇਸ ਮੌਕੇ ਹਰਵਿੰਦਰ ਸਿੰਘ, ਨਰੇਸ਼ ਚੌਧਰੀ, ਆਸ਼ਾ ਗੋਇਲ, ਰੋਹਿਤ ਸ਼ਰਮਾ ਅਤੇ ਸਾਕਸ਼ੀ ਗਰਗ ਮੌਜੂਦ ਸਨ।

# ਪ੍ਰਸਿਧ ਗਾਇਕ ਸੋਡੀ ਮੱਲ ਦੇ "ਨਾਨਕਾ ਮੇਲ" ਗੀਤ ਨੂੰ ਹਰ ਵਰਗ ਦੇ ਸਰੋਤੇ ਪ੍ਰਵਾਨ ਕਰਨਗੇ



**ਰੋਮ (ਇਟਲੀ ) (ਟੇਕ ਚੰਦ ਜਗਤਪੁਰ)–** ਪ੍ਰਸਿੱਧ ਗਾਇਕ ਸੋਡੀ ਮੱਲ ਦਾ ਨਵਾਂ ਗੀਤ' ਨਾਨਕਾ ਮੇਲ" ਵਿਆਹ ਸ਼ਾਦੀਆਂ ਤੇ ਹੋਰ ਸਮਾਗਮਾਂ ਵਿੱਚ ਡੀਜੇ ਰਾਹੀਂ ਧਮਾਲਾਂ ਪਾਵੇਗਾ।ਇਸ ਗੀਤ ਸਬੰਧੀ ਗੱਲਬਾਤ ਕਰਦਿਆ ਗੁਰਮੀਤ ਸਿੰਘ ਮੱਲੀ ਨੇ ਕਿਹਾ ਕਿ ਇਸ ਗੀਤ ਨੂੰ ਗਾਇਕ ਸੋਢੀ ਮੱਲ ਨੇ ਬਹੁਤ ਹੀ ਖੂਬਸੂਰਤ ਅੰਦਾਜ਼ ਦੇ ਵਿੱਚ ਪੇਸ਼ ਕੀਤਾ ਹੈ। ਇਹ ਗੀਤ ਪੰਜਾਬੀ ਸੱਭਿਆਚਾਰਕ ਦੀ ਜਿਉਦੀ ਜਾਗਦੀ ਤਸਵੀਰ ਪੇਸ਼ ਕਰੇਗਾ। ਇਹ ਗੀਤ ਪਰਿਵਾਰਕ ਰਿਸ਼ਤਿਆਂ ਦੀਆਂ ਤੰਦਾਂ ਦੇ ਮੋਹ ਨੂੰ ਵੀ ਪ੍ਰਗਟ ਕਰੇਗਾ।ਇਹ ਗੀਤ ਗੀਤਕਾਰ ਗੁਰਮੀਤ ਸਿੰਘ ਮੱਲੀ ਦੀ ਕਲਮ ਚੋਂ ਲਿਖਿਆ ਗਿਆ ਹੈ। ਇਸ ਗੀਤ ਦਾ ਮਿਊਜਿਕ ਅਮਰ ਦਾ ਮਿਊਜਿਕ ਮਾਈਰਰ ਵਲੋਂ ਦਿੱਤਾ ਗਿਆ ਹੈ। ਨੂਰ ਰਿਕਾਰਡ ਵਲੋ ਇਸ ਗੀਤ ਨੂੰ ਰਿਲੀਜ਼ ਕੀਤਾ ਜਾਵੇਗਾ। ਇਹ ਗੀਤ ਹਰ ਵਿਆਹ ,ਸ਼ਾਦੀਆਂ ਦੀਆਂ ਵੀਡੀ ਚ ਵੀ ਨੌਜਵਾਨ ਵਰਗ ਦੀ ਪਹਿਲੀ ਪਸੰਦ ਬਨਣ ਦੇ ਨਾਲ-ਨਾਲ ਲੋਕ ਬੁੱਲਾਂ ਤੇ ਚਰਚਿਤ ਹੋਵੇਗਾ। ਇਟਲੀ ਵਿੱਚ ਇਸ ਗੀਤ ਦਾ ਪੋਸਟਰ ਸੋਡੀ ਮੱਲ ਵਲੋ ਵੀ ਰਿਲੀਜ ਕੀਤਾ ਗਿਆ।




# ਮਨੁੱਖੀ ਜੀਵਨ

ਮਨੁੱਖੀ ਜੀਵਨ ਵਿੱਚ ਪੁਰਖਿਆਂ ਨੂੰ ਯਾਦ ਕਰਨਾ ਚਾਹੀਦਾ ਹੈ। ਤੰਗੀਆਂ ਤੁਰਸ਼ੀਆਂ ਚੋਂ ਗੁਜ਼ਰਦੇ ਹੋਏ ਵੀ ਸਮਾਜ ਨੂੰ ਉੱਜਲ ਅਤੇ ਖ਼ੁਸ਼ਹਾਲ ਕਰਨ ਲਈ ਤਤਪਰ ਰਹਿਣਾ, ਮਾਣਮੱਤੇ ਪੁਰਖਿਆਂ ਦੀ ਯਾਦ ਨੂੰ ਤਾਜ਼ਾ ਰੱਖਦਾ ਹੈ।

ਸਮਾਂ ਆਪਣੀ ਰਫ਼ਤਾਰ ਨਾਲ ਚੱਲਦਾ ਜਾ ਰਿਹਾ ਹੈ। ਜੀਵਨ ਹਰ ਪਲ ਹਰ ਘੜੀ ਆਪਣੀ ਮੰਜ਼ਿਲ ਵੱਲ ਵੱਧ ਰਿਹਾ ਹੈ। ਸਿਆਣਾ ਬੰਦਾ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਆਪਣੀ ਜ਼ਿੰਦਗੀ ਦੇ ਹਰ ਪਲ ਦਾ ਬੜੇ ਹੀ ਧਿਆਨ ਨਾਲ ਇਸਤੇਮਾਲ ਕਰਦਾ ਹੈ, ਉਮਰ 'ਚ ਵੱਡਿਆਂ ਦਾ ਸਤਿਕਾਰ, ਛੋਟੀ ਉਮਰ ਵਾਲਿਆਂ ਨਾਲ ਪਿਆਰ ਅਤੇ ਹਾਣੀਆਂ ਨਾਲ ਨਿੱਘ ਪ੍ਰਗਟਾਉਂਦੇ ਹੋਏ ਜੀਵਨ ਦਾ ਇੱਕ ਅਹਿਮ ਹਿੱਸਾ ਬਿਤਾਉਂਦਾ ਹੈ।

ਵਰਤਮਾਨ ਸਮੇਂ ਵਿੱਚ ਬਹੁਤ ਕੁਝ ਬਦਲ ਰਿਹਾ ਹੈ। ਸਮਾਜ ਦਾ ਤਾਣਾ ਬਾਣਾ ਉਨ੍ਹਾਂ ਲੋਕਾਂ ਦੇ ਹੱਥਾਂ ਵਿੱਚ ਹੈ ਜਿਨ੍ਹਾਂ ਨੂੰ ਆਪਣੇ ਨਿੱਜੀ ਜੀਵਨ ਤੋਂ ਬਿਨਾਂ ਹੋਰ ਕੁਝ ਵੀ ਨਜ਼ਰ ਨਹੀਂ ਆਉਂਦਾ। ਕਾਸ਼ ਉਹ ਲੋਕ ਆਪਣੇ ਨਿੱਜਵਾਦ ਨੂੰ ਸਮਾਜ




ਜਾਂ ਸਾਂਝੇਦਾਰੀ ਹਿੱਤਾਂ ਲਈ ਵਰਤਣ ਤਾਂ ਧਰਤੀਆਂ ਉੱਤੇ ਵੱਸਦੀ ਦੁਨੀਆਂ ਇੱਕ ਆਪਸੀ ਭਾਈਚਾਰਕ ਸਾਂਝ ਨੂੰ ਕਾਇਮ ਰੱਖ ਸਕਦੀ। ਪੰਦਰਵੀਂ ਸਦੀ ਤੋਂ ਇੱਕੀਵੀਂ ਸਦੀ ਦਾ ਇਤਿਹਾਸਿਕ ਸਫ਼ਰ ਤੈਅ ਕਰਨ ਉਪਰੰਤ ਪਤਾ ਲੱਗਦਾ ਕਿ ਅੱਜ ਮਨੁੱਖ ਨੂੰ ਮਨੁੱਖ ਤੋਂ ਦੂਰ ਕੀਤਾ ਜਾ ਰਿਹਾ ਹੈ। "ਏਕੇ" ਜਾਂ ਮਿਲਵਰਤਣ ਵਾਲੇ ਸਿਧਾਂਤ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਜ਼ਿੰਦਗੀ ਦਾ ਅਹਿਮ ਹਿੱਸਾ ਲੋਕਾਈ ਨੂੰ ਇਕੱਠਾ ਅਤੇ ਸਾਂਝਾਂ ਵਾਲਾ ਮਾਹੌਲ ਬਣਾਉਣ ਲਈ ਬਿਤਾਇਆ ਸੀ। ਉਨ੍ਹਾਂ ਤੋਂ ਪਹਿਲਾਂ ਅਤੇ ਬਾਅਦ ਭਾਵ ਅੱਜ ਤੱਕ ਵੀ ਵੱਡੇ-ਵੱਡੇ ਗੁਰੂ ਰੂਪੀ ਦਾਰਸ਼ਨਿਕਾਂ ਦੇ ਯਤਨਾਂ ਨੂੰ ਕੁੱਝ ਸੀਮਤ ਲੋਕਾਂ ਨੇ ਹੀ ਸਮਝਿਆ ਹੈ। ਧਰਤੀਆਂ ਨੂੰ ਬੰਜਰ ਹੋਣ ਤੋਂ ਬਚਾਉਣ ਲਈ ਅਤੇ ਖੁਸ਼ਹਾਲ ਸਮਾਜ ਸਿਰਜਣ ਵਾਲੇ ਅਜੇ ਤੱਕ ਲੁੱਟੀ-ਪੁੱਟੀ ਕਿਰਤੀ ਵਰਗ ਦੇ ਦਿਲਾਂ ਦੀ ਧੜਕਣ ਨਹੀਂ ਬਣ ਸਕੇ ਉਨ੍ਹਾਂ ਵਲੋਂ ਕੀਤੇ ਕੰਮ ਉਸਾਰੂ ਢੰਗ ਆਦਿ ਸਭ ਕੁਝ ਖੰਭ ਲਾ ਕੇ ਉੱਡ ਗਏ ਜਾਪਦੇ ਹਨ। ਇਹ ਸਾਰਾ ਘਟਨਾਕ੍ਰਮ ਅਚਨਚੇਤ ਨਹੀਂ ਹੋਇਆ ਇਸ ਪਿੱਛੇ ਸੈਂਕੜੇ ਸਾਲਾਂ ਦੀ ਕਹਾਣੀ ਹੈ। ਸਮਾਜ ਨੂੰ ਦੋ ਹਿੱਸਿਆਂ ਦੀ ਵਰਗ ਵੰਡ ( ਕਿਰਤੀ ਵਰਗ ਅਤੇ ਲੁਟੇਰਾ ਵਰਗ) ਦੇ ਪਿੱਛੇ ਇਕ ਐਸੀ ਚਾਲ ਵਾਲਾ ਪਰਿਵਾਰ ਹੈ ਜੋ ਲੁਕਿਆ ਹੋਇਆ ਹੈ ਛੁੱਪਕੇ ਰਹਿੰਦਾ ਹੈ, ਆਪਣੇ ਆਪ ਨੂੰ ਇਲਾਹੀ ਸ਼ਕਤੀ ਵਲੋਂ ਸਾਜਿਆ ਹੋਇਆ ਦੱਸਦਾ ਹੈ। ਆਪ ਪਿੱਛੇ ਬੈਠਕੇ ਇੱਕ ਅੱਖ ਖੁੱਲ੍ਹੀ ਰੱਖਕੇ ਆਪਣੀਆਂ ਬੇਹੂਦਾ ਹਰਕਤਾਂ ਅਤੇ ਭਾਵਨਾਵਾਂ ਦਾ ਨਿਰੀਖਣ ਕਰਦਾ ਹੈ। ਦੁਨੀਆਂ ਦੇ ਕਾਰਪੋਰੇਟ ਘਰਾਣੇ ( ਮਾਇਆ ਧਾਰੀ ਅਮੀਰ ਅਤੇ ਨਿਰਬਾਹ ਸਾਧਨਾਂ ਉੱਤੇ ਕਬਜ਼ਾ-ਧਾਰੀ) ਉਸ ਦੀ ਸ਼ਤਰੰਜ ਦੇ ਪਿਆਦੇ ਹਨ। (ਕਾਰਪੋਰੇਟ ਸ਼ਬਦ ਉੱਤੇ ਲੁਟੇਰਾ ਵਰਗ ਕਾਬਜ਼ ਹੈ ਜਦਕਿ ਕਾਰਪੋਰੇਟ ਸ਼ਬਦ ਸਮਾਜ ਦੀ ਭਲਾਈ ਲਈ ਊਰਜਾ ਵਧਾਉਣ ਵਾਲਾ ਹੈ ਜਿਸ ਨੂੰ ਦੋਸਤ, ਯਾਰ-ਮਿੱਤਰ ਆਦਿ ਦੇ ਸ਼ਬਦਾਂ ਨਾਲ ਬਿਆਨ ਕੀਤਾ ਜਾ ਸਕਦਾ ਹੈ।) ਉਸ ਨੂੰ ਸਮਝਣਾ ਅਤੇ ਅਦਿੱਖ ਸ਼ਕਤੀ ਵਾਰੇ ਜਨਤਾ ਨੂੰ ਜਾਣੂ ਕਰਵਾਉਣਾ ਚਾਹੀਦਾ ਹੈ। ਸੰਸਾਰ ਵਿੱਚ ਜੀਵਨ ਨਿਰਬਾਹ ਕਰਨ ਲਈ ਸਾਧਨਾਂ ਦੀ ਲੋੜ ਹੁੰਦੀ ਹੈ ਅਤੇ ਸਾਧਨ ਲੈਣ ਲਈ ਮਾਇਆ ਚਾਹੀਦੀ ਹੈ। ਮਾਇਆ ਬੈਂਕਾਂ ਵਿੱਚ ਹੈ ਅਤੇ ਬੈਂਕਾਂ ਦੀ ਮਾਲਕੀ ਉਹ ਇਲਾਹੀ ਸ਼ਕਤੀ ਦੇ ਬਣਾਏ ਹੋਏ ਟੱਬਰ ਕੋਲ ਹੈ। ਕਿਉਂਕਿ ਮਾਇਆ ਬਿਨਾ ਸਾਰਾ ਤਾਣਾ-ਵਾਣਾ ਠੱਪ ਹੋ ਸਕਦਾ ਹੈ ਜਿਸਦੀ ਜਾਣਕਾਰੀ ਜਾਣੇ ਅਣਜਾਣੇ ਸਭ ਨੂੰ ਹੀ ਹੈ।

ਅੱਜ ਸਮਾਂ ਆ ਗਿਆ ਹੈ ਕਿ ਹਰ ਵਿਅਕਤੀ ਜੋ ਮੁਸ਼ਕਿਲ ਵਿੱਚ ਦੀ ਲੰਘ ਰਿਹਾ ਹੈ ਉਸ ਨੂੰ ਇਹ ਜਾਣਨ ਦੀ ਕੋਸ਼ਿਸ਼ ਕਰਨੀ ਹੋਵੇਗੀ ਕਿ ਮੁਸ਼ਕਿਲ ਪੈਦਾ ਕਿਉਂ ਹੁੰਦੀ ਹੈ। ਕਾਰਨ ਲੱਭਣ ਲਈ ਸਾਰੇ ਸੰਸਾਰ ਨੂੰ ਧਿਆਨ ਨਾਲ ਦੇਖਣਾ ਅਤੇ ਘੋਖਣਾ ਪਵੇਗਾ। ਦੁਨੀਆਂ ਭਰ ਵਿੱਚ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਹਨ ਆਵਾਜ਼ ਬੁਲੰਦ ਕਰ ਰਹੇ ਹਨ। ਬੇਰੁਜ਼ਗਾਰੀ , ਅਨਪੜ੍ਹਤਾ , ਸਮਾਜਿਕ ਨਾ-ਬਰਾਬਰੀ, ਆਰਥਿਕ ਨਾ-ਬਰਾਬਰੀ , ਦੇਸ਼ਾਂ ਦੀਆਂ ਦੇਸ਼ਾਂ ਨਾਲ ਜੰਗਾਂ ਹੋ ਰਹੀਆਂ ਹਨ , ਵੱਖ-ਵੱਖ ਦੇਸ਼ਾਂ ਵਿੱਚ ਕਿਰਤੀ ਵਰਗ ਆਪਣੀ ਮਿਹਨਤ ਦਾ ਮੁੱਲ ਮੰਗ ਰਿਹਾ ਹੈ, ਕਿਸਾਨ ਆਪਣੀਆਂ ਜ਼ਮੀਨਾਂ ਨੂੰ ਬਚਾਉਣ ਲਈ ਅਤੇ ਫਸਲਾਂ ਦਾ ਸਾਰਥਿਕ ਭਾਅ ਮੰਗ ਰਿਹਾ ਹੈ, ਫੈਕਟਰੀ ਮਜ਼ਦੂਰ ਅਤੇ ਟਰਾਂਸਪੋਰਟ ਕਾਮੇ ਜਿਸ ਵਿੱਚ ਬੱਸਾਂ ਅਤੇ ਟਰੱਕ ਆਦਿ ਸ਼ਾਮਲ ਕਾਮੇ ਆਪਣੇ ਵਗਦੇ ਪਸੀਨੇ ਦਾ ਹੱਕ ਮੰਗ ਰਹੇ ਹਨ। ਇਹ ਹੱਕੀ ਸੰਗਰਾਮ-ਸੰਘਰਸ਼ ਭਾਰਤ ਵਿੱਚ ਹੀ ਨਹੀਂ ਹੋ ਰਿਹਾ ਤਕਰੀਬਨ ਸਾਰੇ ਦੇਸ਼ਾਂ ਵਿੱਚ ਫਰਾਂਸ, ਜਰਮਨ, ਕੈਨੇਡਾ ਅਮਰੀਕਾ ਅਤੇ ਚੀਨ ਆਦਿ ਦੇਸ਼ਾਂ ਵਿੱਚ ਵੀ ਹੋ ਰਿਹਾ ਹੈ।

ਆਓ, ਸਾਡੇ ਕੋਲ ਜੋ ਵੀ ਜਾਣਕਾਰੀ (ਗਿਆਨ) ਹੈ ਦਾ ਇਸਤੇਮਾਲ ਸਮਾਜ ਦੀ ਸ਼ਾਂਤੀ ਅਤੇ ਖੁਸ਼ਹਾਲੀ ਲਈ ਸੇਧਿਤ ਕਰੀਏ। ਇਸ ਨੂੰ ਪਸੀਜੀ ਜਾ ਰਹੀ ਸਧਾਰਨ ਜਨਤਾ ਤੱਕ ਪਹੁੰਚਾਉਣ ਲਈ ਅਤੇ ਕਿਰਤੀ ਵਰਗ ਦੀ ਨਿਘਾਰ ਵੱਲ ਜਾ ਰਹੀ ਹਾਲਤ ਨੂੰ ਸੁਧਾਰਨ ਲਈ ਆਪਣੀ ਯਥਾ-ਸ਼ਕਤੀ ਅਨੁਸਾਰ ਕਦਮ ਵਧਾਉਂਦੇ ਹੋਏ ਸੰਵਾਦ ਰਚਾਉਣ ਲਈ ਛੋਟੀਆਂ ਛੋਟੀਆਂ ਬੈਠਕਾਂ ਕਰੀਏ। ਖੁਸ਼ਹਾਲ ਸਮਾਜ ਦੀ ਸਿਰਜਣਾ ਲਈ ਹਿੱਸਾ ਪਾਈਏ। ਉਸਾਰੂ ਅਤੇ ਮਾਣਮੱਤੀ ਰੀਤ ਦਾ ਚਾਨਣ ਫੈਲਾਉਣ ਲਈ ਪੁਰਖਿਆਂ ਨੂੰ ਯਾਦ ਕਰੀਏ।

**ਮਨਮੋਹਨ ਪੂਨੀ (ਨਿਊਯਾਰਕ)**
(1-347-753-5940 )

# ਸੁਹਾਵਣੇ ਅਤੇ ਮਨਮੋਹਕ ਮੌਸਮ ਦੀ ਆਮਦ ਦਾ ਤਿਉਹਾਰ-ਲੋਹੜੀ

ਪੰਜਾਬ ਦੇ ਮੌਸਮ ਬਹੁਤ ਹੀ ਸੁਹਾਵਣੇ ਅਤੇ ਮਨਮੋਹਕ ਹਨ।ਇੱਥੇ ਵਾਰੀ ਵਾਰੀ ਗਰਮੀ, ਸਰਦੀ,ਸਾਵਣ, ਪੱਤਝੜ,ਬਸੰਤ ਰੁੱਤਾਂ ਆਪਣੇ ਨਾਲ ਵੱਖ ਵੱਖ ਸੱਭਿਆਚਾਰਕ ਤਿਉਹਾਰ, ਪੁਰਬ, ਮੇਲੇ ਆਦਿ ਲੈਕੇ ਆਉਂਦੀਆਂ ਹਨ। ਪੰਜਾਬੀ ਸੱਭਿਆਚਾਰ ਨਾਲ ਜੁੜਿਆ ਹਰ ਦੇਸੀ ਮਹੀਨੇ ਕੋਈ ਨਾ ਕੋਈ ਤਿੱਥ ਤਿਉਹਾਰ ਜਰੂਰ ਆਉਂਦਾ ਹੈ। ਪੋਹ ਦੇ ਮਹੀਨੇ ਦੀ ਹੱਡ ਚੀਰਵੀਂ ਠੰਡ, ਘਾਹ ਉੱਤੇ ਜੰਮਿਆ ਕੱਕਰ ਕੋਹਰਾ,ਠੰਡੀਆਂ ਸੁੰਨ ਰਾਤਾਂ ਅਤੇ ਕੱਕਰੀਲੀਆਂ ਹਵਾਵਾਂ ਜਦੋਂ ਸਰੀਰ ਨੂੰ ਠੰਡਾ-ਸੁੰਨ ਕਰਦੀਆਂ ਹਨ ਤਾਂ ਭੱਠੀ ਦੀ ਭੁੰਨੀ ਮੂੰਗਫਲੀ, ਗੁੜ੍ਹ, ਅਲਸੀ ਦੀਆਂ ਪਿੰਨੀਆਂ, ਤਿਲਾਂ ਦੀ ਗੱਚਕ, ਰਿਉੜੀਆਂ ਆਦਿ ਮਨੁੱਖੀ ਸਰੀਰ ਨੂੰ ਅੰਦਰੂਨੀ ਗਰਮੀ ਦਿੰਦੀਆਂ ਹਨ।



ਇੰਜੀ. ਸਤਨਾਮ ਸਿੰਘ ਮੱਟੂ
91-97797-08257

ਲੰਮੀਆਂ ਅਤੇ ਠੰਡੀਆਂ ਰਾਤਾਂ ਅਤੇ ਨਿੱਕੇ ਦਿਨਾਂ ਤੋਂ ਬਾਅਦ ਦਿਨਾਂ ਦੇ ਖੁੱਲਣ ਨਾਲ ਸੂਰਜ ਦੀ ਧੁੱਪ ਜਦੋਂ ਨਿੱਘਾ ਨਿੱਘਾ ਅਹਿਸਾਸ ਕਰਾਉਣ ਲੱਗੇ ਤਾਂ ਲੋਹੜੀ ਦੇ ਤਿਉਹਾਰ ਦੀ ਉਡੀਕ ਹੋਣੀ ਸੁਭਾਵਿਕ ਹੈ। ਇਹ ਤਿਉਹਾਰ ਹਰ ਸਾਲ ਦੇਸੀ ਮਹੀਨੇ ਮਾਘ ਦੀ ਸੰਗਰਾਂਦ ਤੋਂ ਇੱਕ ਦਿਨ ਪਹਿਲਾਂ ਮਨਾਇਆ ਜਾਂਦਾ ਹੈ। ਖੁਸ਼ੀਆਂ ਅਤੇ ਸ਼ਗਨਾਂ ਦਾ ਇਹ ਤਿਉਹਾਰ ਸਰਦੀਆਂ ਦੇ ਅੰਤ ਅਤੇ ਹਾੜ੍ਹੀ ਦੀਆਂ ਫਸਲਾਂ ਦੀ ਪ੍ਰਫੁੱਲਤਾ ਦਾ ਵੀ ਪ੍ਰਤੀਕ ਹੈ। ਇਸ ਸਮੇਂ ਸੁੰਦਰ ਅੱਲੜ੍ਹ ਮੁਟਿਆਰ ਵਾਂਗ ਕਣਕਾਂ, ਜੌਂਅ, ਸਰੋਂ, ਤੋਰੀਆ, ਤਿਲ, ਅਲਸੀ ਆਦਿ ਫਸਲਾਂ ਜ਼ੋਬਨ ਹੁੰਦੇ ਹਨ। ਇਹ ਫਸਲਾਂ ਖੇਤਾਂ ਵਿੱਚ ਝੂਮਦੀਆਂ ਅਤੇ ਨੱਚਦੀਆਂ ਲੱਗਦੀਆਂ ਹਨ।



ਇਹ ਲੋਹੜੀ ਦਾ ਤਿਉਹਾਰ ਸਾਡੀ ਭਾਈਚਾਰਕ ਸਾਂਝ, ਸੱਭਿਆਚਾਰਕ ਕਦਰਾਂ-ਕੀਮਤਾਂ, ਇੱਕਮੁੱਠਤਾ, ਏਕਤਾ ਅਤੇ ਪਿਆਰ ਦਾ ਸੁਨੇਹਾ ਦਿੰਦਾ ਹੈ। ਇਹ ਰੁੱਤਾਂ ਨਾਲ ਜੁੜਿਆ ਪੰਜਾਬ ਦਾ ਪਰੰਮਪਰਾਗਤ ਤਿਉਹਾਰ ਹੈ। ਲੋਹੜੀ ਦੋ ਸ਼ਬਦਾਂ ਤਿਲ ਅਤੇ ਰੋੜੀ ਦਾ ਸੁਮੇਲ ਹੈ। ਮੂੰਗਫਲੀ ਦੀ ਗਰਮਾਹਟ ਸਮਾਜਿਕ ਰਿਸ਼ਤਿਆਂ 'ਚ ਨਿੱਘ ਅਤੇ ਰਿਉੜੀਆਂ ਮਿਠਾਸ ਜਿਹਾ ਅਹਿਸਾਸ ਕਰਵਾਉਂਦੇ ਹਨ ਅਤੇ ਭਾਈਚਾਰਕ ਸਾਂਝ ਵਿੱਚ ਪਰਪੱਕਤਾ ਲਿਆਉਂਦੇ ਹਨ।

ਡਾ. ਜੋਗਾ ਸਿੰਘ ਲੋਹੜੀ ਦੇ ਤਿਉਹਾਰ ਬਾਰੇ ਪੰਜਾਬੀ ਕੋਸ਼ ਵਿੱਚ ਲਿਖਦੇ ਹਨ ਕਿ ਲੋਹੜੀ ਇੱਕ ਤਿਉਹਾਰ ਹੈ, ਜਿਹੜਾ ਪੋਹ ਮਹੀਨੇ ਦੀ ਆਖਰੀ ਰਾਤ ਨੂੰ ਮਨਾਇਆ ਜਾਂਦਾ ਹੈ।

ਪ੍ਰੋ. ਕਿਰਪਾਲ ਸਿੰਘ ਕਜ਼ਾਕ ਨੇ ਪੰਜਾਬੀ ਸੱਭਿਆਚਾਰ ਸ਼ਬਦਾਵਲੀ ਕੋਸ਼ ਵਿੱਚ 'ਪੋਹ ਮਹੀਨੇ ਦੀ ਅੰਤਲੀ ਰਾਤ ਅੱਗ ਬਾਲ ਕੇ ਮਨਾਇਆ ਜਾਣ ਵਾਲਾ ਤਿਉਹਾਰ ਲੋਹੜੀ' ਲਿਖਿਆ ਹੈ।

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਲੋਹੜੀ ਦਾ ਮੂਲ ਸ਼ਬਦ ਤਿਲ+ਰੋੜੀ ਹੈ। ਜਿਸ ਤੋਂ 'ਤਿਲੋੜੀ' ਬਣਿਆ, ਜਿਸਦਾ ਬਾਅਦ ਵਿੱਚ ਲੋਹੜੀ ਵਿੱਚ ਰੂਪਾਂਤਰਣ ਹੋ ਗਿਆ।

ਨਵਰਤਨ ਕੁਮਾਰ ਅਨੁਸਾਰ ਲੋਹੜੀ ਸ਼ਬਦ ਦਾ ਨਿਕਾਸ 'ਲੋਂਹਡੀ' ਸ਼ਬਦ ਤੋਂ ਹੋਇਆ ਹੈ। ਲੋਹੜੀ ਦੀ ਅਗਨੀ ਵਿਚ ਕਿਉਂਕਿ ਮੱਕੀ, ਮੂੰਗਫਲੀ, ਤਿਲ ਆਦਿ ਦਾਹ ਕੀਤੀ ਜਾਂਦੀ ਹੈ, ਜਿੰਨਾ ਨੂੰ ਭੁੰਨਣ ਲਈ (ਲੋਹ+ਭਾਂਡ=ਲੋਹੇ ਦਾ ਭਾਂਡਾ) ਲੋਂਹਡੀ (ਲੋਹੇ ਦੀ ਛੋਟੀ ਕੜਾਹੀ) ਲੋੜੀਂਦੀ ਹੈ, ਜਿਸ ਕਾਰਨ ਇਸ ਤਿਉਹਾਰ ਦਾ ਆਰੰਭ ਲੋਹੜੀ ਵਜੋਂ ਹੋਇਆ।

ਇਸ ਤਿਉਹਾਰ ਦਾ ਨਾਮ ਲੋਹੀ ਵੀ ਹੈ, ਜਿਸਦਾ ਭਾਵ ਅਰਥ ਲੋਹੇ ਦੀ ਕੜਾਹੀ ਤੋਂ ਹੀ ਹੈ।

ਲੋਹੜੀ ਭੈਣ ਭਰਾ ਦਾ ਪਿਆਰ, ਮੁੰਡੇ ਕੁੜੀਆਂ ਦੀਆਂ ਟੋਲੀਆਂ ਦੇ ਸੰਗੀਤ ਦੀ ਸਾਂਝ, ਭੈਣਾਂ ਵੱਲੋਂ ਭਰਾਵਾਂ ਦੇ ਸੁੱਖਾਂ ਦਾ ਗੀਤ ਅਤੇ ਸਮਾਜਿਕ ਰਿਸ਼ਤਿਆਂ ਦੇ ਭਾਈਚਾਰੇ ਦਾ ਇਸਨੂੰ ਚਿੰਨ ਮੰਨਿਆ ਜਾਂਦਾ ਹੈ।

ਇਸਤੋਂ ਤਿਉਹਾਰ ਨੂੰ ਮਨਾਉਣ ਦੀਆਂ ਕਈ ਦਿਨ ਪਹਿਲਾਂ ਹੀ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਜਿੰਨਾ ਘਰਾਂ ਵਿੱਚ ਸਾਲ ਦਰਮਿਆਨ ਲੜਕੇ ਦਾ ਜਨਮ ਹੋਇਆ ਹੋਵੇ ਜਾਂ ਲੜਕੇ ਦਾ ਵਿਆਹ ਹੋਇਆ ਹੋਵੇ ਉਹਨਾਂ ਘਰਾਂ ਅੰਦਰ ਮਹੌਲ ਹੋਰ ਵੀ ਖੁਸ਼ੀਆਂ ਖੇੜ੍ਹੇ ਵਾਲਾ ਹੁੰਦਾ ਹੈ। ਇਹਨਾਂ ਘਰਾਂ ਦੇ ਵਿਹੜਿਆਂ ਚ ਖੁਸ਼ੀਆਂ ਧਮਾਲਾਂ ਪਾਉਂਦੀਆਂ ਹਨ, ਅਹਿਸਾਸ ਅੰਬਰੀਂ ਉਡਾਰੀਆਂ ਮਾਰਦੇ ਹਨ। ਪਰਿਵਾਰ ਵਿੱਚ ਪੂਰਨ ਜੋਸ਼ ਭਾਸਦਾ ਹੈ। ਕੁਆਰੀਆਂ ਕੁੜੀਆਂ ਲਈ ਵੀ ਇਹ ਵਿਸ਼ੇਸ਼ ਅਹਿਮੀਅਤ ਵਾਲਾ ਤਿਉਹਾਰ ਹੈ, ਉਹਨਾਂ ਚ ਚਾਅ ਅਤੇ ਉਲਾਰ ਸਾਂਭਿਆ ਨਹੀਂ ਜਾਂਦਾ। ਲੋਹੜੀ ਵਾਲੇ ਦਿਨ ਹਾਣ ਦੇ ਮੁੰਡੇ-ਕੁੜੀਆਂ ਆਪਣੀਆਂ ਆਪਣੀਆਂ ਟੋਲੀਆਂ ਬਣਾ ਕੇ ਘਰਾਂ ਵਿੱਚ ਲੋਹੜੀ ਮੰਗਣ ਜਾਂਦੇ ਹਨ।ਉਹ ਨੱਚਕੇ ਅਤੇ ਗੀਤ ਗਾਕੇ ਲੋਹੜੀ ਮੰਗਦੇ ਹਨ। ਕੋਈ ਘਰ ਉਹਨਾਂ ਨੂੰ ਗੁੜ੍ਹ ਦੀ ਰੋੜੀ ਦਿੰਦਾ ਹੈ, ਕੋਈ ਮੂੰਗਫਲੀ, ਕੋਈ ਤਿਲ, ਕੋਈ ਦਾਣੇ, ਕੋਈ ਪੈਸੇ। ਉਹ ਗੀਤ ਗਾਉਂਦੇ ਹਨ:-

"ਸੁੰਦਰ ਮੁੰਦਰੀਏ ਹੋ,
ਤੇਰਾ ਕੌਣ ਵਿਚਾਰਾ ਹੋ,
ਦੁੱਲਾ ਭੱਟੀ ਵਾਲਾ ਹੋ,
ਦੁੱਲੇ ਧੀ ਵਿਆਹੀ ਹੋ,
ਸੇਰ ਸ਼ੱਕਰ ਪਾਈ ਹੋ..."

ਇਸ ਤਿਉਹਾਰ ਦਾ ਸੰਬੰਧ ਸਾਂਦਲਬਾਰ ਦੇ ਪਰਉੱਪਕਾਰੀ ਅਤੇ ਬਹਾਦਰ ਰਾਜਪੂਤ ਦੁੱਲਾ ਭੱਟੀ ਦੀ ਦੰਦ ਕਥਾ ਨਾਲ ਵੀ ਜੋੜਿਆ ਜਾਂਦਾ ਹੈ ਅਤੇ ਪ੍ਰਹਲਾਦ ਭਗਤ ਦੀ ਕਹਾਣੀ ਨਾਲ ਵੀ।

ਲੋਹੜੀ ਵਾਲੇ ਦਿਨ ਖੁਸ਼ੀ ਵਾਲੇ ਘਰਾਂ ਚੋਂ ਲੜਕੀਆਂ ਝੁੰਡ ਦੇ ਰੂਪ ਬਾਕੀ ਸ਼ਰੀਕੇ ਕਬੀਲੇ ਚ ਲੋਹੜੀ ਵੰਡਣ ਜਾਂਦੀਆਂ ਹਨ। ਲੋਹੜੀ ਵਿੱਚ ਮੂੰਗਫਲੀ, ਰਿਉੜੀਆਂ, ਤਿਲਾਂ ਦੀ ਗਚਕ, ਮੱਕੀ ਦੇ ਦਾਣੇ ਆਦਿ ਵੰਡੇ ਜਾਂਦੇ ਹਨ। ਲੋਹੜੀ ਵਾਲੇ ਘਰ ਪੂਰੇ ਢੋਲ ਢਮੱਕੇ ਅਤੇ ਪਰੰਮਪਰਾਗਤ ਰਹੂ ਰੀਤਾਂ ਇਹ ਤਿਉਹਾਰ ਮਨ-ਾਇਆ ਜਾਂਦਾ ਹੈ। ਮੂੰਗਫਲੀ, ਰਿਉੜੀਆਂ, ਤਿਲਾਂ ਦੀ ਗੱਚਕ, ਮੱਕੀ ਦੇ ਫੁੱਲੇ ਆਦਿ ਦੀਆਂ ਭਰੀਆਂ ਪਰਾਂਤਾਂ ਲੈਕੇ ਲੋਹੜੀ ਵਾਲੇ ਘਰ ਦੇ ਖੁੱਲ੍ਹੇ ਵਿਹੜੇ ਚ ਲੱਕੜਾਂ ਜਾਂ ਗੋਹੇ ਦੀਆਂ ਪਾਥੀਆਂ ਦਾ ਢੇਰ ਲਗਾਕੇ ਉਸਨੂੰ ਅੱਗ ਲਗਾਈ ਜਾਂਦੀ ਹੈ ਜੋ ਖੁਸ਼ੀ ਅਤੇ ਰੌਸ਼ਨੀ ਦਾ ਪ੍ਰਤੀਕ ਹੈ। ਖੁਸ਼ੀਆਂ ਚ ਗੜੁੱਚ ਸਾਰੇ ਪਰਿਵਾਰਕ ਮੈਂਬਰ ਇਸਦੇ ਦੁਆਲੇ ਇਕੱਠੇ ਹੋ ਕੇ ਬੈਠ ਜਾਂਦੇ ਹਨ ਅਤੇ ਬਲਦੀ ਅੱਗ ਵਿੱਚ ਤਿਲ, ਰਿਉੜੀਆਂ, ਮੂੰਗਫਲੀ ਸੁੱਟ ਕੇ ਮੱਥਾ ਟੇਕਿਆ ਜਾਂਦਾ ਹੈ। ਤਿਲਾਂ ਦੇ ਸੜਨ ਨਾਲ ਵਾਤਾਵਰਣ ਵਿੱਚ ਇੱਕ ਅਜੀਬ ਸੁਗੰਧੀ ਫੈਲਦੀ ਹੈ, ਜੋ ਕੁਦਰਤ ਦੀ ਖੁਸ਼ਹਾਲੀ ਨੂੰ ਪ੍ਰਫੁਲਿਤ ਕਰਦੀ ਹੈ।

ਸਾਰੇ ਖੁਸ਼ੀ ਖੁਸ਼ੀ ਗੀਤ ਗਾਉਂਦੇ ਹਨ:-
"ਈਸਰ ਆ, ਦਲਿੱਦਰ ਜਾ।
ਦਲਿੱਦਰ ਦੀਜੜ੍ਹ ਚੁੱਲ੍ਹੇ ਪਾ।"

ਇਸ ਤਰ੍ਹਾਂ ਅੱਗ ਦੁਆਲੇ ਨੱਚਦੇ, ਕੁੱਦਦੇ, ਗਿੱਧਾ, ਭੰਗੜਾ, ਬੋਲੀਆਂ, ਗੀਤ ਗਾਕੇ ਖੁਸ਼ੀ ਨਾਲ ਲੋਹੜੀ ਮਨਾਈ ਜਾਂਦੀ ਹੈ।

ਅੱਜਕਲ੍ਹ ਮੁੰਡੇ ਕੁੜੀ ਚ ਫਰਕ ਮਿਟਾਉਣ ਅਤੇ ਬਰਾਬਰਤਾ ਲਿਆਉਣ ਲਈ ਧੀਆਂ ਦੀ ਲੋਹੜੀ ਬੜੇ ਜੋਸ਼ ਅਤੇ ਮਾਣ ਨਾਲ ਮਨਾਈ ਜਾਣ ਲੱਗੀ ਹੈ, ਜੋ ਬਹੁਤ ਹੀ ਚੰਗਾ ਉਪਰਾਲਾ ਅਤੇ ਸ਼ੁਭਸ਼ਗਨ ਮੰਨਿਆ ਜਾਣਾ ਚਾਹੀਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਲਏ ਸੰਕਲਪ ਅਤੇ ਦਿੱਤੀ ਸਿੱਖਿਆ "ਸੋ ਕਿਉ ਮੰਦਾ ਆਖੀਐ ਜਿਤਿ ਜੰਮੇ ਰਾਜਾਨ॥" ਦੀ ਸਾਨੂੰ ਸ਼ਾਇਦ ਹੁਣ ਸਮਝ ਆਈ ਹੈ, ਜਿੰਨ੍ਹਾ ਨੇ ਇਸਤਰੀ ਜਾਤ ਦੀ ਬਰਾਬਰੀ ਲਈ ਅਣਥੱਕ ਕੋਸ਼ਿਸ਼ਾਂ ਕੀਤੀਆਂ ਸਨ।

ਲੋਹੜੀ ਸਾਡੇ ਸੱਭਿਆਚਾਰ ਦਾ ਇੱਕ ਅਟੁੱਟ ਅੰਗ ਹੈ। ਬਾਜ਼ਾਰੂ ਮਠਿਆਈਆਂ ਦੀ ਬਜਾਇ ਦੇਸੀ ਪਕਵਾਨਾਂ ਅਲਸੀ ਦੀਆਂ ਪਿੰਨੀਆਂ, ਗਜਰੇਲਾ, ਘਰਾਂ 'ਚ ਖੋਆ ਮਾਰ ਕੇ, ਮੱਕੀ ਅਤੇ ਚੌਲਾਂ ਦੇ ਪਿੰਨੇ ਬਣਾ ਕੇ, ਚੌਲਾਂ ਦੀਆਂ ਪਿੰਨੀਆਂ ਆਦਿਕ ਬਣਾਕੇ ਲੋਹੜੀ ਦੀ ਪਵਿੱਤਰਤਾ ਅਤੇ ਹੋਂਦ ਨੂੰ ਕਾਇਮ ਰੱਖਣ ਲਈ ਆ ਸਦਾਚਾਰਕ ਕਦਰਾਂ ਕੀਮਤਾਂ ਤੇ ਪਹਿਰਾ ਦੇਈਏ।

# ਲੋਕ ਸਾਹਿਤ ਸੰਗਮ ਦੀ ਸਾਹਿਤਕ ਬੈਠਕ ਵਿਚ ਠੰਡ ਵਿਚ ਕਵਿਤਾਵਾਂ ਦੀ ਹੋਈ ਗਰਮਾਇਸ਼

**ਰਾਜਪੂਰਾ-** ਲੋਕ ਸਾਹਿਤ ਸੰਗਮ (ਰਜਿ) ਰਾਜਪੂਰਾ ਦੀ ਸਾਹਿਤਕ ਬੈਠਕ ਸਥਾਨਕ ਰੋਟਰੀ ਭਵਨ ਵਿਖੇ ਸ਼ਾਨੋ ਸ਼ੌਕਤ ਨਾਲ ਹੋਈ। ਪ੍ਰਧਾਨਗੀ ਮੰਡਲ ਵਿਚ ਗੁਰਦਰਸ਼ਨ ਸਿੰਘ ਗੁਸੀਲ ਡਾ ਗੁਰਵਿੰਦਰ ਅਮਨ ਤੇ ਲਵਲੀ ਸਲੂਜਾ ਸ਼ਾਮਿਲ ਸਨ। ਇਸ ਮੌਕੇ ਪ੍ਰਿੰ ਲਵਲੀ ਸਲੂਜਾ ਪੰਨੂ ਦੀ ਕਿਤਾਬ 'ਪੁਆਧੀ ਬਿਰੜੇ 'ਦਾ ਲੋਕ ਅਰਪਣ ਕੀਤਾ ਗਿਆ। ਖੋਜ ਵਿਦਿਆਰਥੀ ਗੁਰਮੋਹਨ ਸਿੰਘ ਨੇ ਕਿਤਾਬ ਬਾਰੇ ਪਰਚਾ ਪੜ੍ਹਦਿਆਂ ਕਿਹਾ ਕਿ ਲੇਖਿਕਾ ਨੇ ਮਾਲਵਾ ਖੇਤਰ ਦੇ ਪੁਆਧ ਇਲਾਕੇ ਦੇ ਸੱਭਿਚਾਰ ਨੂੰ ਬੜੀ ਨਿਛਠਾ ਨਾਲ ਇਕੱਤਰ ਕਰਕੇ ਕਲਮਬੱਧ ਕੀਤਾ ਹੈ ਉਨ੍ਹਾਂ ਦਾ ਇਹ ਖੋਜ ਭਰਪੂਰ ਕਾਰਜ਼ ਸ਼ਲਾਘਾ ਯੋਗ ਹੈ। ਕਿਤਾਬ ਬਾਰੇ ਬੋਲਦਿਆਂ ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ ਕਿਹਾ ਕਿ ਪੁਆਧ ਖਿੱਤਾ ਕਾਫ਼ੀ ਵਿਸ਼ਾਲ ਹੈ ਉਸ ਦੇ ਸੱਭਿਆਚਾਰ ਤੇ ਪ੍ਰੰਪਰਾ ਨੂੰ ਪ੍ਰਿੰ ਲਵਲੀ ਨੇ ਸੰਭਾਲਣ ਦਾ ਕਾਰਜ਼ ਕਰਕੇ ਸਾਹਿਤ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ ਉਸ ਦੀਆਂ ਪਹਿਲੀਆਂ ਚਾਰ ਕਿਤਾਬਾਂ ਵੀ ਪੁਆਧ ਦੇ ਸੱਭਿਆਚਾਰ ਦੀ ਤਰਜ਼ਮਾਨੀ ਕਰਦਿਆਂ ਹਨ।




ਇਸ ਮੌਕੇ ਵਿਸ਼ਾਲ ਕਵੀ ਦਰਬਾਰ ਦਾ ਆਯੋਜਨ ਵੀ ਹੋਇਆ। ਗ਼ਜ਼ਲਗੋ ਅਵਤਾਰ ਪੁਆਰ ਦੀ ਗ਼ਜ਼ਲ ਵਾਤਾਵਰਣ ਨੂੰ ਸਮਰਪਿਤ ਸੀ। ਬੁਲੰਦ ਆਵਾਜ਼ ਵਿਚ ਸੁਰਿੰਦਰ ਕੌਰ ਬਾੜਾ ਨੇ ਰਾਂਝਣ ਗੀਤ ਨਾਲ ਹਾਜ਼ਰੀ ਲਗਵਾਈ। ਸੁਨੀਤਾ ਦੇਸਰਾਜ, ਹਰਚਰਨ-ਪ੍ਰੀਤ ਸਿੰਘ, ਹਰਪਾਲ ਸਿੰਘ ਪਾਲ ਅਤੇ ਮਨਜੀਤ ਸਿੰਘ ਨਾਗਰਾ ਨੇ ਆਪਣੇ ਗੀਤ ਸੁਣਕੇ ਮਨ ਮੋਹ ਲਿਆ। ਅਸ਼ਵਨੀ ਸ਼ੋਖ ਨੇ ਸੁਲਤਾਨ ਬਾਹੂ ਏ ਬਾਬਾ ਬੁੱਲੇ ਸ਼ਾਹ ਦੀਆਂ ਕਾਫ਼ੀਆਂ ਗਾਕੇ ਰੰਗ ਬੰਨ੍ਹ ਦਿੱਤਾ। ਗੁਰਵਿੰਦਰ ਪਾਲ ਸਿੰਘ ਜੀ ਪੀ ਦੀ ਕਵਿਤਾ ਕਾਬਲੇ ਗੌਰ ਸੀ। ਗਾਇਕ ਮਦਨ ਮਹਿਕ ਦੇ ਸੁਰੀਲੀ ਅਵਾਜ਼ ਵਿਚ ਗੀਤ ਸੁਣਾਇਆ। ਪ੍ਰੈਸ ਕਲੱਬ ਰਾਜਪੁਰਾ ਦੇ ਪ੍ਰਧਾਨ ਦਰਸ਼ਨ ਮਿੱਠਾ ਦੀ ਕਵਿਤਾ ਨੇ ਸ਼ਰੋਤਿਆਂ ਦਾ ਦਿਲ ਮੋਹ ਲਿਆ। ਹਰਿ ਸੂਬੇਗ ਸਿੰਘ ਤੇ ਪ੍ਰੋ ਸੁਖਦੇਵ ਸਿੰਘ ਪੰਨੂ ਨੇ ਕਵਿਤਾ ਸੁਣਾਕੇ ਸ਼ਰੋਸ਼ਰ ਕੀਤਾ। ਪ੍ਰਧਾਨਗੀ ਮੰਡਲ ਚੋਂ ਗੁਰਦਰਸ਼ਨ ਸਿੰਘ ਗੁਸੀਲ ਨੇ ਕਵਿਤ ਸੁਣਾਕੇ ਪ੍ਰਪੱਕਤਾ ਦਾ ਪ੍ਰਮਾਣ ਦਿੱਤਾ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ ਆਪਣੀ ਕਵਿਤਾ 'ਸਾਲ ਨਹੀਂ ਬਦਲਿਆ' ਅਤੇ ਮਿੰਨੀ ਕਹਾਣੀ ਮੁਬਾਰਕਬਾਦ ਸੁਣਾਕੇ ਅਜੋਕੇ ਸਮਾਜ ਤੇ ਵਿਅੰਗ ਕੱਸਿਆ। ਗੁਰਮੋਹਨ ਸੰਧਾਰਸੀ ,ਤਾਰਾ ਸਿੰਘ ਮਠਿਆੜਾਂ ਲਵਲੀ ਸਲੂਜਾ, ਅਮਨਜੋਤ, ਸੁਖਜੀਤ ਸਿੰਘ ਪੰਨੂ ਅਤੇ ਐਡਵੋਕੇਟ ਪ੍ਰੀਤ ਮਹਿੰਦਰ ਸਿੰਘ ਨੇ ਆਪਣੀਆਂ ਰਚਨਾਵਾਂ ਸੁਣਾਕੇ ਮਨ ਮੋਹ ਲਿਆ। ਬਲਦੇਵ ਸਿੰਘ ਖੁਰਾਣਾ ਨੇ ਜਿੱਥੇ ਆਪਣੀ ਗ਼ਜ਼ਲ ਸੁਣਾਈ ਉੱਥੇ ਮੰਚ ਸੰਚਾਲਨ ਬਾਖ਼ੂਬ ਕੀਤਾ।

# ਮਾਤਾ ਸਵਿੱਤਰੀ ਬਾਈ ਫੂਲੇ ਜੀ ਦਾ 194 ਵਾਂ ਜਨਮ ਦਿਨ ਮਨਾਇਆ ਗਿਆ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸਾਹਿਬ ਕਾਂਸ਼ੀ ਰਾਮ ਸਮਾਜ ਭਲਾਈ ਸੁਸਾਇਟੀ ਰਜਿ:ਪੰਜਾਬ ਵਲੋਂ ਭਾਰਤ ਦੀ ਪਹਿਲੀ ਅਧਿਆਪਕਾ ਮਾਤਾ ਸਵਿੱਤਰੀ ਬਾਈ ਫੂਲੇ ਜੀ ਦਾ 194 ਵਾਂ ਜਨਮ ਦਿਨ ਸ਼੍ਰੀ ਗੁਰੂ ਰਵਿਦਾਸ ਮੰਦਰ ਵਿੱਚ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਨੂੰ ਯਾਦਗਾਰ ਬਣਾਉਂਦਿਆਂ 70 ਬੀਬੀਆਂ ਨੂੰ ਸਰਦੀਆਂ ਤੋਂ ਬਚਣ ਲਈ ਸ਼ਾਲ ਦਿੱਤੇ ਗਏ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਵਿਸ਼ੇਸ਼ ਸਹਿਯੋਗ ਸ਼੍ਰੀ ਰਮੇਸ਼ ਲੱਧੜ ਯੂ ਕੇ ਤੇ ਮਾਸਟਰ ਸੰਤੋਖ ਸਿੰਘ ਯੂ ਐਸ ਏ ਵਲੋਂ ਦਿੱਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਦੇ ਤੌਰ ਤਪ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਜੀ ਦੇ ਪਵਿੱਤਰ ਅਸਥਾਨ ਦੇ ਮੁੱਖ ਸੇਵਾਦਾਰ ਜਥੇਦਾਰ ਭਾਈ ਕੇਵਲ ਸਿੰਘ ਜੀ ਤੇ ਸੁਸਾਇਟੀ ਦੇ ਪ੍ਰਧਾਨ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਇਸ ਦੇਸ਼ ਵਿੱਚ ਔਰਤਾਂ ਨੂੰ ਵਹਿਮਾਂ ਭਰਵਾਂ ਵਿੱਚ ਪਾਇਆ ਗਿਆ ਸੀ ਕਿ ਅਗਰ ਕਿਸੇ ਵੀ ਘਰ ਵਿੱਚ ਔਰਤ ਪੜ੍ਹਦੀ ਹੈ ਤਾਂ ਉਸ ਘਰ ਦੇ ਕਿਸੇ ਮੈਂਬਰ ਦੀ ਮੌਤ ਹੋ ਸਕਦੀ ਹੈ। ਮਾਤਾ ਸਵਿੱਤਰੀ ਬਾਈ ਫੂਲੇ ਜੀ ਨੇ ਆਪ ਪੜ੍ਹਾਈ ਕਰਕੇ ਭਾਰਤ ਵਿੱਚ ਵਸਦੀਆਂ ਹਰ ਧਰਮ ਦੀਆਂ ਔਰਤਾਂ ਨੂੰ ਪੜਾਉਣਾ ਸ਼ੁਰੂ ਕੀਤਾ ਤੇ ਔਰਤਾਂ ਨੂੰ ਵਹਿਮਾਂ, ਭਰਵਾਂ ਤੋਂ ਉਪਰ ਉਠ ਕੇ ਪੜਨ ਲਈ ਪ੍ਰੇਰਿਤ ਵੀ ਕੀਤਾ। ਉਹਨਾਂ ਕਿਹਾ ਕਿ ਮੈਂ ਵੀ ਪੜ੍ਹ ਲਿਖ ਕੇ ਆਪ ਸਭ ਨੂੰ ਇਹ ਦੱਸਣਾ ਚਾਹੁੰਦੀ ਹਾਂ ਕਿ ਮੇਰਾ ਪਤੀ ਤੇ ਬਾਕੀ ਮੇਰਾ ਸਾਰਾ ਪਰਿਵਾਰ ਅੱਜ ਵੀ ਜਿਊਂਦਾ ਹੈ। ਪੜ੍ਹਾਈ ਕਰਨ ਨਾਲ ਸਾਡੇ ਪਰਿਵਾਰ ਵਿੱਚ ਕਿਸੇ ਦੀ ਵੀ ਮੌਤ ਨਹੀਂ ਹੋਈ। 1 ਜਨਵਰੀ 1848 ਨੂੰ ਭਾਰਤ ਵਿੱਚ ਪਹਿਲਾ ਸਕੂਲ ਖੋਲ੍ਹਿਆ ਗਿਆ ਤੇ ਹਜਾਰਾਂ ਔਰਤਾਂ ਉਥੋਂ ਸਿੱਖਿਆ ਦਿੱਤੀ ਗਈ। ਜੋ ਪੂਰੀ ਦੁਨੀਆ ਵਿਚ ਅੱਜ ਵੀ ਮਿਸਾਲ ਬਣੀ ਹੋਈ ਹੈ। ਇਸ ਮੌਕੇ ਤੇ ਸੰਦੀਪ ਸਿੰਘ ਕਲੇਰ, ਮਾਸਟਰ ਦੇਸ ਰਾਜ ਨੌਰਦ, ਮਨਜੀਤ ਰਾਜੂ, ਸੱਤਪਾਲ ਬਾਲੀ, ਯੋਗਰਾਜ, ਸੰਦੀਪ ਸਹਿਜਲ ਵਲੋਂ ਵਿਸਥਾਰ ਸਹਿਯੋਗ ਦਿੱਤਾ ਗਿਆ।

ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਆਟੋ ਯੂਨੀਅਨ ਦੇ ਪ੍ਰਧਾਨ ਪ੍ਰਨੀਤ ਕੁਮਾਰ, ਕੁਲਦੀਪ ਕੁਮਾਰ, ਰਮਨ ਲੱਧੜ, ਜੈਲਾ, ਅਰੁਨ ਬਾਲੀ, ਲਾਲੇ, ਰਜਨੀ, ਬੀਬੀ ਰਾਣੀ, ਗੁਰਮੀਤੋ, ਸੁਲਿੰਦਰ, ਸੱਤਿਆ ਰਾਣੀ, ਭਜਨ ਕੌਰ, ਪਰਮਜੀਤ ਕੌਰ ਤੋਂ ਇਲਾਵਾ ਹੋਰ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਐਸ.ਸੀ.ਬੀ.ਸੀ. ਇੰਪਲਾਈਜ ਵੈਲਫੇਅਰ ਫੈਡਰੇਸ਼ਨ ਨੇ ਮਿੱਡ ਡੇ ਮੀਲ ਵਰਕਰਾਂ ਦਾ ਮਾਨ ਸਨਮਾਨ ਕਰਨ ਲਈ ਕੀਤੀ ਕੰਬਲਾਂ ਦੀ ਵੰਡ




**ਫਗਵਾੜਾ (ਬੀ.ਕੇ. ਰੱਤੂ)–** ਜ਼ਿਲ੍ਹਾ ਪ੍ਰਧਾਨ ਸ੍ਰੀ ਸਤਵੰਤ ਸਿੰਘ ਟੂਰਾ, ਸੈਂਟਰ ਹੈਂਡ ਟੀਚਰ ਸ੍ਰੀ ਸੰਤੋਖ ਸਿੰਘ ਮੱਲ੍ਹੀ,ਜ਼ਿਲ੍ਹਾ ਵਿੱਤ ਸਕੱਤਰ ਸ੍ਰੀ ਮਨਜੀਤ ਗਾਟ, ਜ਼ਿਲ੍ਹਾ ਜਨਰਲ ਸਕੱਤਰ ਸ੍ਰੀ ਲਖਵੀਰ ਚੰਦ, ਤਹਿਸੀਲ ਫਗਵਾੜਾ ਪ੍ਰਧਾਨ ਬਲਵਿੰਦਰ ਨਿਧੜਕ,ਬਲਾਕ ਫਗਵਾੜਾ ਪ੍ਰਧਾਨ ਸ੍ਰੀ ਵਿਨੋਦ ਕੁਮਾਰ,ਅਡੀਸਨਲ ਸੀਨੀਅਰ ਮੀਤ ਪ੍ਰਧਾਨ ਸ੍ਰੀ ਅਜੀਤ ਸਿੰਘ, ਤਹਿਸੀਲ ਸੁਲਤਾਨਪੁਰ ਪ੍ਰਧਾਨ ਸ੍ਰੀ ਮਨਜੀਤ ਦਾਸ ਡੌਲਾ, ਤਹਿਸੀਲ ਕਪੂਰਥਲਾ ਪ੍ਰਧਾਨ ਪਰਮਜੀਤ ਲਾਲ ਦੀ ਅਗਵਾਈ ਵਿੱਚ ਸਪਸ ਭਾਣੋ ਲੰਗਾਂ (ਕਪੂਰਥਲਾ) ਵਿਖੇ ਮਿੱਡ ਡੇ ਮੀਲ ਵਰਕਰਾਂ ਨੂੰ ਵੱਧ ਰਹੀ ਸਰਦੀ ਦੇ ਮੱਦੇਨਜ਼ਰ ਜੱਥੇਬੰਦੀ ਵੱਲੋਂ ਗਰਮ ਕੰਬਲਾਂ ਦੀ ਵੰਡ ਕੀਤੀ ਗਈ। ਇਸ ਮੌਕੇ ਤੇ ਇੱਕ ਭਰਵੇਂ ਇਕੱਠ ਵਿੱਚ ਫੈਡਰੇਸ਼ਨ ਵੱਲੋਂ ਮਿੱਡ ਡੇ ਮੀਲ ਵਰਕਰਾਂ ਨੂੰ ਆਪਣੇ ਪਰਿਵਾਰ ਦਾ ਹਿੱਸਾ ਮੰਨਦੇ ਹੋਏ ਉਹਨਾਂ ਨੂੰ ਬਣਦਾ ਸਤਿਕਾਰ ਦਿੱਤਾ ਗਿਆ।

ਸ੍ਰੀ ਸਤਵੰਤ ਸਿੰਘ ਟੂਰਾ ਵਲੋਂ ਦੱਸਿਆ ਗਿਆ ਕਿ ਫੈਡਰੇਸ਼ਨ ਹਰ ਸਾਲ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਬੀ ਆਰ ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ ਤੇ ਮਿੱਡ ਡੇ ਮੀਲ ਵਰਕਰਾਂ ਨੂੰ ਕੰਬਲਾਂ ਦੀ ਵੰਡ ਕਰਦੀ ਹੈ ਅਤੇ ਇਸ ਵਾਰ ਕਪੂਰਥਲਾ ਵਿਖੇ ਵੀ ਇਸ ਰੀਤ ਦੀ ਸ਼ੁਰੂਆਤ ਕੀਤੀ ਗਈ ਹੈ।ਇਸ ਮੌਕੇ ਤੇ ਵੱਖ ਵੱਖ ਬੁਲਾਰਿਆਂ ਵਲੋਂ ਸਮਾਜ ਅਤੇ ਮੁਲਾਜ਼ਮ ਮਸਲਿਆਂ ਲਈ ਤੱਤਪਰ ਹੋ ਕੇ ਕੰਮ ਕਰਨ ਦੀ ਗੱਲ ਆਖੀ ਗਈ। ਇਸ ਮੌਕੇ ਤੇ, ਸੈਂਟਰ ਹੈਂਡ ਟੀਚਰ ਜੈਮਲ ਸਿੰਘ ਸ਼ੇਖੂਪੁਰ, ਸਕੂਲ ਮੁਖੀ ਸੂਰਤ ਸਿੰਘ ਮੁਹਬਲੀਪੁਰ, ਵਿਪਨ ਕੁਮਾਰ ਸੁਲਤਾਨਪੁਰ ਲੋਧੀ, ਗੌਰਵ ਗਿੱਲ ਸੁਲਤਾਨਪੁਰ ਲੋਧੀ, ਹੈਂਡ ਟੀਚਰ ਬਲਜਿੰਦਰ ਸਿੰਘ ਸਿੱਧੂ, ਹੈਡ ਟੀਚਰ ਮੈਡਮ ਕੁਲਵਿੰਦਰ ਕੌਰ, ਹੈਂਡ ਟੀਚਰ ਹਰਜਿੰਦਰ ਹੈਰੀ, ਹੈਂਡ ਟੀਚਰ ਪਰਮਜੀਤ ਲਾਲ, ਮਨਜੀਤ ਸਿੰਘ ਮਠਾੜੂ, ਕੁਲਵਿੰਦਰ ਸਿੰਘ ਦੁਰਗਾਪੁਰ, , ਅਧਿਆਪਕਾ ਮੈਡਮ ਸੰਤੋਸ਼ ਕੌਰ ਅਧਿਆਪਕਾ ਮੈਡਮ ਸਪ੍ਰੀਤ ਕੌਰ, ਅਧਿਆਪਕਾਂ ਮੈਡਮ ਨਵਜੀਤ ਕੌਰ, ਮੈਡਮ ਰਜਵੰਤ ਕੌਰ ਅਤੇ ਵੱਡੀ ਗਿਣਤੀ ਵਿਚ ਮਿੱਡ ਡੇ ਮੀਲ ਵਰਕਰ ਮੌਜੂਦ ਸਨ।

# ਸੰਯੁਕਤ ਮੋਰਚੇ ਦੇ ਸੱਦੇ ਤੇ 9 ਜਨਵਰੀ ਨੂੰ ਹੋਣ ਜਾ ਰਹੀ ਮਹਾਂਪੰਚਾਇਤ 'ਚ ਸੰਗਰੂਰ ਜ਼ਿਲ੍ਹੇ ਤੋਂ ਸ਼ਾਮਿਲ ਹੋਣਗੇ ਵੱਡੇ ਕਾਫਲੇ



**ਸੰਗਰੂਰ, (ਦਲਜੀਤ ਕੌਰ)** ਅੱਜ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਜ਼ਿਲ੍ਹਾ ਸੰਗਰੂਰ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਮਸਤੂਆਣਾ ਸਾਹਿਬ ਵਿਖੇ ਜ਼ਿਲ੍ਹਾ ਪ੍ਰਧਾਨ ਕਰਮ ਸਿੰਘ ਬਲਿਆਲ ਦੀ ਅਗਵਾਈ ਵਿੱਚ ਹੋਈ। ਇਸ ਮੀਟਿੰਗ ਵਿੱਚ ਮੁੱਖ ਏਜੰਡਾ ਵਿਚਾਰਿਆ ਗਿਆ ਕਿ ਸੰਯੁਕਤ ਮੋਰਚੇ ਦੇ ਸੱਦੇ ਤੇ ਮੋਗਾ ਵਿਖੇ ਮਹਾਂ ਪੰਚਾਇਤ ਹੋਣ ਜਾ ਰਹੀ ਹੈ ਉਸ ਵਿੱਚ ਸ਼ਾਮਿਲ ਹੋਣ ਲਈ ਵੱਡੇ ਕਾਫਲੇ ਜ਼ਿਲ੍ਹਾ ਸੰਗਰੂਰ ਤੋਂ ਰਵਾਨਾ ਹੋਣਗੇ। ਇਸ ਮੌਕੇ ਜਿਲਾ ਜਰਨਲ ਸਕੱਤਰ ਸਤਨਾਮ ਸਿੰਘ ਕਿਲ੍ਹਾ ਭਰੀਆਂ ਨੇ ਕਿਹਾ ਹੈ ਕਿ ਬੀਜੇਪੀ ਸਰਕਾਰ ਜਦੋਂ ਤੋਂ ਸੱਤਾ ਦੇ ਵਿੱਚ ਆਈ ਹੈ ਇਹ ਸ਼ੁਰੂ ਤੋਂ ਕਿਸਾਨ ਵਿਰੋਧੀ ਬੀਜੇਪੀ ਸਰਕਾਰ ਨੇ 2020 ਵਿੱਚ ਤਿੰਨ ਕਾਲੇ ਕਾਨੂੰਨ ਲਿਆਂਦੇ ਜੋ ਕਿ ਸੰਯੁਕਤ ਮੋਰਚੇ ਨੇ ਆਮ ਲੋਕਾਂ ਦੇ ਸਹਿਯੋਗ ਨਾਲ 13 ਮਹੀਨੇ ਦਿੱਲੀ ਦੇ ਬਾਰਡਰਾਂ ਤੇ ਸੰਘਰਸ਼ ਲੜ ਕੇ ਰੱਦ ਕਰਵਾਏ ਸਨ ਉਹ ਹੁਣ ਦੁਬਾਰਾ ਕੌਮੀ ਖੇਤੀ ਮੰਡੀ ਕਰਨ ਦਾ ਜੋ ਖਰੜਾ ਲਿਆਂਦਾ ਉਸ ਨੂੰ ਸੰਯੁਕਤ ਮੋਰਚਾ ਰੱਦ ਕਰਦਾ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਨੂੰ ਤੁਰੰਤ ਕੈਬਨਟ ਸੱਦ ਕੇ ਰੱਦ ਕਰੇ।

ਇਸ ਮੀਟਿੰਗ ਵਿੱਚ ਸ਼ਾਮਲ ਆਗੂ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਲਖਬੀਰ ਸਿੰਘ, ਜਿਲਾ ਆਗੂ ਸ਼ਮਸ਼ੇਰ ਸਿੰਘ, ਨਾਜਮ ਸਿੰਘ ਪੁੰਨਾਵਾਲ, ਬਲਾਕ ਪ੍ਰਧਾਨ ਬਿੰਦਰਪਾਲ ਸਿੰਘ, ਗੁਰਧਿਆਨ ਸਿੰਘ, ਗੁਰਜੀਤ ਸਿੰਘ, ਪਰਗਟ ਸਿੰਘ, ਕਾਲਾ ਸਿੰਘ ਅਤੇ ਹੋਰ ਵੀ ਆਗੂ ਮੌਜੂਦ ਸਨ।

# ਤਿੰਨ ਰੋਜ਼ਾ ਸਿਖਲਾਈ ਟ੍ਰੇਨਿੰਗ ਮੁਕੰਮਲ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੇ ਦਿਸ਼ਾ-ਨਿਰਦੇਸ਼ਾਂ 'ਤੇ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟ੍ਰੇਸ਼ਨ ਵਲੋਂ ਬਜਟ ਅਤੇ ਆਡਿਟ ਸਬੰਧੀ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ ਲਈ ਤਿੰਨ ਰੋਜ਼ਾ ਟ੍ਰੇਨਿੰਗ ਪ੍ਰੋਗਰਾਮ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੀਜ਼ਨਲ ਪ੍ਰੋਜੈਕਟਰ ਡਾਇਰੈਕਟਰ, ਜਲੰਧਰ ਪਿਰਥੀ ਸਿੰਘ ਪੀ.ਸੀ.ਐਸ (ਰਿਟਾ:) ਨੇ ਦੱਸਿਆ ਕਿ ਇਸ ਟ੍ਰੇਨਿੰਗ ਪ੍ਰੋਗਰਾਮ ਵਿਚ 40 ਤੋਂ ਵੱਧ ਕਰਮਚਾਰੀਆਂ ਨੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਇਸ ਟ੍ਰੇਨਿੰਗ ਪ੍ਰੋਗਰਾਮ ਵਿਚ ਬਜਟ ਤਿਆਰ ਕਰਨਾ, ਸਰਕਾਰੀ ਫੰਡਾਂ ਦੀ ਸਹੀ ਵਰਤੋਂ, ਸਪਲੀਮੈਂਟਰੀ ਮੰਗਾਂ, ਅਕਸੈਸ ਤੇ ਸੁਰੰਡਰ, ਰੀ-ਅਪ੍ਰੋਪਰੀਏਸ਼ਨ, ਡੀ.ਡੀ.ਓ ਦੀਆਂ ਪਾਵਰਾਂ, ਜ਼ਿੰਮੇਵਾਰੀਆਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਪ੍ਰੋਗਰਾਮ ਵਿਚ ਵਿੱਤੀ ਬੇ-ਨਿਯਮੀਆਂ ਕਾਰਨ ਲਗਾਏ ਆਡਿਟ ਇਤਰਾਜ਼ਾਂ ਤੋਂ ਬਚਣ ਲਈ ਇਹ ਤਿਆਤੀ ਕਦਮ ਅਤੇ ਇਤਰਾਜਾਂ ਦਾ ਢੁੱਕਵਾਂ ਜਵਾਬ ਤਿਆਰ ਕਰਨ ਦੀ ਸਿਲਾਈ ਦਿੱਤੀ ਗਈ। ਜ਼ਿਲ੍ਹੇ ਵਿਚ ਵਿਭਾਗਾਂ ਵਲੋਂ ਹੁੰਦੀ ਖਰੀਦੋ-ਫਰੋਖਤ ਦੇ ਨਿਯਮਾਂ ਦੀ ਪਾਲਣਾਂ, ਸਰਕਾਰੀ ਕਰਮ-ਚਾਰੀ ਕੰਡਕਟ ਨਿਯਮ ਅਤੇ ਦੰਡ ਤੇ ਅਪੀਲ ਨਿਯਮਾਵਲੀ 1970 ਬਾਰੇ ਸੈਸ਼ਨ ਲਗਾਏ ਗਏ। ਡਿਪਟੀ ਕੰਟਰੋਲ ਵਿੱਤ ਤੇ ਲੇਖਾ ਰਾਕੇਸ਼ ਕੁਮਾਰ ਚੱਡਾ ਨੇ ਬਜਟ ਦੀ ਤਿਆਰੀ ਅਤੇ ਬਜਟ ਖਰਚਾ, ਐਲ.ਟੀ.ਸੀ ਦੀਆਂ ਛੁੱਟੀਆਂ, ਡੀ.ਡੀ.ਓ ਪਾਵਰਾਂ, ਵਿੱਤੀ ਨਿਯਮਾਵਲੀ, ਸਟੋਰ ਸਟੋਕ, ਪੰਜਾਬ ਪ੍ਰੋਕਿਓਰਮੈਂਟ ਤੋਂ ਇਲਾਵਾ ਹੋਰ ਵੀ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ ਤਾਂ ਜੋ ਕਰਮਚਾਰੀਆਂ ਨੂੰ ਭਵਿੱਖ ਵਿਚ ਕਿਸੇ ਵੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਸੁਪਰਡੈਂਟ ਸੁਰਜੀਤ ਸਿੰਘ ਸੈਣੀ ਨੇ ਮੁਲਾਜ਼ਮ ਆਚਰਣ ਨਿਯਮਾਵਲੀ 1966 ਅਤੇ ਪੰਜਾਬ ਦੰਡ ਅਤੇ ਅਪੀਲ ਨਿਯਮਾਵਲੀ 1970 ਬਾਰੇ ਜਾਣਕਾਰੀ ਸਾਂਝੀ ਕੀਤੀ। ਅੰਤ ਵਿਚ ਟ੍ਰੇਨਿੰਗ ਪੂਰੀ ਕਰ ਚੁੱਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਰਟੀਫਿਕੇਟ ਵੀ ਦਿੱਤੇ। ਕਰਮਚਾਰੀਆਂ ਨੇ ਫੀਡਬੈਕ ਦਿੰਦੇ ਹੋਏ ਇਸ ਪ੍ਰੋਕਾਰ ਦੇ ਸਿਖਲਾਈ ਪ੍ਰੋਗਰਾਮਾਂ ਤੋਂ ਪ੍ਰਾਪਤ ਲਾਭ ਲਈ ਮਗਸੀਪਾ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦਾ ਧੰਨਵਾਦ ਪ੍ਰਗਟ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਦਫ਼ਤਰ ਤੋਂ ਸੁਪਰਡੰਟ ਡਰੇਡ-1 ਬਲਕਾਰ ਸਿੰਘ, ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਤੋਂ ਦੀਪਕ ਤੋਂ ਇਲਾਵਾ ਹੋਰ ਵੀ ਅਧਿਕਾਰੀ ਕਰਮਚਾਰੀ ਮੌਜੂਦ ਸਨ।

# ਤਰਕਸ਼ੀਲ ਸੁਸਾਇਟੀ ਵੱਲੋਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਮੈਰਿਟ ਸੂਚੀ ਵਿੱਚ ਅਹਿਮ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ



**ਸੰਗਰੂਰ, (ਦਲਜੀਤ ਕੌਰ)** ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਛੇਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਇਕਾਈ ਸੰਗਰੂਰ ਦੇ ਜੋਨ ਵਿੱਚ ਤੇ ਇਕਾਈ ਦੀ ਮੈਰਿਟ ਸੂਚੀ ਵਿੱਚ ਅਹਿਮ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਦਾ ਅੱਜ ਪਾਰੁਲ ਪੈਲੇਸ ਸੰਗਰੂਰ ਵਿਖੇ ਰੱਖਿਆ ਸਨਮਾਨ ਸਮਾਰੋਹ ਜ਼ੋਨ ਮੁਖੀ ਮਾਸਟਰ ਪਰਮਵੇਦ ਤੇ ਇਕਾਈ ਮੁਖੀ ਸੁਰਿੰਦਰ ਪਾਲ ਦੀ ਅਗਵਾਈ ਤੇ ਸਮੂਚੀ ਸਥਾਨਕ ਇਕਾਈ ਦੇ ਸਹਿਯੋਗ ਨਾਲ ਸਫ਼ਲਤਾ ਪੂਰਵਕ ਨੇਪਰੇ ਚੜ੍ਹਿਆ।ਇਸ ਵਿਚ ਇਕਾਈ ਦੇ ਵੱਖ-ਵੱਖ ਥਾਵਾਂ/ਸਕੂਲਾਂ ਤੋਂ ਵੱਡੀ ਗਿਣਤੀ ਵਿਚ ਤਰਕਸ਼ੀਲ ਕਾਰਕੁੰਨਾਂ, ਵਿਦਿਆਰਥੀਆਂ ਅਤੇ ਸਕੂਲ ਅਧਿਆਪਕਾਂ ਅਤੇ ਸਹਿਯੋਗੀਆਂ ਨੇ ਸ਼ਮੂਲੀਅਤ ਕੀਤੀ। ਇਕਾਈ ਮੁਖੀ ਸੁਰਿੰਦਰ ਪਾਲ ਤੇ ਤਰਕਸ਼ੀਲ ਆਗੂ ਸੀਤਾ ਰਾਮ ਬਾਲਦ ਕਲਾਂ ਵੱਲੋਂ ਹਾਜ਼ਰੀਨ ਦਾ ਸਵਾਗਤ ਕੀਤਾ।

ਇਸ ਮੌਕੇ ਸਮਾਗਮ ਦੇ ਮੁੱਖ ਬੁਲਾਰੇ ਸਾਹਿਤਕਾਰ, ਡੂੰਘੇ ਚਿੰਤਕ ਤੇ ਵਿਦਵਾਨ ਰਾਜਿੰਦਰ ਪਾਲ ਸਿੰਘ ਬਰਾੜ ਸੇਵਾ ਮੁਕਤ ਪ੍ਰੋਫੈਸਰ ਡੀਨ ਭਾਸ਼ਾਵਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਸਿੱਖਿਆ ਨੀਤੀ ਵਿਚ ਵਿਗਿਆਨਕ ਚੇਤਨਾ ਵਿਕਸਤ ਕਰਨ ਦੀ ਥਾਂ ਰੂੜ੍ਹੀਵਾਦੀ ਪਾਠਕ੍ਰਮ ਸ਼ਾਮਿਲ ਹਨ ਜੋ ਵਿਦਿਆਰਥੀਆਂ ਨੂੰ ਵਿਗਿਆਨਕ ਨਜ਼ਰੀਆ ਅਪਨਾਉਣ ਤੋਂ ਵਾਂਝੇ ਕਰਦੇ ਹਨ। ਤਰਕਸ਼ੀਲ ਸੁਸਾਇਟੀ ਪੰਜਾਬ ਪਿਛਲੇ ਚਾਰ ਦਹਾਕਿਆਂ ਤੋਂ ਵਿਗਿਆਨਕ ਚੇਤਨਾ ਪ੍ਰਫੁੱਲਿਤ ਕਰਨ ਲਈ ਲਗਾਤਾਰ ਉਪਰਾਲੇ ਕਰਦੀ ਆ ਰਹੀ ਹੈ ਜਿਸਦਾ ਇਕ ਰੂਪ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਹੈ। ਉਨ੍ਹਾਂ ਕਿਹਾ ਵਿਗਿਆਨਕ ਸੋਚ ਅਪਣਾ ਕੇ ਵਿਦਿਆਰਥੀ ਆਪਣਾ ਬਹੁ ਪੱਖੀ ਵਿਕਾਸ ਕਰ ਸਕਦੇ ਹਨ, ਉਨ੍ਹਾਂ ਤਰਕਸ਼ੀਲ ਸੁਸਾਇਟੀ ਪੰਜਾਬ ਕੰਮ ਕਰਦਿਆਂ ਹਲ ਕੀਤੇ ਕੁੱਝ ਕੇਸਾਂ ਦੀ ਵਿਆਖਿਆ ਵੀ ਕੀਤੀ। ਤਰਕਸ਼ੀਲ ਮੈਗਜ਼ੀਨ ਦੇ ਮੁੱਖ ਸੰਪਾਦਕ ਬਲਬੀਰ ਚੰਦ ਲੌਂਗੋਵਾਲ ਨੇ ਵੀ ਚੇਤਨਾ ਪਰਖ਼ ਪ੍ਰੀਖਿਆ ਦੀ ਅਹਿਮੀਅਤ ਬਾਰੇ ਆਪਣੇ ਵਿਚਾਰ ਪ੍ਰਗਟਾਏ। ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਜਗਜੀਤ ਸਿੰਘ ਭੁਟਾਲ ਨੇ ਵੀ ਵਿਗਿਆਨਕ ਵਿਚਾਰਾਂ ਅਪਨਾਉਣ ਦਾ ਸੁਨੇਹਾ ਦਿੱਤਾ ਤੇ ਤਰਕਸ਼ੀਲ ਸੁਸਾਇਟੀ ਨੂੰ ਪੂਰਨ ਸਹਿਯੋਗ ਦੇਣ ਦਾ ਵਿਸ਼ਵਾਸ ਦਵਾਇਆ। ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਪਿਛਲੇ ਛੇ ਸਾਲਾਂ ਤੋਂ ਕਰਵਾਈ ਜਾ ਰਹੀ ਵਿੱਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਉਣ ਦੇ ਮਕਸਦ ਅਤੇ ਵਿਗਿਆਨਕ ਚੇਤਨਾ ਲਈ ਕੀਤੇ ਜਾ ਰਹੇ ਸੁਹਿਰਦ ਯਤਨਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਇਕਾਈ ਸੰਗਰੂਰ ਦੀ ਚੇਤਨਾ ਪ੍ਰੀਖਿਆ ਵਿੱਚ ਸਹਿਯੋਗ ਕਰਨ ਵਾਲੇ ਸਾਰੇ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕਰਦਿਆਂ, ਨਛੱਤਰ ਸਿੰਘ ਬਦੇਸ਼ਾ ਦਾ ਵਿਸ਼ੇਸ਼ ਧੰਨਵਾਦ ਕੀਤਾ ਜੋ ਆਪਣੀ ਮਾਤਾ ਦੀ ਯਾਦ ਵਿੱਚ ਇਕਾਈ ਸੰਗਰੂਰ ਦਾ ਕਨੇਡਾ ਤੋਂ ਹਰ ਸਾਲ ਵਿਸ਼ੇਸ਼ ਆਰਥਿਕ ਸਹਿਯੋਗ ਕਰਦੇ ਹਨ।

ਇਸ ਮੌਕੇ ਇਕਾਈ ਪੱਧਰ ਤੇ ਛੇਵੀਂ ਤੋਂ ਬਾਰ੍ਹਵੀਂ ਜਮਾਤ ਵਿਚ ਮੋਹਰੀ ਸਥਾਨ ਹਾਸਿਲ ਕਰਨ ਵਾਲੇ ਮਿਡਲ ਗਰੁੱਪ ਦੇ 45 ਅਤੇ ਸੈਕੰਡਰੀ ਗਰੁੱਪ ਦੇ 65 ਵਿਦਿਆਰਥੀਆਂ ਤੇ ਜੋਨ ਵਿੱਚ ਅਹਿਮ ਸਥਾਨ ਪ੍ਰਾਪਤ ਕਰਨ ਵਾਲੇ 5 ਵਿਦਿਆਰਥੀਆਂ ਨੂੰ ਤਰਕਸ਼ੀਲ ਮੈਂਬਰਾਂ ਨੇ ਸਮੂਹਿਕ ਰੂਪ ਵਿੱਚ ਵਿਗਿਆਨਕ ਵਿਚਾਰਾਂ ਵਾਲੀਆਂ ਕਿਤਾਬਾਂ, ਮੈਡਲ, ਪੜ੍ਹਨ ਸਮੱਗਰੀ ਅਤੇ ਸਨਮਾਨ ਪੱਤਰ ਦੇ ਕੇ ਤੇ ਲਗਭਗ 50 ਸਹਿਯੋਗੀ ਸਕੂਲ ਮੁਖੀਆਂ, ਅਧਿਆਪਕਾਂ ਤੇ ਸਹਿਯੋਗੀਆਂ ਨੂੰ ਵਧੀਆ ਮਨੁੱਖੀ ਗੁਣਾਂ ਤੇ ਵਿਗਿਆਨਕ ਵਿਚਾਰਾਂ ਵਾਲੀਆਂ ਪੁਸਤਕਾਂ ਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸ਼ੁਭਪ੍ਰੀਤ ਸਿੰਘ ਗੰਢੂਆਂ, ਸੁਲਤਾਨ ਖਾਂ ਤੁੰਗਾਂ, ਪ੍ਰਿੰਸੀਪਲ ਹਰਦੇਵ ਕੁਮਾਰ ਤੇ ਪਰਮਜੀਤ ਕੌਰ ਨੇ ਇਨਕਲਾਬੀ ਗੀਤ/ ਕਵਿਤਾਵਾਂ ਪੇਸ਼ ਕੀਤੇ। ਮਹਿਲਾਂ ਸਕੂਲ ਦੀਆਂ ਵਿਦਿਆਰਥਣਾਂ ਨਵਜੋਤ ਕੌਰ, ਮਹਿਕ, ਪਵਨ, ਭਵਾਨੀਗੜ੍ਹ ਸਕੂਲ ਦੀਆਂ ਵਿਦਿਆਰਥਣਾਂ ਸੁਮਨਪ੍ਰੀਤ ਕੌਰ, ਖੁਸ਼ਪ੍ਰੀਤ ਕੌਰ ਤੇ ਬਚਪਨ ਇੰਗਲਿਸ਼ ਸਕੂਲ ਦੇ ਵਿਦਿਆਰਥੀ ਸਾਹਿਲ ਤਿਵਾੜੀ ਨੇ ਤਰਕਸ਼ੀਲਤਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਤਰਕਸ਼ੀਲ ਆਗੂ ਜਗਦੇਵ ਕੰਮੋਮਾਜਰਾ ਨੇ ਜਾਦੂ ਸ਼ੋਅ ਵਿੱਚ ਹੱਥ ਦੀ ਸਫਾਈ ਦੀਆਂ ਟਰਿੱਕਾਂ ਨਾਲ ਵਿਗਿਆਨਕ ਸੋਚ ਦਾ ਚਾਨਣ ਬਿਖੇਰਿਆ।

## ਲੋਕ ਗਾਇਕ ਕੰਠ ਕਲੇਰ "ਚੰਨ ਚੜ੍ਹਿਆ ਪੁੰਨਿਆਂ ਦਾ" ਐਲਬਮ ਨਾਲ ਸੰਗਤ ਦੇ ਹੋਵੇਗਾ ਆਗਮਨ ਪੁਰਬ ਤੇ ਰੂਬਰੂ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)–** ਹਰ ਸਾਲ ਦੀ ਤਰ੍ਹਾਂ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਦੀਆਂ ਖੁਸ਼ੀਆਂ ਵਿੱਚ ਸੁਰੀਲੀ ਤੇ ਮਿੱਠੀ ਆਵਾਜ਼ ਦੇ ਮਾਲਕ ਜਨਾਬ ਕੰਠ ਕਲੇਰ ਜੀ ਇੱਕ ਵਾਰ ਫਿਰ "ਚੰਨ ਚੜ੍ਹਿਆ ਪੁੰਨਿਆਂ ਦਾ" ਐਲਬਮ ਰਾਹੀਂ ਹਾਜ਼ਰ ਹੋ ਰਹੇ ਨੇ । ਇਸ ਸਬੰਧੀ ਸੋਸ਼ਲ ਮੀਡੀਆ ਤੇ ਸਾਂਝੀ ਕੀਤੀ ਜਾਣਕਾਰੀ ਮੁਤਾਬਿਕ ਗੀਤਕਾਰ ਗੋਲਡੀ ਦਰਦੀ ਨੇ ਦੱਸਿਆ ਕਿ ਇਸ ਐਲਬਮ ਵਿੱਚ ਕੌਮੀ ਲੇਖਕ ਸ਼੍ਰੀਮਾਨ ਮਦਨ ਜਲੰਧਰੀ ਜੀ ਤੇ ਸ੍ਰੀ ਮਾਨ ਰੱਤੂ ਰੰਧਾਵਾ ਜੀ ਉਹਨਾਂ ਦੇ ਨਾਲ ਹਨ। ਗੋਲਡੀ ਦਰਦੀ ਨੇ ਦੱਸਿਆ ਕਿ ਉਸ ਦਾ ਲਿਖਿਆ ਗੀਤ" ਤੇਰੀਆਂ ਵਡਿਆਈਆਂ" ਇਸ ਐਲਬਮ ਵਿੱਚ ਸ਼ਾਮਿਲ ਕੀਤਾ ਗਿਆ ਹੈ ਤੇ ਉਹ ਸਮੁੱਚੀ ਟੀਮ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਉਸ ਦੀ ਕਲਮ ਨੂੰ ਮਣਾਂ ਮੂੰਹੀਂ ਮਾਣ ਦੇ ਕੇ ਸੰਗਤ ਦੇ ਰੂਬਰੂ ਹੋਣ ਦਾ ਮੌਕਾ ਬਖਸ਼ਿਸ਼ ਕੀਤਾ। ਇਸ ਐਲਬਮ ਦਾ ਸੰਗੀਤ ਅਮਰ ਜੀ ਤੇ ਕਮਲ ਕਲੇਰ ਦਾ ਹੈ, ਜਿਨਾਂ ਦੇ ਪਿਆਰ ਸਦਕੇ ਸੰਗਤ ਦੀ ਕਚਹਿਰੀ ਵਿੱਚ ਹਾਜ਼ਰੀ ਭਰ ਰਿਹਾ ਹਾਂ ਪਿਆਰ ਅਤੇ ਅਸ਼ੀਰਵਾਦ ਦੀ ਇੰਤਜ਼ਾਰ ਰਹੇਗੀ।




## ਸਤਨਾਮ ਸਿੰਘ ਤੇ ਜੈਸਮੀਨ ਕੌਰ ਦੇ ਟ੍ਰੈਕ "ਲੈ ਚੱਲੇ ਜਾਲਮੋਂ ਵੇ" ਕੀਤਾ ਪ੍ਰੈਸ ਕਲੱਬ ਜਲੰਧਰ ਵਿੱਚ ਰਿਲੀਜ਼

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)–** ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਗਾਇਕ ਸਤਨਾਮ ਸਿੰਘ ਤੇ ਗਾਇਕਾ ਜਾਸਮੀਨ ਕੌਰ ਦੇ ਧਾਰਮਿਕ ਸਿੰਗਲ ਟ੍ਰੈਕ "ਲੈ ਚੱਲੇ ਜਾਲਮੋਂ ਵੇ" ਦਾ ਪੋਸਟਰ ਪ੍ਰੈਸ ਕਲੱਬ ਜਲੰਧਰ ਵਿਖੇ ਗਾਇਕਾ ਸੀਮਾ ਅਨਜਾਣ, ਯਾਦਵਿੰਦਰ ਸਿੰਘ ਐਕਸ ਚੈਅਰਮੈਨ ਮਿਲਕ ਫੈਡ,




ਨੀਰਜ ਸ਼ਰਮਾ, ਵੀਡੀ ਡਾਇਰੈਕਟਰ ਬਾਬਾ ਕਮਲ, ਨਰਾਇਣ ਸਰਮਾ ਵਲੋਂ ਸਾਂਝੇ ਤੌਰ ਤੇ ਰਿਲੀਜ਼ ਕੀਤਾ ਗਿਆ। ਗੱਲਬਾਤ ਕਰਦੇ ਗਾਇਕ ਸਤਨਾਮ ਸਿੰਘ ਮੱਥਰੇਵਾਲੀਆ ਤੇ ਜਾਸਮੀਨ ਕੌਰ ਨੇ ਦੱਸਿਆ ਕਿ ਇਸ ਧਾਰਮਿਕ ਸਿੰਗਲ ਟ੍ਰੈਕ ਨੂੰ ਪੇਸਕਾਰ ਰਾਮ ਭੋਗਪੁਰੀਆ ਤੇ ਆਰ ਜੇ ਬੀਟਸ ਕੰਪਨੀ ਵਲੋਂ ਰਿਲੀਜ਼ ਕੀਤਾ ਗਿਆ। ਜਿਸ ਦਾ ਮਿਉਜ਼ਕ ਨਰਾਇਣ ਸ਼ਰਮਾ ਵਲੋਂ ਤਿਆਰ ਕੀਤਾ ਗਿਆ ਹੈ। ਜਿਸ ਨੂੰ ਲਿਖਿਆ ਹੈ ਖੁਦ ਗਾਇਕ ਸਤਨਾਮ ਸਿੰਘ ਮਥਰੇਵਾਲੀਆ ਨੇ। ਇਸ ਸਿੰਗਲ ਟਰੈਕ ਦੀ ਵੀਡਿਉ ਧਾਰਮਿਕ ਸਥਾਨਾਂ ਤੇ ਬਾਬਾ ਕਮਲ ਵਲੋਂ ਸ਼ੂਟ ਕੀਤੀ ਗਈ ਹੈ। ਯੂ ਟਿਊਬ ਦੇ ਨਾਲ-ਨਾਲ ਧਾਰਮਿਕ ਚੈਲਲਾਂ ਤੇ ਚੱਲ ਰਿਹਾ ਹੈ।

## ਗੋਗਾ ਜਸਪਾਲ ਜੱਸੀ ਦਾ ਧਾਰਮਿਕ ਟ੍ਰੈਕ "ਵਾਰ.. ਦਸ਼ਮੇਸ਼ ਪਿਤਾ " ਵਿਸ਼ਵ ਭਰ ਵਿੱਚ ਰਿਲੀਜ਼

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)–** ਉੜਾ ਜੁੜਾ ਪ੍ਰੋਡਕਸ਼ਨਜ਼ ਕੰਪਨੀ ਵੱਲੋਂ ਉੱਘੇ ਲੋਕ ਗਾਇਕ ਗੋਗਾ ਜਸਪਾਲ ਜੱਸੀ (ਡਾ) ਦਾ ਗਾਇਆ, ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਵਾਂ ਧਾਰਮਿਕ ਟਰੈਕ "ਵਾਰ.. ਦਸ਼ਮੇਸ਼ ਪਿਤਾ" ਪੂਰੇ ਵਿਸ਼ਵ ਭਰ ਦੇ ਸੋਸਲ ਮੀਡੀਆ ਪਲੇਟਫਾਰਮਾਂ ਤੇ ਵੱਡੀ ਪੱਧਰ ਤੇ ਰਿਲੀਜ਼ ਕੀਤਾ ਗਿਆ ਹੈ। ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਵਲੇ ਜਨਮ ਚ ਉਹਨਾਂ ਵੱਲੋਂ ਸ਼੍ਰੀ ਹੇਮਕੁੰਟ ਸਾਹਿਬ ਦੇ ਤਪਸਥਾਨ ਤੇ ਕੀਤੀ ਤਪੱਸਿਆ ਨੂੰ ਬਿਆਨ ਕਰਦਾ ਵਾਰ ਰੂਪੀ ਇਹ ਗੀਤ ਇੱਕ ਪੁਰਾਤਨ ਰਚਨਾ ਹੈਂ। ਇਸ ਵਾਰ ਦਾ ਸੰਗੀਤ ਅੱਜ ਦੇ ਚਰਚਿਤ ਸੰਗੀਤਕਾਰ ਰਿਦਮ ਰੌਕਰ ਨੇ ਬਹੁਤ ਲਗਨ ਤੇ ਮਿਹਨਤ ਨਾਲ ਤਿਆਰ ਕੀਤਾ ਹੈ। ਇਸ ਸੰਗੀਤ ਵਿੱਚ ਰਿਦਮ ਦਾ ਸਾਰਾ ਅਰੈਂਜਮੈਂਟ ਉੱਘੇ ਰਿਦਮਿਸਟ ਸ਼੍ਰੀ ਐਸ ਬਿੰਟਾ ਜੀ ਨੇ ਕੀਤਾ ਹੈ। ਇਸ ਗੀਤ ਦਾ ਵੀਡੀਓ ਫ਼ਿਲਮਾਂਕਣ ਜ਼ੂਮ ਇਨ ਕਰੀਏਸ਼ਨ ਵਲੋਂ ਵਿੱਚ ਮੋਹਾਲੀ ਦੇ ਆਸ ਪਾਸ ਬਹੁਤ ਕਮਾਲ ਦਾ ਸ਼ੂਟ ਕੀਤਾ ਗਿਆ ਹੈ। ਸਿਰਮੌਰ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀਵਾਲਾ ਦੀ ਪੇਸ਼ਕਸ਼ ਅਤੇ ਡਾ।ਅੰਮ੍ਰਿਤ ਸਿੰਘ ਦੀ ਸਰਪ੍ਰਸਤੀ ਥੱਲੇ ਉੜਾ ਜੁੜਾ ਪ੍ਰੋਡਕਸ਼ਨਜ਼ ਦੀ ਪੂਰੀ ਟੀਮ ਵਲੋਂ ਇਸ ਟ੍ਰੈਕ ਨੂੰ ਤਿਆਰ ਕਰਨ ਲਈ ਕੀਤੀ ਗਈ ਸਖ਼ਤ ਮਿਹਨਤ ਨੂੰ ਜਰੂਰ ਭਾਗ ਲੱਗਣਗੇ। ਉੜਾ ਜੁੜਾ ਪ੍ਰੋਡਕਸ਼ਨਜ਼ ਵਲੋਂ ਨਵੇਂ ਤੇ ਟੈਲੈਂਟਡ ਰਾਗੀ ਸਿੰਘਾਂ, ਪਾਠੀ ਸਿੰਘਾਂ, ਕਥਾਵਾਚਕਾ, ਕਵੀਸ਼ਰਾਂ ਤੇ ਢਾਡੀ ਜੱਥਿਆਂ ਨੂੰ ਖੁੱਲ੍ਹਾ ਸੱਦਾ ਹੈ ਉਹਨਾਂ ਨਾਲ ਜੁੜਨ ਦਾ। ਚਾਹਵਾਨ ਸੱਜਣਾਂ ਵਲੋਂ +9178140- 42872 ਤੇ ਸੰਪਰਕ ਕੀਤਾ ਜਾ ਸਕਦਾ ਹੈ।




## ਵਾਲੀਬਾਲ ਟੂਰਨਾਮੈਂਟ ਵਿਚ ਜੰਡਿਆਲਾ ਨੇ ਕਾਲਰਾ ਤੇ ਆਦਮਪੁਰ ਨੇ ਏਅਰ ਫੋਰਸ ਵਿੰਗ ਨੂੰ ਹਰਾਇਆ



**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–** ਸਪੋਰਟਸ ਕਲੱਬ ਆਦਮਪੁਰ ਵਲੋਂ ਆਯੋਜਿਤ ਟੂਰਨਾਮੈਂਟ ਵਿਚ ਅੱਜ ਦਿਲਚਸਪ ਤੇ ਫਸਵੇਂ ਮੁਕਾਬਲੇ ਦੇਖਣ ਨੂੰ ਮਿਲੇ । ਅੱਜ ਦੇ ਪਹਿਲੇ ਵਾਲੀਬਾਲ ਮੈਚ ਵਿਚ ਆਦਮਪੁਰ ਦੀ ਟੀਮ ਨੇ ਏਅਰਫੋਰਸ ਦੀ ਵਾਲੀਬਾਲ ਟੀਮ ਨੂੰ 21-25, 23-25 ਨਾਲ ਹਰਾ ਕੇ ਕੁਆਟਰ ਫਾਈਨਲ ਵਿੱਚ ਪ੍ਰਵੇਸ਼ ਕੀਤਾ । ਇਸੇ ਤਰਾਂ ਖੋਖਰਾਂ ਨੇ ਨਡਾਲੋਂ, ਜੌੜਾ ਪਿੰਡ ਨੇ ਕੰਦੋਲਾ, ਜਲਭੇ ਨੇ ਹਰੀਪੁਰ, ਭੋਜੋਵਾਲ ਨੇ ਮਰਨਾਈਆਂ ਤੇ ਜੰਡਿਆਲਾ ਨੇ ਕਾਲਰੇ ਨੂੰ ਹਰਾ ਕੇ ਅਗਲੇ ਰਾਊਂਡ ਵਿੱਚ ਪ੍ਰਵੇਸ਼ ਕੀਤਾ। ਜ਼ਿਕਰਯੋਗ ਹੈ ਕਿ ਟੂਰਨਾਮੈਂਟ ਜੇਤੂ ਵਾਲੀਬਾਲ ਟੀਮ ਨੂੰ 21 ਹਜਾਰ ਤੇ ਉਪ ਜੇਤੂ ਨੂੰ 15 ਹਜਾਰ ਦਾ ਕੈਸ਼ ਇਨਾਮ ਤੇ ਟਰਾਫੀਆਂ ਦਿੱਤੀਆਂ ਜਾਣਗੀਆਂ। ਇਸ ਮੌਕੇ ਕਲੱਬ ਦੇ ਸਮੂਹ ਅਹੁਦੇਦਾਰ ਸਹਿਬਾਨ ਤੇ ਵਾਲੀਬਾਲ ਕੋਚ ਹਾਜਿਰ ਸਨ।

## ਕਮਾਂਡੈਂਟ ਬੀ ਐਸ ਐਫ ਪੰਡਿਤ ਜੀ ਵੱਲੋਂ ਐਸ ਜੀ ਜੀ ਐਸ ਹਾਕੀ ਕਲੱਬ ਨੂੰ ਟਰੈਕ ਸੂਟ ਭੇਂਟ



**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–** ਐਸ ਜੀ ਜੀ ਐਸ ਹਾਕੀ ਕਲੱਬ ਧੁਦਿਆਲ ਜ਼ਿਲ੍ਹਾ ਜਲੰਧਰ ਨੂੰ ਵਧੀਆ ਹਾਕੀ ਖੇਡ ਪ੍ਰਦਰਸ਼ਨ ਕਰਨ ਤੇ ਕਮਾਂਡੈਂਟ ਬੀ ਐਸ ਐਫ ਪੰਡਿਤ ਜੀ ਵੱਲੋਂ ਖਿਡਾਰੀਆਂ ਨੂੰ ਟਰੈਕ ਸੂਟ ਪ੍ਰਦਾਨ ਕੀਤੇ ਗਏ। ਇਸ ਸਬੰਧੀ ਐਸਜੀਜੀਐਸ ਹਾਕੀ ਕਲੱਬ ਦੇ ਮੈਂਬਰਾਂ ਤੇ ਅਹੁਦੇਦਾਰਾਂ ਨੇ ਕਮਾਂਡੈਂਟ ਬੀ ਐਸ ਐਫ ਪੰਡਿਤ ਜੀ ਅਤੇ ਸਤਿਕਾਰ ਯੋਗ ਨਰਿੰਦਰ ਜੀ ਦਾ ਟਰਾਫੀ ਦੇ ਕੇ ਸਨਮਾਨ ਕੀਤਾ ਗਿਆ ਅਤੇ ਅਜਿਹੀਆਂ ਸ਼ਖਸੀਅਤਾਂ ਵੱਲੋਂ ਅੱਗੇ ਤੋਂ ਵੀ ਖਿਡਾਰੀਆਂ ਦਾ ਹੌਸਲਾ ਅਫ਼ਜ਼ਾਈ ਕਰਦੇ ਰਹਿਣ ਦੀ ਵਚਨਵੱਧਤਾ ਲਈ। ਇਸ ਮੌਕੇ ਕਮਾਂਡੈਂਟ ਬੀ ਐਸ ਐਫ ਪੰਡਿਤ ਜੀ ਨੇ ਕਿਹਾ ਕਿ ਬੱਚਿਆਂ ਅੰਦਰ ਖੇਡਾਂ ਦੀ ਰੁਚੀ ਦਾ ਪੈਦਾ ਹੋਣਾ ਸਮੇਂ ਦੇ ਮੁਤਾਬਿਕ ਬਹੁਤ ਵਧੀਆ ਹੈ, ਕਿਉਂਕਿ ਖੇਡ ਕਲਚਰ ਨਾਲ ਬੱਚਿਆਂ ਦੀ ਸਰੀਰਕ ਮਾਨਸਿਕ ਸਥਿਤੀ ਹਮੇਸ਼ਾ ਮਜਬੂਤ ਰਹਿੰਦੀ ਹੈ। ਉਹਨਾਂ ਕਿਹਾ ਕਿ ਉਹਨਾਂ ਨੂੰ ਇਸ ਸੇਵਾ ਕਰਨ ਤੇ ਬੇਹੱਦ ਖੁਸ਼ੀ ਮਹਿਸੂਸ ਹੋ ਰਹੀ ਹੈ ਅਤੇ ਉਹ ਅੱਗੇ ਤੋਂ ਵੀ ਅਜਿਹੀਆਂ ਸੇਵਾਵਾਂ ਨਿਰੰਤਰ ਕਰਦੇ ਰਹਿਣਗੇ ਅਤੇ ਐਸਜੀਜੀਐਸ ਕਲੱਬ ਵੱਲੋਂ ਮਿਲੇ ਪਿਆਰ ਸਤਿਕਾਰ ਦੇ ਹਮੇਸ਼ਾ ਰਿਣੀ ਰਹਿਣਗੇ।

## ਸੰਯੁਕਤ ਕਿਸਾਨ ਮੋਰਚੇ ਵੱਲੋਂ ਕਿਸਾਨ ਵਫ਼ਦ ਨੂੰ ਮਿਲਣ ਲਈ ਰਾਸ਼ਟਰਪਤੀ ਦੀ ਅਸਮਰੱਥਾ 'ਤੇ ਅਫ਼ਸੋਸ ਦਾ ਪ੍ਰਗਟਾਵਾ

**ਚੰਡੀਗੜ੍ਹ/ਨਵੀਂ ਦਿੱਲੀ, (ਦਲਜੀਤ ਕੌਰ)** ਸੰਯੁਕਤ ਕਿਸਾਨ ਮੋਰਚੇ ਵੱਲੋਂ ਭਾਰਤ ਦੀ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਮੁਲਾਕਾਤ ਦੀ ਬੇਨਤੀ 'ਤੇ ਵਿਚਾਰ ਕਰਨ ਅਤੇ ਲਿਖਤੀ ਜਵਾਬ ਕਿ ਸਮੇਂ ਦੀ ਘਾਟ ਕਾਰਨ ਉਹ ਕਿਸਾਨਾਂ ਦੇ ਵਫ਼ਦ ਨੂੰ ਨਹੀਂ ਮਿਲ ਸਕਦੇ ਉੱਤੇ ਡੂੰਘੇ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ। ਐਸਕੇਐਮ ਨੂੰ ਉਸ ਦੀ ਦਖਲਅੰਦਾਜ਼ੀ ਲਈ ਇਸ ਅਹਿਮ ਬੇਨਤੀ 'ਤੇ ਸਮੀਖਿਆ ਦੀ ਉਮੀਦ ਹੈ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸੁਪਰੀਮ ਕੋਰਟ ਹੁਣ ਤੱਕ ਪਿਛਲੇ 41 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਜ਼ਿੰਦਗੀ ਨੂੰ ਬਚਾਉਣ ਲਈ ਉਸਾਰੂ ਕਦਮ ਚੁੱਕਣ ਵਿੱਚ ਅਸਮਰੱਥ ਹਨ।

ਭਾਰਤ ਦੇ ਰਾਜ ਦੀ ਮੁਖੀ ਹੋਣ ਦੇ ਨਾਤੇ, ਉਸ ਦੀ ਜ਼ਿੰਮੇਵਾਰੀ ਹੈ ਕਿ ਉਹ ਕਾਰਜਪਾਲਿਕਾ ਅਤੇ ਨਿਆਂਪਾਲਿਕਾ ਦੀਆਂ ਸੰਵਿਧਾਨਕ ਸੰਸਥਾਵਾਂ ਨੂੰ ਸ਼ਾਸਨ ਦੇ ਸਮੇਂ ਦੇ ਪਰਖੇ ਗਏ ਲੋਕਤੰਤਰੀ ਸਿਧਾਂਤਾਂ ਦੀ ਪਾਲਣਾ ਕਰਨ ਵਿੱਚ ਮਦਦ ਕਰਨ, ਕਿਸਾਨਾਂ ਨਾਲ ਸੰਘਰਸ਼ ਬਾਰੇ ਵਿਚਾਰ ਵਟਾਂਦਰੇ ਕਰਨ ਅਤੇ ਉਨ੍ਹਾਂ ਦੀਆਂ ਗੰਭੀਰ ਤਕਲੀਫਾਂ ਦਾ ਸਦਭਾਵਨਾਪੂਰਵਕ ਹੱਲ ਯਕੀਨੀ ਬਣਾਉਣ। ਜਿਸ ਵਿੱਚ ਉਨ੍ਹਾਂ ਦੀਆਂ ਫ਼ਸਲਾਂ ਦਾ ਕੋਈ ਲਾਹੇਵੰਦ ਭਾਅ, ਉਤਪਾਦਨ ਦੀ ਵਧਦੀ ਲਾਗਤ, ਵਿਆਪਕ ਕਰਜ਼ਾ, ਕਿਸਾਨ ਖ਼ੁਦਕੁਸ਼ੀਆਂ, ਗੰਭੀਰ ਬੇਰੁਜ਼ਗਾਰੀ ਅਤੇ ਪੈਰਹੀਣ ਸੰਕਟ ਸ਼ਾਮਲ ਹਨ। ਪਰਵਾਸ ਦੀ ਸ਼ੁਰੂਆਤ ਕੇਂਦਰੀ ਸਰਕਾਰਾਂ ਦੁਆਰਾ ਨਵ-ਉਦਾਰਵਾਦੀ ਸੁਧਾਰਾਂ ਤੋਂ ਹੋਈ ਜਿਸ ਦੇ ਨਤੀਜੇ ਵਜੋਂ ਮੌਜੂਦਾ ਗੰਭੀਰ ਖੇਤੀ ਸੰਕਟ ਪੈਦਾ ਹੋਇਆ।

ਉਨ੍ਹਾਂ ਦੇ ਸੰਕਟ ਨੂੰ ਹੱਲ ਕਰਨ ਲਈ ਵਿਚਾਰ-ਵਟਾਂਦਰੇ ਦੀ ਬਜਾਏ, ਐਨ.ਡੀ.ਏ।3 ਸਰਕਾਰ ਖੇਤੀ ਕਾਰੋਬਾਰੀ ਕਾਰਪੋਰੇਸ਼ਨਾਂ ਦੁਆਰਾ ਖੇਤੀਬਾੜੀ ਅਤੇ ਕਿਸਾਨਾਂ, ਖੇਤੀਬਾੜੀ ਕਰਮਚਾਰੀਆਂ, ਛੋਟੇ ਵਪਾਰੀਆਂ ਅਤੇ ਛੋਟੇ ਉਤਪਾਦਕਾਂ ਦੀ ਰੋਜ਼ੀ-ਰੋਟੀ 'ਤੇ ਅਤੇ ਰਾਜ ਸਰਕਾਰਾਂ ਦੇ ਸੰਘੀ ਅਧਿਕਾਰਾਂ 'ਤੇ ਨਵੇਂ ਹਮਲੇ ਦੀ ਸਹੂਲਤ ਦੇ ਰਹੀ ਹੈ। ਖੇਤੀਬਾੜੀ ਮਾਰਕੀਟਿੰਗ 'ਤੇ ਨਵਾਂ ਰਾਸ਼ਟਰੀ ਨੀਤੀ ਫਰੇਮਵਰਕ - ਫਾਂਉ ਜੋ ਕਿ ਰੱਦ ਕੀਤੇ ਜਾਣ ਨਾਲੋਂ ਖਤਰਨਾਕ ਹੈ 3 ਫਾਰਮ ਐਕਟ। ਕੇਂਦਰ ਸਰਕਾਰ ਵੱਲੋਂ 9 ਦਸੰਬਰ 2021 ਨੂੰ ਕੀਤੇ ਸਮਝੌਤੇ ਦੀ ਉਲੰਘਣਾ ਕਰਕੇ ਕਿਸਾਨਾਂ ਨੂੰ ਂਫ@ਛ2+50% ਦੀ ਗਾਰੰਟੀਸ਼ੁਦਾ ਖਰੀਦ, ਵਿਆਪਕ ਕਰਜ਼ਾ ਮੁਆਫੀ ਅਤੇ ਨਿੱਜੀਕਰਨ ਦੇ ਨਾਲ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਦੀ ਉਲੰਘਣਾ ਕਰਕੇ ਮੁੜ ਸੰਘਰਸ਼ਾਂ ਦਾ ਰਾਹ ਅਪਣਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਹੋਰ ਆਪਸ ਵਿੱਚ ਬਿਜਲੀ। ਮੋਦੀ ਸਰਕਾਰ ਨੇ 385 ਦਿਨਾਂ ਦੇ ਵੱਡੇ ਸੰਘਰਸ਼ ਤੋਂ ਬਾਅਦ 3 ਫਾਰਮ ਐਕਟਾਂ ਨੂੰ ਰੱਦ ਕਰਨ ਅਤੇ ਸਮਝੌਤੇ 'ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਗਿਆ ਸੀ ਅਤੇ ਉਸ ਸਮੇਂ ਦੌਰਾਨ 736 ਕਿਸਾਨ ਸ਼ਹੀਦ ਹੋ ਗਏ ਸਨ। ਜੇਕਰ ਪ੍ਰਧਾਨ ਮੰਤਰੀ ਗੰਭੀਰ ਖੇਤੀ ਸੰਕਟ ਦੇ ਵਿਰੁੱਧ ਸਮੁੱਚੇ ਭਾਰਤ ਵਿੱਚ ਕਿਸਾਨਾਂ ਅਤੇ ਆਮ ਤੌਰ 'ਤੇ ਲੋਕਾਂ ਵਿੱਚ ਵਧ ਰਹੀ ਬੇਚੈਨੀ ਨੂੰ ਨਜ਼ਰਅੰਦਾਜ਼ ਕਰ ਰਹੇ ਹਨ, ਤਾਂ ਅੱਗੇ ਦਾ ਇੱਕੋ ਇੱਕ ਰਸਤਾ ਹੈ ਕਿ 2020-21 ਦੇ ਇਤਿਹਾਸਕ ਕਿਸਾਨ ਸੰਘਰਸ਼ ਤੋਂ ਵੱਡੇ ਅਤੇ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਕੀਤੇ ਜਾਣ।

## ਬੇਚਿਰਾਗ ਪਿੰਡ ਦੀ ਜਮੀਨ ਵਿੱਚ 28 ਫਰਵਰੀ ਨੂੰ ਦਲਿਤ ਜਗਾਉਣਗੇ ਚਿਰਾਗ

### ਸੀਲਿੰਗ ਐਕਟ ਤੋਂ ਉੱਪਰਲੀ ਜਮੀਨ ਦਲਿਤਾਂ, ਬੇਜ਼ਮੀਨੇ ਅਤੇ ਛੋਟੇ ਕਿਸਾਨਾਂ ਵਿੱਚ ਵੰਡਣ ਦੀ ਮੰਗ

**ਸੰਗਰੂਰ, (ਦਲਜੀਤ ਕੌਰ)** ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਜੋਨਲ ਕਮੇਟੀ ਦੀ ਮੀਟਿੰਗ ਜਗਤਾਰ ਸਿੰਘ ਤੋਲੇਵਾਲ ਦੀ ਪ੍ਰਧਾਨਗੀ ਹੇਠ ਗਦਰ ਮੈਮੋਰੀਅਲ ਭਵਨ ਸੰਗਰੂਰ ਵਿਖੇ ਕੀਤੀ ਗਈ। ਮੀਟਿੰਗ ਵਿੱਚ ਦਲਿਤਾਂ ਦੀ ਆਰਥਿਕ ਅਤੇ ਸਮਾਜਿਕ ਨਾ ਬਰਾਬਰੀ ਕਾਰਨ ਬਣੀ ਤਰਸਯੋਗ ਹਾਲਤ ਉੱਪਰ ਗੰਭੀਰ ਚਰਚਾ ਕੀਤੀ ਗਈ।



ਇਸ ਮੌਕੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਪ੍ਰਧਾਨ ਮੁਕੇਸ਼ ਮਲੌਦ ਅਤੇ ਧਰਮਵੀਰ ਹਰੀਗੜ੍ਹ ਨੇ ਦੱਸਿਆ ਕਿ ਜਮੀਨ ਹੱਦ ਬੰਦੀ ਕਾਨੂੰਨ 1972 ਮੁਤਾਬਿਕ ਹੱਦਬੰਦੀ ਤੋਂ ਉੱਪਰਲੀ ਬੇ-ਚਿਰਾਗ ਪਿੰਡ ਦੇ ਨਾਮ ਹੇਠ ਜੀਂਦ ਦੇ ਰਾਜੇ ਦੀ 927 ਏਕੜ ਜਮੀਨ ਜੋ ਕਿ ਬੀੜ ਐਸ਼ਵਾਨ ਪਿੰਡ ਦੇ ਨਾਮ ਹੇਠ ਪਈ ਹੈ ਨੂੰ ਦਲਿਤਾਂ, ਬੇਜ਼ਮੀਨੇ ਅਤੇ ਛੋਟੇ ਕਿਸਾਨਾਂ ਵਿੱਚ ਵੰਡਣ ਦੀ ਮੰਗ ਨੂੰ ਲੈਕੇ 28 ਫਰਵਰੀ ਨੂੰ ਇਸ ਜਮੀਨ ਵਿੱਚ ਚਿਰਾਗ ਲਾਉਣ ਦਾ ਫੈਸਲਾ ਕੀਤਾ ਗਿਆ। ਇਸ ਦੀ ਤਿਆਰੀ ਲਈ ਪਿੰਡਾਂ ਵਿੱਚ ਰੈਲੀਆਂ ਮੀਟਿੰਗਾਂ ਅਤੇ ਹੱਥ ਪਰਚਾ ਵੰਡ ਕੇ ਵਿਸ਼ਾਲ ਲਾਮਬੰਦੀ ਕੀਤੀ ਜਾਵੇਗੀ।

ਇਸ ਮੌਕੇ ਜੋਨਲ ਵਿੱਤ ਸਕੱਤਰ ਬਿੱਕਰ ਸਿੰਘ ਹਥੋਆ ਨੇ ਦੱਸਿਆ ਕਿ ਉਪਰੋਕਤ ਮੰਗਾਂ ਸਮੇਤ ਪੰਚਾਇਤੀ ਜਮੀਨ ਦਾ ਤੀਜਾ ਹਿੱਸਾ ਪੱਕੇ ਤੌਰ ਤੇ ਦਲਿਤਾਂ ਨੂੰ ਘੱਟ ਰੇਟ ਉੱਪਰ ਦਵਾਉਣ, ਨਜੂਲ ਜਮੀਨਾਂ ਦੇ ਮਾਲਕੀ ਹੱਕ ਲੈਣ, ਲਾਲ ਲਕੀਰ ਅੰਦਰ ਆਉਂਦੇ ਮਕਾਨਾਂ ਦੀਆਂ ਰਜਿਸਟਰੀਆਂ ਜਾਰੀ ਕਰਵਾਉਣ, ਦਲਿਤਾਂ ਨੂੰ ਸਹਿਕਾਰੀ ਸਭਾ ਦਾ ਮੈਂਬਰ ਬਣਾਉਣ, ਮਾਈਕਰੋਫਾਈਨਾਂਸ ਕੰਪਨੀਆਂ ਸਮੇਤ ਸਮੁੱਚਾ ਕਰਜ਼ਾ ਮਾਫ ਕਰਨ ਅਤੇ ਸਸਤੇ ਕਰਜ਼ੇ ਦਾ ਪ੍ਰਬੰਧ ਕਰਨ, ਮਨਰੇਗਾ ਤਹਿਤ ਸਾਰਾ ਸਾਲ ਕੰਮ ਅਤੇ ਮਜ਼ਦੂਰਾਂ ਦੀ ਦਿਹਾੜੀ ਹਰ ਖੇਤਰ ਵਿੱਚ 1000 ਰੁਪਏ ਕਰਨ ਆਦਿ ਮੰਗਾਂ ਨੂੰ ਲੈ ਕੇ ਪਿਛਲੇ ਦਿਨੀ ਮੁੱਖ ਮੰਤਰੀ ਦੀ ਕੋਠੀ ਅੱਗੇ ਧਰਨਾ ਦਿੱਤਾ ਗਿਆ ਸੀ, ਜਿਸ ਸਬੰਧੀ ਪੰਜਾਬ ਸਰਕਾਰ ਦੀ ਸਬ ਕਮੇਟੀ ਨਾਲ ਮੀਟਿੰਗ 10 ਜਨਵਰੀ ਨੂੰ ਕੀਤੀ ਜਾਵੇਗੀ।

ਇਸ ਮੌਕੇ ਉਪਰੋਕਤ ਤੋਂ ਬਿਨਾਂ ਮੀਟਿੰਗ ਵਿੱਚ ਗੁਰਚਰਨ ਸਿੰਘ ਘਰਾਚੋਂ, ਸ਼ਿੰਗਾਰਾ ਸਿੰਘ ਹੇੜੀਕੇ, ਬੇਅੰਤ ਸਿੰਘ ਸ਼ੇਰਪੁਰ ਅਤੇ ਜਗਤਾਰ ਤੋਲੇਵਾਲ ਆਦਿ ਹਾਜਰ ਸਨ।

# ਦੇਸ਼ ਭਗਤ ਯੂਨੀਵਰਸਿਟੀ ਅਤੇ ਆਈ.ਐਮ.ਏ. ਨੇ ਲੋਹੜੀ ਦਾ ਤਿਉਹਾਰ ਸ਼ਾਨਦਾਰ ਸੱਭਿਆਚਾਰਕ ਉਤਸ਼ਾਹ ਨਾਲ ਮਨਾਇਆ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ (ਡੀਬੀਯੂ) ਨੇ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈਐਮਏ), ਚੰਡੀਗੜ੍ਹ ਦੇ ਸਹਿਯੋਗ ਨਾਲ ਰਵਾਇਤੀ ਲੋਹੜੀ ਦਾ ਤਿਉਹਾਰ ਬੜੇ ਹੀ ਉਤਸ਼ਾਹ ਅਤੇ ਸੱਭਿਆਚਾਰਕ ਧੂਮ-ਧਾਮ ਨਾਲ ਮਨਾਇਆ। ਇਹ ਸਮਾਗਮ ਪੰਜਾਬੀ ਵਿਰਸੇ ਦਾ ਇਕ ਸ਼ਾਨਦਾਰ ਪ੍ਰਦਰਸ਼ਨ ਸੀ, ਜਿਸ ਵਿੱਚ ਰੰਗਾਰੰਗ ਪੇਸ਼ਕਾਰੀਆਂ ਅਤੇ ਮਾਣਯੋਗ ਮਹਿਮਾਨਾਂ ਦੀ ਮੌਜੂਦਗੀ ਸ਼ਾਮਲ ਸੀ।

ਡੀ।ਬੀ।ਯੂ। ਦੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪੇਸ਼ਕਾਰੀਆਂ ਸ਼ਾਮ ਦੀ ਮੁੱਖ ਵਿਸ਼ੇਸ਼ਤਾ ਰਹੀ। ਰੰਗ-ਬਿਰੰਗੇ ਪਰੰਪਰਾਗਤ ਪਹਿਰਾਵੇ ਵਿੱਚ ਸਜੇ ਵਿਦਿਆਰਥੀਆਂ ਨੇ ਵੱਖ-ਵੱਖ ਪੰਜਾਬੀ ਲੋਕ ਨਾਚਾਂ ਦਾ ਪ੍ਰਦਰਸ਼ਨ ਕੀਤਾ, ਜਿਸ ਵਿੱਚ ਭੰਗੜਾ ਅਤੇ ਸ਼ਾਨਦਾਰ ਗਿੱਧਾ ਸ਼ਾਮਲ ਸੀ। ਇਸ ਦੌਰਾਨ ਤਿਉਹਾਰ ਦੇ ਮਾਹੌਲ ਨੂੰ ਹੋਰ ਦਿਲਚਸਪ ਬਣਾਉਂਦੇ ਹੋਏ, ਦੇਸ਼ ਭਗਤ ਰੇਡੀ ਦੇ ਰੇਡੀ ਜੌਕੀ ਰਾਹੁਲ ਅਤੇ ਮਿਲੀ ਨੇ ਮਨੋਰੰਜਕ ਅਤੇ ਇੰਟਰੈਕਟਿਵ ਪ੍ਰਦਰਸ਼ਨ ਪੇਸ਼ ਕੀਤੇ।

ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ: ਜ਼ੋਰਾ ਸਿੰਘ ਅਤੇ ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ: ਤਜਿੰਦਰ ਕੌਰ ਅਤੇ ਆਈ ਐਮ ਏ ਦੇ ਪ੍ਰਧਾਨ ਡਾ ਪਵਨ ਕੁਮਾਰ ਬਾਂਸਲ ਦੀ ਮਾਣਮੱਤੀ ਹਾਜ਼ਰੀ ਨੇ ਇਸ ਸਮਾਗਮ ਦੀ ਸ਼ੋਭਾ ਹੋਰ



ਵਧਾਈ। ਇਨ੍ਹਾਂ ਪਤਵੰਤਿਆਂ ਨੇ ਇਕੱਠ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਅਜਿਹੇ ਸੱਭਿਆਚਾਰਕ ਤੌਰ 'ਤੇ ਭਰਪੂਰ ਸਮਾਗਮ ਦੀ ਮੇਜ਼ਬਾਨੀ 'ਤੇ ਮਾਣ ਪ੍ਰਗਟ ਕੀਤਾ। ਉਨ੍ਹਾਂ ਦੇ ਭਾਸ਼ਣਾਂ ਨੇ ਭਾਈਚਾਰੇ ਅਤੇ ਏਕਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਦੇ ਹੋਏ ਸੱਭਿਆਚਾਰਕ ਪਰੰਪਰਾਵਾਂ ਨੂੰ ਸੁਰੱਖਿਅਤ ਰੱਖਣ ਦੇ ਮਹੱਤਵ 'ਤੇ ਜ਼ੋਰ ਦਿੱਤਾ। ਸਮਾਗਮ ਵਿੱਚ ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ: ਸੰਦੀਪ ਸਿੰਘ ਨੇ ਪਰਿਵਾਰ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨਾਲ ਹਾਜ਼ਰੀ ਭਰੀ ਅਤੇ ਸਭ ਦਾ ਸੁਆਗਤ ਕੀਤਾ। ਸੁਆਗਤੀ ਭਾਸ਼ਣ ਵਿੱਚ ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਪ੍ਰੈਜ਼ੀਡੈਂਟ ਡਾ: ਹਰਸ਼ ਸਦਾਵਰਤੀ ਨੇ ਪਤਵੰਤਿਆਂ ਅਤੇ ਹਾਜ਼ਰੀਨ ਦਾ ਨਿੱਘਾ ਸੁਆਗਤ ਕੀਤਾ ਅਤੇ ਉਹਨਾਂ ਦੀ ਮੌਜੂਦਗੀ ਲਈ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਦੇ ਸ਼ਬਦਾਂ ਨੇ ਸੱਭਿਆਚਾਰਕ ਸੰਭਾਲ ਅਤੇ ਵਿਦਿਅਕ ਉੱਤਮਤਾ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਉਜਾਗਰ ਕਰਦੇ ਹੋਏ ਸ਼ਾਮ ਦਾ ਆਗਾਜ਼ ਕੀਤਾ।

ਇਸ ਦੌਰਾਨ ਆਈਏਐਸ ਸਕੱਤਰ, ਮੈਡੀਕਲ ਐਜੂਕੇਸ਼ਨ ਐਂਡ ਰਿਸਰਚ ਯੂਟੀ, ਚੰਡੀਗੜ੍ਹ, ਸ਼੍ਰੀਮਤੀ ਅਤੇ ਸ਼੍ਰੀ ਅਜੈ ਚਗਤੀ, ਏਡੀਸੀ ਯੂਟੀ ਪ੍ਰਸ਼ਾਸਨ ਚੰਡੀਗੜ੍ਹ ਅਮਨਦੀਪ ਸਿੰਘ ਭੱਟੀ, ਡਾਇਰੈਕਟਰ ਜਨਰਲ ਸਿਹਤ ਸੇਵਾਵਾਂ ਹਰਿਆਣਾ ਡਾ: ਮੁਨੀਸ਼ ਬਾਂਸਲ ਨੂੰ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਪ੍ਰਮੁੱਖ ਸ਼ਖਸੀਅਤਾਂ ਨੂੰ ਸਨਮਾਨਿਤ ਕਰਦੇ ਹੋਏ ਪ੍ਰੋਗਰਾਮ ਦੀ ਸਮਾਪਤੀ ਇੱਕ ਸਮਾਰੋਹ ਦੇ ਨਾਲ ਹੋਈ ਜਿੱਥੇ ਡਾ। ਜ਼ੋਰਾ ਸਿੰਘ ਅਤੇ ਡਾ। ਤਜਿੰਦਰ ਕੌਰ ਨੇ ਹਾਜ਼ਰ ਪ੍ਰਮੁੱਖ ਸ਼ਖਸੀਅਤਾਂ ਨੂੰ ਸਮਾਗਮ ਲਈ ਉਹਨਾਂ ਦੇ ਯੋਗਦਾਨ ਅਤੇ ਸਹਿਯੋਗ ਨੂੰ ਮਾਨਤਾ ਦਿੰਦੇ ਹੋਏ ਸਨਮਾਨਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਈ।ਐਮ।ਏ ਦੇ ਪ੍ਰਧਾਨ ਪਵਨ ਕੁਮਾਰ ਬਾਂਸਲ, ਆਈ।ਐਮ।ਏ ਦੇ ਸਕੱਤਰ ਡਾ ਨਿਰਮਲ ਭਸੀਨ, ਬੈਂਕ ਆਫ ਇੰਡੀਆ ਦੇ ਜ਼ੋਨਲ ਮੈਨੇਜਰ ਰਾਜੇਸ਼ ਰੰਜਨ ਅਤੇ ਸਕੂਲ ਆਫ ਪਰਫਾਰਮਿੰਗ ਆਰਟ ਐਂਡ ਮੀਡੀਆ ਦੇ ਡਾਇਰੈਕਟਰ ਡਾ: ਸੁਰਜੀਤ ਕੌਰ ਪਥੇਜਾ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਹਾਜ਼ਰੀ ਭਰੀ।

# ਕਿਸਾਨਾਂ ਦੀ ਆਮਦਨ ਵਧਾਉਣ ਲਈ ਦੁੱਧ ਦੀ ਪ੍ਰੋਸੈਸਿੰਗ ਲਈ ਸਬਸਿਡੀ ਤੇ ਲੋਕਾਂ ਨੂੰ ਵਿਦੇਸ਼ੀ ਸੀਮਨ ਮੁਫ਼ਤ ਮੁਹੱਈਆ ਕਰਵਾਇਆ ਜਾਵੇਗਾ- ਖੁੱਡੀਆਂ

**ਫਗਵਾੜਾ (ਬੀ.ਕੇ. ਰੱਤੂ)–** ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਤੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਹੈ ਕਿ ਪਸ਼ੂ ਧੰਨ ਦੀ ਪੰਜਾਬ ਦੀ ਅਰਥ ਵਿਵਸਥਾ ਵਿੱਚ ਯੋਗਦਾਨ ਵਧਾਉਣ ਦੀਆਂ ਅਸੀਮ ਸੰਭਾਵਨਾਵਾਂ ਹਨ ਜਿਸ ਲਈ ਪੰਜਾਬ ਦੇ ਮੁੱਖ ਮੰਤਰੀ ਸ। ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਵਿਆਪਕ ਯੋਜਨਾਬੰਦੀ ਕੀਤੀ ਗਈ ਹੈ ।

ਅੱਜ ਇੱਥੇ ਫਗਵਾੜਾ ਨੇੜੇ ਖਜੂਰਲਾ ਪਿੰਡ ਵਿਖੇ 1961 ਦੇ ਬਣੇ ਪਸ਼ੂ ਸਿਵਲ ਹਸਪਤਾਲ ਦੀ ਇਮਾਰਤ ਜਿਸਦਾ ਪਿੰਡ ਵਾਸੀਆਂ ਵੱਲੋਂ ਨਵੀਨੀਕਰਨ ਕੀਤਾ ਗਿਆ , ਨੂੰ ਲੋਕ ਅਰਪਿਤ ਕਰਦਿਆਂ ਸ। ਖੁੱਡੀਆਂ ਨੇ ਕਿਹਾ ਕਿ ਪਸ਼ੂ ਧੰਨ ਦਾ ਪੰਜਾਬ ਦੀ ਅਰਥ ਵਿਵਸਥਾ ਵਿੱਚ ਲਗਭਗ 13 ਫੀਸਦੀ ਯੋਗਦਾਨ ਹੈ ਜਿਸਨੂੰ 20 ਫੀਸਦੀ ਤੱਕ ਲਿਜਾਣ ਦਾ ਟੀਚਾ ਹੈ।

ਸ। ਖੁੱਡੀਆਂ ਨੇ ਕਿਹਾ ਕਿ ਪਸ਼ੂ ਧੰਨ ਦੀ ਦੁੱਧ ਉਤਪਾਦਨ ਦੀ ਸਮਰੱਥਾ ਵਧਾਉਣ ਲਈ ਵਿਦੇਸ਼ੀ ਸੀਮਨ ਪਸ਼ੂ ਪਾਲਕਾਂ ਨੂੰ ਬਿਲਕੁਲ ਮੁਫਤ ਦੇਣ ਦੀ ਵਿਵਸਥਾ ਕੀਤੀ ਗਈ ਹੈ । ਇਸ ਤੋਂ ਇਲਾਵਾ ਕਿਸਾਨਾਂ ਦੀ ਆਮਦਨ ਵਧਾਉਣ ਲਈ ਦੁੱਧ ਦੇ ਪ੍ਰੋਸੈਸਿੰਗ ਪਲਾਂਟਾਂ ਦੀ ਸਥਾਪਨਾ ਲਈ ਸਬਸਿਡੀ ਵੀ ਦਿੱਤੀ ਜਾ ਰਹੀ ਹੈ ਜਿਸ ਨਾਲ ਦੁੱਧ ਤੋਂ ਬਣੇ ਵੱਧ ਤੋਂ ਵੱਧ ਪਦਾਰਥ ਬਣਾਕੇ ਬਾਜ਼ਾਰ ਵਿੱਚ ਮੁਕਾਬਲਾ ਕਰ ਸਕਦੇ ਹਨ। ਪਸ਼ੂ ਪਾਲਣ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਪਸ਼ੂ ਪਾਲਣ ਵਿਭਾਗ ਵਿੱਚ ਲਗਭਗ 400 ਵੈਟਰਨਰੀ ਡਾਕਟਰਾਂ ਦੀ ਭਰਤੀ ਜਲਦ ਕੀਤੀ ਜਾ ਰਹੀ ਹੈ , ਜਿਸ ਨਾਲ ਪੰਜਾਬ ਦੇ ਸਿਵਲ ਪਸ਼ੂ ਹਸਪਤਾਲਾਂ ਵਿੱਚ ਡਾਕਟਰਾਂ ਦੀ ਕਮੀ ਨਹੀਂ ਰਹੇਗੀ।



ਕੈਬਨਿਟ ਮੰਤਰੀ ਨੇ ਇਹ ਵੀ ਕਿਹਾ ਕਿ ਪਸ਼ੂ ਪਾਲਕਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਤੇ ਪਸ਼ੂ ਧੰਨ ਨੂੰ ਹੁੰਦੀਆਂ ਬਿਮਾਰੀਆਂ ਬਾਰੇ ਸਮੇਂ ਸਿਰ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਭਾਗ ਦਾ ਯੂ ਟਿਊਬ ਚੈਨਲ ਤੇ ਤੇ ਫੇਸਬੁੱਕ ਪੇਜ ਸ਼ੁਰੂ ਕੀਤਾ ਗਿਆ ਹੈ ਜਿਸ ਉੱਪਰ ਪਸ਼ੂ ਪਾਲਕਾਂ ਨੂੰ ਵੈਟਰਨਰੀ ਡਾਕਟਰ ਸਵੇਰੇ 11 ਵਜੇ ਤੋਂ 1 ਵਜੇ ਤੱਕ ਲਾਇਵ ਹੋ ਕੇ ਪਸ਼ੂਆਂ ਨੂੰ ਬਿਮਾਰੀਆਂ ਤੋਂ ਬਚਾਅ ਬਾਰੇ ਜਾਣੂੰ ਕਰਵਾਉਣਗੇ।

ਉਨ੍ਹਾਂ ਇਹ ਵੀ ਕਿਹਾ ਕਿ " ਸਮੇਂ ਦੀ ਸਭ ਤੋਂ ਵੱਡੀ ਲੋੜ ਹੈ ਕਿ ਅਸੀਂ ਖੇਤੀ ਦੇ ਨਾਲ- ਨਾਲ ਪਸ਼ੂ ਧੰਨ ਤੇ ਹੋਰ ਸਹਾਇਕ ਧੰਦਿਆਂ ਨੂੰ ਅਪਣਾਉਣ ਜਿਸ ਨਾਲ ਨਾ ਸਿਰਫ ਖੇਤੀ ਵਿਭਿੰਨਤਾ ਨੂੰ ਹੁਲਾਰਾ ਮਿਲੇਗਾ ਸਗੋਂ ਕਿਸਾਨਾਂ ਦੀ ਆਮਦਨ ਵਿਚ ਵੀ ਚੋਖਾ ਵਾਧਾ ਹੋਵੇਗਾ। ਉਨ੍ਹਾਂ ਖਜੂਰਲਾ ਨਿਵਾਸੀਆਂ ਵੱਲੋਂ ਸਿਵਲ ਪਸ਼ੂ ਹਸਪਾਤਲ ਦੇ ਨਵੀਨੀਕਰਨ ਲਈ ਕੀਤੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹਸਪਤਾਲ ਵਿਖੇ ਅਗਲੇ ਕੁਝ ਦਿਨਾਂ ਵਿਚ ਹੀ ਵੈਟਰਨਰੀ ਡਾਕਟਰਾਂ , ਸਹਾਇਕ ਅਮਲੇ ਦੀ ਤਾਇਨਾਤੀ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਪੰਜਾਬ ਪੁਲਿਸ ਦੀ ਇੱਕ ਟੁਕੜੀ ਵੱਲੋਂ ਕੈਬਨਿਟ ਮੰਤਰੀ ਨੂੰ ਗਾਰਡ ਆਫ ਆਨਰ ਪੇਸ਼ ਕੀਤਾ ਗਿਆ । ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਤੇ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ, ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ , ਐਸ ਐਸ ਪੀ ਗੌਰਵ ਤੂਰਾ, ਡਾਇਰੈਕਟਰ ਪਸ਼ੂ ਪਾਲਣ ਡਾ । ਜੀ ਐਸ ਬੇਦੀ, ਵਧੀਕ ਡਿਪਟੀ ਕਮਿਸ਼ਨਰ ਵਰਿੰਦਰਪਾਲ ਸਿੰਘ ਬਾਜਵਾ, ਐਸ ਡੀ ਐਮ ਜਸ਼ਨਜੀਤ ਸਿੰਘ, ਡਾ ਆਰ ਪੀ ਸਿੰਘ, ਸਰਪੰਚ ਪਿਆਰਾ ਸਿੰਘ ਤੇ ਹੋਰ ਹਾਜ਼ਰ ਸਨ।

# ਬਲਜਿੰਦਰ ਮਾਨ 'ਨਵੀਆਂ ਕਲਮਾਂ ਨਵੀਂ ਉਡਾਣ' ਪ੍ਰੋਜੈਕਟ ਦੇ ਬਣੇ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ

**ਮਾਹਿਲਪੁਰ (ਮਾਨ)** ਪੰਜਾਬ ਭਵਨ ਸਰੀ ਅਤੇ ਨਵੀਆਂ ਕਲਮਾਂ ਨਵੀਂ ਉਡਾਣ ਪ੍ਰੋਜੈਕਟ ਦੇ ਸੰਸਥਾਪਕ ਸੁੱਖੀ ਬਾਠ ਸਰੀ ਕੈਨੇਡਾ ਵੱਲੋਂ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੂੰ ਨਵੀਆਂ ਕਲਮਾਂ ਨਵੀਂ ਉਡਾਣ ਪ੍ਰੋਜੈਕਟ ਵਾਸਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਮੀਡੀਆ ਕੋ-ਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਮੀਡੀਏ ਦੀ ਭੂਮਿਕਾ ਅਹਿਮ ਹੈ। ਬਲਜਿੰਦਰ ਮਾਨ ਪਿਛਲੇ ਤਿੰਨ ਚਾਰ ਦਹਾਕਿਆਂ ਤੋਂ ਸਾਹਿਤਕ, ਸੱਭਿਆਚਾਰਕ, ਖੇਡ, ਸਮਾਜਿਕ ਅਤੇ ਲੋਕ ਭਲਾਈ ਗਤੀਵਿਧੀਆਂ ਵਿੱਚ ਅਹਿਮ ਕਾਰਜ ਕਰ ਰਹੇ ਹਨ। ਉਨ੍ਹਾਂ ਦੀ ਦਹਾਕਿਆਂ ਦੀ ਘਾਲਣਾ, ਅੰਤਰਰਾਸ਼ਟਰੀ ਬਾਲ ਲੇਖਕ ਕਾਨਫਰੰਸ ਸ੍ਰੀ ਮਸਤੂਆਣਾ ਸਾਹਿਬ ਅਤੇ ਇਸ ਪ੍ਰੋਜੈਕਟ ਵਿੱਚ ਨਿਭਾਈ ਅਹਿਮ ਭੂਮਿਕਾ ਨੂੰ ਮੱਦੇ ਨਜ਼ਰ ਰੱਖਦਿਆਂ ਇਹ ਨਿਯੁਕਤੀ ਕੀਤੀ ਗਈ ਹੈ। ਉਹ ਇਸ ਪ੍ਰੋਜੈਕਟ ਵਿੱਚ ਨਿਰਸਵਾਰਥੀ ਭਾਵਨਾ ਨਾਲ ਕਾਰਜ ਕਰ ਰਹੇ ਹਨ। ਪ੍ਰੋਜੈਕਟ ਇੰਚਾਰਜ ਉਂਕਾਰ ਸਿੰਘ ਤੇਜੇ ਨੇ ਕਿਹਾ ਕਿ ਬਾਲ ਜਗਤ ਅਤੇ ਸਮਾਜ ਨੂੰ ਸਮਰਪਿਤ ਅਜਿਹੇ ਕਾਮਿਆਂ ਦੀ ਵਿਸ਼ੇਸ਼ ਤੌਰ ਤੇ ਜ਼ਰੂਰਤ ਹੈ।



ਬਲਜਿੰਦਰ ਮਾਨ ਦੀ ਇਸ ਨਿਯੁਕਤੀ ਦਾ ਇਲਾਕੇ ਦੀਆਂ ਸਮੂਹ ਸਾਹਿਤਕ, ਸਮਾਜਿਕ, ਸੱਭਿਆਚਾਰਕ, ਖੇਡ ਅਤੇ ਵਿੱਦਿਅਕ ਜਥੇਬੰਦੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਪ੍ਰਿੰਸੀਪਲ ਪਰਵਿੰਦਰ ਸਿੰਘ, ਕੁਲਵੰਤ ਸਿੰਘ ਸੰਘਾ, ਪ੍ਰੋਫੈਸਰ ਅਜੀਤ ਲੰਗੇਰੀ, ਐਸ ਅਸ਼ੋਕ ਭੌਰਾ, ਵਿਜੇ ਬੰਬੇਲੀ, ਡਾਕਟਰ ਜੰਗ ਬਹਾਦਰ ਸੇਖੋਂ, ਪ੍ਰੋਫੈਸਰ ਅਪਿੰਦਰ ਸਿੰਘ, ਚੈਂਚਲ ਸਿੰਘ ਬੈਂਸ, ਹਰਭਜਨ ਸਿੰਘ ਕਾਹਲੋਂ, ਬੱਗਾ ਸਿੰਘ ਆਰਟਿਸਟ, ਸੁਖਮਨ ਸਿੰਘ, ਪ੍ਰਿੰਸੀਪਲ ਵਿਜੇ ਭੱਟੀ, ਰਘੁਬੀਰ ਸਿੰਘ ਕਲੋਆ, ਕ੍ਰਿਸ਼ਨਜੀਤ ਰਾ ਕੈਂਡੋਵਾਲ, ਅਸ਼ੋਕ ਪੁਰੀ, ਡਾ. ਮਨਮੋਹਨ ਸਿੰਘ ਤੀਰ, ਡਾ. ਜਸਵੰਤ ਰਾਏ ਅਤੇ ਪ੍ਰਿੰ. ਪ੍ਰਿਤਪਾਲ ਸਿੰਘ ਮਹਿਰੋਕ ਨੇ ਕਿਹਾ ਕਿ ਇਸ ਨਿਯੁਕਤੀ ਨਾਲ ਬਲਜਿੰਦਰ ਮਾਨ ਦੇ ਕਾਰਜ ਖੇਤਰ ਦਾ ਘੇਰਾ ਕੌਮਾਂਤਰੀ ਪੱਧਰ ਤੱਕ ਫੈਲ ਜਾਵੇਗਾ ਕਿਉਂਕਿ ਇਹ ਪ੍ਰੋਜੈਕਟ ਪੂਰੇ ਵਿਸ਼ਵ ਵਿੱਚ ਚਲਾਇਆ ਜਾ ਰਿਹਾ ਹੈ।

# ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਨੇ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰ ਦਾ ਦੌਰਾ ਕਰਕੇ ਮਰੀਜ਼ਾਂ ਨੂੰ ਕੀਤਾ ਪ੍ਰੇਰਿਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਅਤੇ ਐਸ.ਐਸ.ਪੀ. ਸੁਰੇਂਦਰ ਲਾਂਬਾ ਨੇ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਫਤਹਿਗੜ੍ਹ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਦਾਖਲ ਮਰੀਜ਼ਾਂ ਦਾ ਹਾਲ-ਚਾਲ ਪੁੱਛਿਆ ਅਤੇ ਉਨ੍ਹਾਂ ਨੂੰ ਨਸ਼ੇ ਤੋਂ ਛੁਟਕਾਰਾ ਪਾਉਣ ਲਈ ਪ੍ਰੇਰਿਤ ਕੀਤਾ। ਡਿਪਟੀ ਕਮਿਸ਼ਨਰ ਨੇ ਮਰੀਜ਼ਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਨਸ਼ੇ ਦੀ ਗ੍ਰਿਫਤ ਤੋਂ ਬਾਹਰ ਆਉਣਾ ਇਕ ਦਲੇਰਾਨਾ ਕਦਮ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਉਨ੍ਹਾਂ ਦੀ ਹਰ ਸੰਭਵ ਮਦਦ ਲਈ ਵਚਨਬੱਧ ਹੈ। ਜਿਸ ਇਸ ਦੌਰਾਨ ਐਸ।ਐਸ।ਪੀ ਸੁਰੇਂਦਰ ਲਾਂਬਾ ਨੇ ਕਿਹਾ ਕਿ ਨਸ਼ਾ ਨਾ ਕੇਵਲ ਵਿਅਕਤੀਗਤ ਜੀਵਨ ਨੂੰ ਨੁਕਸਾਨ ਪਹੁੰਚਾਉਂਦਾ ਹੈ ਬਲਕਿ ਪੂਰੇ ਸਮਾਜ 'ਤੇ ਇਸ ਦਾ ਨਕਾਰਾਤਮਕ ਪ੍ਰਭਾਵ ਪੈਂਦਾ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਕੇਂਦਰ ਉਨ੍ਹਾਂ ਲੋਕਾਂ ਲਈ ਆਸ ਦੀ ਕਿਰਨ ਹਨ ਜੋ ਨਸ਼ੇ ਦੇ ਚੁਗਲ ਤੋਂ ਬਾਹਰ ਨਿਕਲਣਾ ਚਾਹੁੰਦੇ ਹਨ। ਇਸ ਦੌਰਾਨ ਨਸ਼ਾ ਛੱਡ ਚੁੱਕੇ ਕੁਝ ਨੌਜਵਾਨਾਂ ਨੇ ਵੀ ਮਰੀਜ਼ਾਂ ਨਾਲ ਗੱਲਬਾਤ ਕੀਤੀ ਅਤੇ ਆਪਣੇ ਤਜ਼ਰਬੇ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਨਸ਼ੇ ਤੋਂ ਛੁਟਕਾਰਾ ਪਾਇਆ ਅਤੇ ਹੁਣ ਉਹ ਆਪਣੇ ਜੀਵਨ ਨੂੰ ਨਵੇਂ ਸਿਰੇ ਤੋਂ ਸ਼ੁਰੂ ਕਰ ਰਹੇ ਹਨ। ਉਨ੍ਹਾਂ ਦੇ ਤਜ਼ਰਬੇ ਅਤੇ ਕਹਾਣੀਆਂ ਇਥੇ ਮੌਜੂਦਾ ਮਰੀਜ਼ਾਂ ਲਈ ਪ੍ਰੇਰਣਾ ਦਾ ਸਰੋਤ ਬਣੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਰਾਹੀਂ ਨਸ਼ੇ ਦੀ ਗ੍ਰਿਫਤ ਤੋਂ ਬਾਹਰ ਆਏ ਵਿਅਕਤੀਆਂ ਲਈ ਪਿਛਲੇ ਇਕ ਸਾਲ ਤੋਂ ਮਲਟੀ -ਕੁਜੀਨ ਕੁਕਿੰਗ, ਹੇਅਰ ਡਰੈਸ ਅਤੇ ਸੈਲੂਨ ਆਰਟਿਸਟ ਵਰਗੇ ਸਕਿੱਲ ਕੋਰਸ ਚਲਾਏ ਜਾ ਰਹੇ ਹਨ। ਇਨ੍ਹਾਂ ਕੋਰਸਾਂ ਦਾ ਉਦੇਸ਼ ਇਨ੍ਹਾਂ ਵਿਅਕਤੀਆਂ ਨੂੰ ਆਤਮਨਿਰਭਰ ਬਣਾਉਣਾ ਅਤੇ ਸਮਾਜ ਵਿਚ ਮੁੜ ਸਥਾਪਿਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੋਰਸਾਂ ਵਿਚ ਹੁਣ ਤੱਕ ਕੁੱਲ 2 ਬੈਚ ਸਫਲਤਾਪੂਰਵਕ ਪਾਸ ਹੋ ਚੁੱਕੇ ਹਨ ਅਤੇ 60 ਵਿਦਿਆਰਥੀਆਂ ਨੂੰ ਸਿਖਲਾਈ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦੇ ਸਹਿਯੋਗ ਨਾਲ ਤੀਭ।ਬਸਰੇ ਸਕਿੱਲ ਕੋਰਸ, 'ਮੇਰਾ ਬਾਗ ਮੇਰਾ ਮਾਨ' ਦੀ ਸ਼ੁਰੂਆਤ ਕੀਤੀ ਗਈ ਹੈ।



ਇਹ ਕੋਰਸ ਰੈਡ ਕਰਾਸ ਅਤੇ ਬਾਗਬਾਨੀ ਵਿਭਾਗ ਦੇ ਸਹਿਯੋਗ ਨਾਲ ਚਲਾਇਆ ਜਾਵੇਗਾ। ਇਸ ਵਿਚ ਨਸ਼ਾ ਛੱਡਣ ਵਾਲੇ ਵਿਅਕਤੀਆਂ ਨੂੰ ਖੇਤੀਬਾੜੀ ਨਾਲ ਸਬੰਧਤ ਹੁਨਰ ਸਿਖਾਏ ਜਾਣਗੇ ਤਾਂ ਜੋ ਉਹ ਇਸ ਪੇਸ਼ ਨਾਲ ਜੁੜ ਕੇ ਇਕ ਨਵੀਂ ਸ਼ੁਰੂਆਤ ਕਰ ਸਕਣ ਅਤੇ ਨਸ਼ੇ ਤੋਂ ਦੂਰ ਰਹਿ ਸਕਣ।

# ਯਾਰੀ ਤੋੜ ਦੇਣੀ, ਤੂੰ ਬਦਮਾਸ਼ੀਆਂ ਕਰਦਾ" ਗੀਤ ਵਾਲਾ ਗਾਇਕ ਸੁਰਜੀਤ ਭੁੱਲਰ

ਸਧਾਰਨ ਜੱਟ ਪਰਿਵਾਰ ਵਿੱਚੋਂ ਸੁਰਜੀਤ ਸਿੰਘ ਭੁੱਲਰ ਨੂੰ ਸ਼ੌਂਕ ਬਚਪਨ ਤੋਂ ਗਾਇਕੀ ਦਾ ਸੀ ਤੇ ਰਾਜ ਬਰਾੜ ਦੀ ਭੁੱਲਰ ਦੇ ਪਿੰਡ ਚੇਲਾ ਨਜ਼ਦੀਕ ਭਿੱਖੀਵਿੰਡ ਰਿਸ਼ਤੇਦਾਰੀ ਨੇ ਇੱਕ ਰਾਹ ਗਾਇਕੀ ਵਿੱਚ ਅੱਗੇ ਆਉਣ ਦਾ ਦਿਖਾ ਦਿੱਤਾ ਤੇ ਪਿੰਡੋਂ ਚੰਡੀਗੜ੍ਹ ਜਾ ਕਿ ਗਾਇਕੀ ਦੀ ਅਜਿਹੀ ਤਪੱਸਿਆ ਕੀਤੀ ਕਿ ਸੁਰਜੀਤ ਭੁੱਲਰ ਰਿਕਾਰਡਿੰਗ ਕਰਾਉਣ ਦੇ ਕਾਬਿਲ ਹੋ ਗਿਆ। ਪਿਛਲੇ 22 ਸਾਲ ਤੋਂ ਕਈ ਗਾਇਕ ਆਏ, ਹਿੱਟ ਹੋਏ, ਫਲਾਪ ਹੋਏ ਤੇ ਸੁਰਜੀਤ ਭੁੱਲਰ ਸੁਪਰ ਸਟਾਰ ਗਾਇਕ ਬਣਿਆ ਹੋਇਆ ਹੈ। ਦੋਗਾਣਾ ਗਾਇਕੀ ਵਿੱਚ ਐਸੀ ਲੋਕਪ੍ਰਿਯਤਾ ਹੈ ਕਿ ਸੁਦੇਸ਼ ਕੁਮਾਰੀ ਨਾਲ ਹਿੱਟ, ਗੁਰਲੇਜ਼ ਅਖਤਰ ਨਾਲ ਹਿੱਟ ਤੇ ਸਰਗੀ ਮਾਨ ਨਾਲ ਹਿੱਟ ਹੈ ਸੁਰਜੀਤ ਭੁੱਲਰ। ਗੀਤ ਆਇਆ "ਨਾਜ਼ੋ ਰਾਣੀਏ " "ਕੰਧਾਂ ਉਚੀਆਂ ਕਰਾ ਕਿ ਕੱਚ ਲਾ ਲਿਆ, ਹੁਣ ਕੇਹਦੀ ਡਰ ਲੱਗਦਾ" ਨੇ ਸੁਰਜੀਤ ਭੁੱਲਰ ਦਾ ਪੂਰਾ ਨਾਮ ਬਣਾ ਦਿੱਤਾ। ਇਸ ਤੋਂ ਬਾਅਦ ਚਲ ਸੋ ਚਲ ਤੇ ਪਰਮਜੀਤ ਬਰਾੜ, ਭਿੰਦੇ ਸ਼ਾਹ ਹੋਰਾਂ ਨਾਲ ਸੁਰਜੀਤ ਭੁੱਲਰ ਦੀ ਐਲਬਮ "ਬੁੱਲ੍ਹੀਆਂ" ਐਸੀ ਆਈ ਕਿ ਉਹ ਰਾਤੋ ਰਾਤ ਸਟਾਰ ਗਾਇਕ ਬਣਿਆ। "ਬੁੱਲ੍ਹੀਆਂ ਨੀ ਤੇਰੀਆਂ ਬੁੱਲ੍ਹੀਆਂ" "ਤੇਰੇ ਮੇਰੇ ਵੇ ਚਾਨਣਾ ਚੰਦਰੀ ਰਾਤ ਦੇ ਫੇਰੇ" ਭੁੱਲਰ ਦੇ ਸਦਬਹਾਰ ਹਿੱਟ ਗੀਤ ਹਨ। ਕਿਸਾਨੀ ਤੇ ਉਸ ਦੇ ਗੀਤ ਸੁਪਰ ਰਹੇ ਹਨ। "ਸਫਾਰੀ" ਗੀਤ ਸਦਬਹਾਰ ਬਣਿਆ ਹੈ "ਜੇ ਨਾ ਆਇਆ ਲੈਣ ਸਫਾਰੀ ਤੇ" "ਯਾਰੀ ਤੋੜ ਦੇਣੀ ਤੂੰ ਬਦਮਾਸ਼ੀਆਂ ਕਰਦਾ" "ਦੇ ਕਿ ਪੱਚੀਆਂ ਰੁਪਈਆਂ ਵਾਲੀ ਗਾਨੀ" ਤੇ ਸੁਪਰ ਗੀਤ "ਮਿੱਤਰਾਂ ਦਾ ਰੰਗ ਪੱਕਾ ਫੀਮ ਵਰਗਾ" ਉਸ ਦੇ ਉਹ ਗਾਣੇ ਨੇ ਜਿਹੜੇ ਡੀ ਜੇ ਤੇ ਪੱਕੇ ਚਲਦੇ ਹਨ। ਭੂਸ਼ਨ ਮਦਾਨ ਦੀ ਫਿਲਮ "ਮਜਾਜਣ" ਵਿੱਚ ਸੁਦੇਸ਼ ਕੁਮਾਰੀ ਨਾਲ ਗਾਏ ਗੀਤ ਮੋਬਾਈਲਾਂ ਤੇ ਖੂਬ ਵੱਜੇ ਹਨ। "ਵਿਦਰੋਹ" ਫਿਲਮ ਲਈ ਉਸ ਗਾਇਆ ਵੀ ਹੈ ਤੇ ਇਸ ਵਿੱਚ ਅਭਿਨੈ ਵੀ ਕੀਤਾ ਹੈ। ਸੁਰਜੀਤ ਭੁੱਲਰ ਦੀ ਗਾਇਕੀ ਸਦਬਹਾਰ ਹੈ ਤੇ ਸੰਧੂ ਸੁਰਜੀਤ ਤੇ ਬਿੱਟੂ ਚੀਮਾ ਦੇ ਗੀਤ ਹੋਣ ਜਾਂ "ਟੌਹਰ ਸ਼ੌਕੀਨੀ" ਸਾਰੇ ਪਾਸੇ ਭੁੱਲਰ ਭੁੱਲਰ ਹੋਈ ਹੈ। ਸਟੇਜ ਉਸ ਦੀ ਜ਼ਬਰਦਸਤ ਹੈ, ਪੰਜਾਬੀ ਗੱਭਰੂ ਦੀ ਦਿੱਖ ਵਿੱਚ ਜੰਨਤ ਤੇ ਸਰਗੀ ਮਾਨ ਨਾਲ ਉਹ ਖੂਬ ਜਚਦਾ ਹੈ। ਦੁੱਖ ਦੀ ਗੱਲ ਇਹ ਕਿ ਰੱਬ ਵਰਗਾ ਸੋਹਣਾ ਭਰਾ ਬਖਸੀਸ ਸਿੰਘ ਭੁੱਲਰ ਰੱਬ ਨੇ ਉਸ ਤੋਂ ਖੋਹ ਲਿਆ, ਪਰ ਭਾਣਾ ਮਿੱਠੇ ਕਰ ਮੰਨਿਆ ਹੈ। ਪਤਨੀ ਰਾਜਬੀਰ ਕੌਰ ਤੇ ਬੇਟਾ ਅਜੇ ਸਿੰਘ ਭੁੱਲਰ ਉਸ ਦੀ ਘਰ ਫੁਲਵਾੜੀ ਦੇ ਫੁੱਲ ਹਨ। ਆਪਣਾ ਸੰਗੀਤ ਚੈਨਲ ਵੀ ਹੈ ਤੇ ਅਸਟਰੀਆ, ਆਸਟ੍ਰੇਲੀਆ, ਲੰਡਨ ਤੇ ਕਨੇਡਾ ਸੁਰਜੀਤ ਭੁੱਲਰ ਦੇ ਸ਼ੋਅ ਕਾਮਯਾਬੀਆਂ ਦੀਆਂ ਛੱਲਾਂ ਨਾਲ ਸੰਗੀਤ ਸਫ਼ਰ ਦਾ ਜਵਾਰਭਾਟਾ ਬਣੇ ਹਨ। ਪਿੰਡ ਦੀ ਸਰਪੰਚੀ ਕਰ ਚੁੱਕੇ ਸੁਰਜੀਤ ਭੁੱਲਰ ਦੀ ਸੁਰ ਜਿੱਤ ਪ੍ਰਾਪਤ ਕਰਦੀ ਹੈ ਤੇ "ਸਨੈਪਚੈਟ" ਉਸ ਦਾ ਅੱਜ ਕੱਲ ਖੂਬ ਚਲਦਾ ਪਿਆ ਦੋਗਾਣਾ ਹੈ। ਭੱਟੀ, ਕਾਕਾ ਉਸ ਦੀ ਟੀਮ ਦੇ ਮੈਂਬਰ ਜੋ ਸਥਾਈ ਹਨ ਤੇ ਕਿਤੇ "ਮਿਰਜ਼ਾ" ਕਿਤੇ "ਜਿਉਣਾ ਮੌੜ ਤੇ ਕਿਤੇ ਦੋਗਾਣੇ ਬੋਲਦਾ ਸੁਰਜੀਤ ਭੁੱਲਰ ਟੋਪ ਟਵਾਂਟੀ ਪੰਜਾਬੀ ਗਾਇਕਾਂ ਦੀ ਲਿਸਟ ਵਿੱਚ ਸ਼ਾਮਿਲ ਹੈ।



**– ਅੰਮ੍ਰਿਤ ਪਵਾਰ**

# ਪੱਤਰਕਾਰੀ ਦੇ ਖੇਤਰ ਵਿੱਚ 20 ਸਾਲ ਸੇਵਾ ਕਰਨ ਵਾਲੇ ਪੱਤਰਕਾਰਾਂ ਨੂੰ ਘੱਟੋ-ਘੱਟ 20 ਹਜ਼ਾਰ ਰੁਪਏ ਪੈਨਸ਼ਨ ਦੇਵੇ ਪੰਜਾਬ ਸਰਕਾਰ

**ਫਗਵਾੜਾ (ਬੀ.ਕੇ. ਰੱਤੂ)** ਜਰਨਲਿਸਟ ਪ੍ਰੈਸ ਕਲੱਬ ਕਲੱਬ ਰਜਿ ਪੰਜਾਬ ਬਲਾਕ ਦੇ ਅਹੁਦੇਦਾਰਾਂ ਦੀ ਇੱਕ ਅਹਿਮ ਮੀਟਿੰਗ ਗੋਲਚਾ ਸਵੀਟ ਸ਼ਾਪ ਨਕੋਦਰ ਵਿਖੇ ਜਰਨਲਿਸਟ ਪ੍ਰੈਸ ਕਲੱਬ ਬਲਾਕ ਨਕੋਦਰ ਦੇ ਪ੍ਰਧਾਨ ਸ੍ਰੀ ਗੋਬਿੰਦ ਰਾਏ ਦੀ ਪ੍ਰਧਾਨਗੀ ਹੇਠ ਹੋਈ।

ਇਸ ਮੀਟਿੰਗ ਵਿੱਚ ਪੱਤਰਕਾਰ ਭਾਈਚਾਰੇ ਨੂੰ ਆਉਣ ਵਾਲੀਆਂ ਮੁਸਕਿਲਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਮਾਨਯੋਗ ਸ੍ਰੀ ਮਨਜੀਤ ਮਾਨ ਜੀ ਸੂਬਾ ਪ੍ਰਧਾਨ ਜਰਨਲਿਸਟ ਪ੍ਰੈਸ ਕਲੱਬ (ਰਜਿ) ਪੰਜਾਬ , ਜੇ ਐਸ ਸੰਧੂ ਸੂਬਾ ਸਰਪ੍ਰਸਤ, ਰਾਕੇਸ਼ ਖੰਨਾ ਸੂਬਾ ਚੈਅਰਮੈਨ, ਪ੍ਰਿਤਪਾਲ ਸਿੰਘ ਸੂਬਾ ਕੋਆਰਡੀਨੇਟਰ, ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ, ਸੁਖਵਿੰਦਰ ਸੋਹੀ ਜ਼ਿਲ੍ਹਾ ਜਨਰਲ ਸਕੱਤਰ ਕਪੂਰਥਲਾ, ਦਲਜੀਤ ਸਿੰਘ ਸਚਦੇਵਾ ਸੂਬਾ ਵਾਇਸ ਪ੍ਰਧਾਨ, ਰਾਮ ਸਿੰਘ ਭੱਟੀ ਮੁੱਖ ਬੁਲਾਰਾ ਪੰਜਾਬ ਆਦਿ ਨੇ ਵੀ ਮੀਟਿੰਗ ਵਿਚ ਵਿਸ਼ੇਸ਼ ਤੌਰ ਤੇ ਪੱਤਰਕਾਰ ਭਾਈਚਾਰੇ ਨੂੰ ਸੰਬੋਧਨ ਕਰਨ ਲਈ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਉਪਰੰਤ ਪੱਤਰਕਾਰ ਭਾਈਚਾਰੇ ਨੂੰ ਸੰਬੋਧਨ ਕੀਤਾ।

ਇਸ ਮੀਟਿੰਗ ਵਿੱਚ ਜ਼ਿਲ੍ਹਾ ਕਪੂਰਥਲਾ, ਮਹਿਤਪੁਰ, ਨੂਰਮਹਿਲ ਜਲੰਧਰ, ਨਕੋਦਰ , ਸ਼ਾਹਕੋਟ ਨਾਲ ਸੰਬੰਧਿਤ ਸਮੂਹ ਅਹੁਦੇਦਾਰਾਂ ਅਤੇ ਸੀਨੀਅਰ ਪੱਤਰਕਾਰਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਇਸ ਮੌਕੇ ਪੰਜਾਬ ਦੇ ਨਾਮਵਰ ਗਾਇਕ ਨਵਜੀਤ ਗਿੱਲ ਤੇ ਪ੍ਰਸਿੱਧ ਗੀਤਕਾਰ ਸ਼ਿਵ ਮਾਲਤੀ ਨੇ ਵੀ ਆਪਣੇ ਗੀਤਾਂ ਰਾਹੀਂ ਖੂਬ ਰੰਗ ਬੰਨ੍ਹਿਆ ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਸ੍ਰੀ ਮਨਜੀਤ ਮਾਨ ਨੇ ਕਿਹਾ ਕਿ ਜਰਨਲਿਸਟ ਪ੍ਰੈਸ ਕਲੱਬ (ਰਜਿ) ਪੰਜਾਬ ਪੱਤਰਕਾਰ ਭਾਈਚਾਰੇ ਦੇ ਹੱਕਾਂ ਵਾਸਤੇ ਸੰਘਰਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਫ਼ੀਲਡ ਵਿੱਚ ਕੰਮ ਕਰਦੇ ਸਮੇਂ ਪੱਤਰਕਾਰ ਭਾਈਚਾਰੇ ਨੂੰ ਬਹੁਤ ਹੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਖ਼ੌਫ ਅਤੇ ਲਾਲਚ ਤਿਆਗ ਕੇ ਹੀ ਸੱਚੀ ਪੱਤਰਕਾਰੀ ਕੀਤੀ ਜਾ ਸਕਦੀ ਹੈ ਅਤੇ ਸਾਡਾ ਨੈਤਿਕ ਫਰਜ਼ ਬਣਦਾ ਹੈ ਕਿ ਸੱਚ ਨੂੰ ਸਾਹਮਣੇ ਲੈਕੇ ਆਉਣਾ। ਉਨ੍ਹਾਂ ਨੇ ਮੌਜੂਦਾ ਆਪ ਸਰਕਾਰ ਕੋਲੋਂ ਜ਼ੋਰਦਾਰ ਮੰਗ ਕਰਦਿਆਂ



ਕਿਹਾ ਕਿ ਮੌਜੂਦਾ ਸਰਕਾਰ ਪੱਤਰਕਾਰਾਂ ਨੂੰ ਬੱਸ ਅਤੇ ਏ ਸੀ ਰੇਲ ਸਫ਼ਰ ,ਪੱਤਰਕਾਰੀ ਦੇ ਖੇਤਰ ਵਿੱਚ 20 ਸਾਲ ਸੇਵਾ ਕਰਨ ਵਾਲੇ ਪੱਤਰਕਾਰ ਸਾਥੀਆਂ ਨੂੰ ਸਰਕਾਰ ਘੱਟੋ-ਘੱਟ 20 ਹਜ਼ਾਰ ਰੁਪਏ ਪੈਨਸ਼ਨ ਦੇਵੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਪੈਲੋ ਕਾਰਡ ਮਾਨਤਾ ਪ੍ਰਾਪਤ ਪਤੱਰਕਾਰਾਂ ਦੇ 5 ਲੱਖ ਬੀਮੇ ਨੂੰ ਵਧਾ ਕੇ 10 ਲੱਖ ਰੁਪਏ ਤੇ 10 ਲੱਖ ਰੁਪਏ ਤੱਕ ਬੀਮਾ ਪਾਲਸੀ ਕੀਤੀ ਜਾਵੇ ਅਤੇ ਪੱਤਰਕਾਰ ਭਾਈਚਾਰੇ ਦੇ ਬੱਚਿਆ ਦੀ ਐਜੂਕੇਸ਼ਨ ਫ੍ਰੀ ਕੀਤੀ ਜਾਵੇ ,ਟੋਲ ਪਲਾਜਿਆ ਤੇ ਪੱਤਰਕਰਾ ਨੂੰ ਮੰਤਰੀਆਂ ਦੀ ਤਰ੍ਹਾਂ ਵੀ ਆਈ ਪੀ ਟਰੈਕ ਵਿੱਚੋ ਦੀ ਲੰਘਾਇਆ ਜਾਵੇ ਤੇ ਟੋਲ ਪਲਾਜ਼ਾ ਦੇ ਮੁਲਾਜ਼ਮਾਂ ਵੱਲੋਂ ਪੱਤਰਕਾਰਾਂ ਨਾਲ ਕੀਤੀ ਜਾ ਰਹੀ ਗੁੰਡਾਗਰਦੀ ਨੂੰ ਰੋਕਿਆ ਜਾਵੇ ਤੇ ਪੱਤਰਕਾਰਾਂ ਕੋਲੋਂ ਗੁੰਡਾ ਟੈਕਸ ਬੰਦ ਕੀਤਾ ਜਾਵੇ। ਉਨ੍ਹਾਂ ਪੱਤਰਕਾਰਾਂ ਦੀਆਂ ਸਮੱਸਿਆਵਾਂ ਤੇ ਵਿਚਾਰ ਵਟਾਂਦਰਾ ਕਰਦਿਆਂ ਕਿਹਾ ਕਿ ਉਹ ਬਹੁਤ ਲੰਮਾ ਸਮਾਂ ਦਿਹਾਤੀ ਖੇਤਰ ਦੀ ਜਥੇਬੰਦੀ ਵਿਚ ਰਹਿ ਕੇ ਦਿਹਾਤੀ ਪੱਤਰਕਾਰਾਂ ਨੇ ਸਮੱਸਿਆਵਾਂ ਆਪਣੇ ਪਿੰਡੇ ਤੇ ਹੰਡਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਦਿਹਾਤੀ ਪੱਤਰਕਾਰ ਦੇਸ ਦੀ ਪੱਤਰਕਾਰੀ ਦਾ ਅਹਿਮ ਧੁਰਾ ਹਨ। ਉਹ ਪੱਤਰਕਾਰਾਂ ਦੀਆਂ ਅਹਿਮ ਸਮੱਸਿਆਵਾਂ ਤੇ ਹੱਕੀ ਤੇ ਜਾਇਜ਼ ਮੰਗਾਂ ਮਨਵਾਉਣ ਲਈ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੇ ਧਿਆਨ ਵਿਚ ਲਿਆ ਕੇ ਉਨ੍ਹਾਂ ਦਾ ਹੱਲ ਕਰਨ ਲਈ ਯੋਗ ਕਦਮ ਚੁੱਕਣਗੇ।

ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਨੇ ਪੱਤਰਕਾਰ ਸਾਥੀਆਂ ਨੂੰ ਅਪੀਲ ਕੀਤੀ ਕਿ ਉਹ ਸਮਾਜ ਸੁਧਾਰ ਨਾਲ ਜੁੜੀਆਂ ਲੋਕ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਸਰਕਾਰ ਤੇ ਪ੍ਰਸ਼ਾਸਨ ਤਕ ਪਹੁੰਚਾਉਣ ਅਤੇ ਗ਼ੈਰ ਮਿਆਰੀ ਪੱਤਰਕਾਰੀ ਤੋਂ ਗੁਰੇਜ਼ ਕਰਨ। ਉਨ੍ਹਾਂ ਕਿਹਾ ਕਿ ਪੱਤਰਕਾਰ ਸਮਾਜ ਲਈ ਸ਼ੀਸ਼ੇ ਦੀ ਤਰ੍ਹਾਂ ਕੰਮ ਕਰਦਾ ਹੈ ਅਤੇ ਸਾਨੂੰ ਆਪਣੇ ਪੇਸ਼ੇ ਪ੍ਰਤੀ ਇਮਾਨਦਾਰੀ ਦਿਖਾਉਣੀ ਚਾਹੀਦੀ ਹੈ ਅਤੇ ਸੱਚ ਤੇ ਹੱਕ ਦੀ ਆਵਾਜ਼ ਨੂੰ ਬੁਲੰਦ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜਰਨਲਿਸਟ ਪ੍ਰੈਸ ਕਲੱਬ ਨਕੋਦਰ (ਰਜਿ) ਪੰਜਾਬ ਹਮੇਸ਼ਾ ਸੱਚੀ ਸੁੱਚੀ ਪੱਤਰਕਾਰੀ ਕਰਨ ਵਾਲੇ ਸਾਥੀਆਂ ਨਾਲ ਚੱਟਾਨ ਵਾਂਗ ਖੜ੍ਹਾ ਹੈ,ਪਰ ਪੱਤਰਕਾਰੀ ਦੇ ਅਸੂਲਾਂ ਦੇ ਖ਼ਿਲਾਫ਼ ਪੱਤਰਕਾਰੀ ਨੂੰ ਵਪਾਰ ਸਮਝਣ ਵਾਲੇ ਪੱਤਰਕਾਰਾਂ ਦੀ ਕਦੇ ਵੀ ਹਮਾਇਤ ਨਹੀ ਕਰੇਗਾ। ਇਸ ਦੌਰਾਨ ਸੂਬਾ ਤੇ ਕੇਂਦਰ ਸਰਕਾਰ ਨੂੰ ਪੱਤਰਕਾਰਾਂ ਦੀ ਸੁਰੱਖਿਆ ਨਿਸ਼ਚਿਤ ਕਰਨ ਦੀ ਅਪੀਲ ਕੀਤੀ ਗਈ।ਇਸ ਦੌਰਾਨ ਜਰਨਲਿਸਟ ਪ੍ਰੈਸ ਕਲੱਬ ਬਲਾਕ ਨਕੋਦਰ ਦੇ ਪ੍ਰਧਾਨ ਗੋਬਿੰਦ ਰਾਏ, ਟੋਟਲ ਇੰਡੀਅਨ ਨਿਊਜ਼ ਦੇ ਚੀਫ ਐਡੀਟਰ ਰੋਬਿਨ ਖੰਨਾ, ਸਰਵਣ ਸਿੰਘ ਸੰਘਾ, ਮਹਿਤਪੁਰ ਤੋਂ ਪ੍ਰਧਾਨ ਅਸ਼ੋਕ ਚੌਹਾਨ, ਬਿਲਗਾ ਅਤੇ ਨੂਰ ਮਹਿਲ ਪ੍ਰਧਾਨ ਵਿਜੇ ਕੁਮਾਰ ਬਾਵਾ, ਤੀਰਥ ਰਾਮ ਰਿਟਾਇਰਡ ਪ੍ਰਿੰਸੀਪਲ ਸ੍ਰੀ ਰਵੀ ਕੁਮਾਰ ਸ਼ਰਮਾ ਜੀ, ਮੋਨੂ ਅਰੋੜਾ, 24/2 ਮੀਡੀਆ ਪ੍ਰੈਸ ਕਲੱਬ ਤੋਂ ਪ੍ਰੈਜੀਡੈਂਟ ਸੰਜੀਵ ਸ਼ਰਮਾ ਕੇ ਡੀ ਵਰਲਡ ਰਜੇਸ਼ ਕੁਮਾਰ, ਸੰਜੀਵ ਭਾਰਦਵਾਜ ,ਹਰਪਾਲ ਸਿੰਘ ਜੱਜ ਮਨਜਿੰਦਰ ਸਿੰਘ ,ਜਸਵਿੰਦਰ ਕੁਮਾਰ, ਬਲਵੀਰ ਸਿੰਘ ਸ਼ਾਹ ,ਸਰਬਜੀਤ ਸਿੰਘ ਦਵਿੰਦਰ ਸਹਿਮ ਅਤੇ ਨਕੋਦਰ ਤੋਂ ਜਰਨਲਿਸਟ ਪ੍ਰੈਸ ਕਲੱਬ ਰਜਿਸਟਰਡ ਪੰਜਾਬ ਦੇ ਬਲਾਕ ਪ੍ਰਧਾਨ ਸ੍ਰੀ ਗੋਬਿੰਦ ਰਾਏ ਪ੍ਰਵੇਜ਼ ਬੱਟ, ਸ਼ਿਵ ਮਾਲਤੀ ਨਵਜੀਤ ਗਿੱਲ (ਗਾਇਕ) ਜਗਦੀਸ਼ ਸਿੰਘ ਮਹੇੜੂ ਰਮੇਸ਼ ਦਾਦਰਾ ਹਰਦੀਪ ਸਿੰਘ ਐਨ। ਐਨ.ਆਰ. ਆਰਮੀ ਤੋਂ ਰਿਟਾਇਰਡ ਅੰਕੁਸ਼ ਸ਼ਰਮਾ ਡਾਕਟਰ ਬਲਵੰਤ ਰਾਏ, ਪਿੰਡ ਚੂਹੜ ਤੋਂ ਨਰਿੰਦਰ ਕੁਮਾਰ ਕੈਮਰਾਮੈਨ ਸ਼ਮੀ ਅਸ਼ਵਨੀ ਕੁਮਾਰ, ਬੰਟੀ, ਆਦਿ ਹਾਜ਼ਰ ਸਨ, 24/2 ਮੀਡੀਆ ਪ੍ਰੈਸ ਕਲੱਬ ਵੀ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ ਵਿੱਚ ਮਰਜ ਹੋ ਗਈ।ਇਸ ਤੋਂ ਇਲਾਵਾ ਹੋਰ ਬੁਲਾਰਿਆਂ ਨੇ ਪੱਤਰਕਾਰਾਂ ਨੂੰ ਇੱਕਜੁੱਟ ਹੋ ਕੇ ਕੰਮ ਕਰਨ ਲਈ ਪ੍ਰੇਰਿਆ, ਅਤੇ ਆਖਿਰ ਵਿੱਚ ਨਕੋਦਰ ਬਲਾਕ ਪ੍ਰਧਾਨ ਸ੍ਰੀ ਗੋਬਿੰਦ ਰਾਏ ਨੇ ਆਏ ਹੋਏ ਪੱਤਰਕਾਰ ਸਾਹਿਬਾਨਾਂ ਦਾ ਧੰਨਵਾਦ ਕੀਤਾ।

# ਰਾਣਾ ਹਾਕੀ ਅਕੈਡਮੀ ਅਤੇ ਮਾਜਰਾ ਦੀ ਟੀਮ ਨੇ ਟੂਰਨਾਮੈਂਟ ਦੀ ਟਰਾਫੀ ਅਤੇ ਨਕਦ ਇਨਾਮ ਜਿੱਤਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਰਾਣਾ ਹਾਕੀ ਅਕੈਡਮੀ ਹੁਸ਼ਿਆਰ-ਪੁਰ ਵੱਲੋਂ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ 3 ਰੋਜ਼ਾ ਹਾਕੀ ਟੂਰਨਾਮੈਂਟ ਕਰਵਾਇਆ ਗਿਆ। ਟੂਰਨਾਮੈਂਟ ਵਿੱਚ ਪੰਜਾਬ, ਹਿਮਾਚਲ, ਦਿੱਲੀ ਅਤੇ ਹਰਿਆਣਾ ਦੀਆਂ ਟੀਮਾਂ ਨੇ ਭਾਗ ਲਿਆ। ਚੇਅਰਮੈਨ ਰਣਜੀਤ ਸਿੰਘ ਰਾਣਾ ਨੇ ਦੱਸਿਆ ਕਿ ਟੂਰਨਾਮੈਂਟ ਦੇ ਫਾਈਨਲ ਮੈਚ ਬਹੁਤ ਹੀ ਦਿਲਚਸਪ ਰਹੇ। ਇਸ ਦੌਰਾਨ ਲੜਕੀਆਂ ਦੇ ਮੈਚ ਵਿੱਚ ਮਾਜਰਾ ਹੋਸਟਲ ਹਾਕੀ ਟੀਮ ਸੋਲਨ ਨੇ ਰਾਣਾ ਹਾਕੀ ਟੀਮ ਨੂੰ 2-0 ਨਾਲ ਹਰਾ ਕੇ ਟਰਾਫੀ 'ਤੇ ਕਬਜ਼ਾ ਕੀਤਾ, ਜਦਕਿ ਲੜਕਿਆਂ ਦੇ ਮੈਚ ਵਿੱਚ ਰਾਣਾ ਹਾਕੀ ਅਕੈਡਮੀ ਦੀ ਟੀਮ ਨੇ ਬਟਾਲਾ ਦੀ ਟੀਮ ਨੂੰ 6-0 ਨਾਲ ਹਰਾ ਕੇ ਟੂਰਨਾਮੈਂਟ 'ਤੇ ਕਬਜ਼ਾ ਕੀਤਾ। ਇਸ ਦੌਰਾਨ ਖੇਡ ਮੈਦਾਨ ਵਿੱਚ ਹਾਜ਼ਰ ਦਰਸ਼ਕਾਂ ਨੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਇਸ ਮੌਕੇ ਵਿਧਾਇਕ ਬ੍ਰਹਮਸ਼ੰਕਰ ਜਿੰਪਾ ਮੁੱਖ ਮਹਿਮਾਨ ਵਜੋਂ ਪਹੁੰਚੇ ਅਤੇ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਟਰਾਫੀਆਂ ਅਤੇ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਅਤੇ ਆਪਣੇ ਕੋਚ ਸਾਹਿਬਾਨ ਅਤੇ ਸ਼ਹਿਰ ਦਾ ਨਾਮ ਰੋਸ਼ਨ ਕਰਨ ਲਈ ਇਸੇ ਹੌਂਸਲੇ ਅਤੇ ਜੋਸ਼ ਨਾਲ ਖੇਡਣ ਲਈ ਪ੍ਰੇਰਿਤ ਕੀਤਾ ਅਤੇ ਜ਼ਿਲ੍ਹਾ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਹੁਸ਼ਿਆਰਪੁਰ ਇੱਕ ਵਾਰ ਫਿਰ ਹਾਕੀ ਦੀ ਦੁਨੀਆ ਵਿੱਚ ਚਰਚਾ ਵਿੱਚ ਹੈ ਅਤੇ ਵੱਖ-ਵੱਖ ਅਕੈਡਮੀਆਂ ਵਿੱਚ ਆਪਣੇ ਖਿਡਾਰੀਆਂ ਦੀ ਚੋਣ ਨਾਲ ਹਾਕੀ ਦਾ ਭਵਿੱਖ ਬਹੁਤ ਉਜਵਲ ਨਜ਼ਰ ਆ ਰਿਹਾ ਹੈ। ਸ੍ਰੀ ਜ਼ਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਬੱਚਿਆਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕਰ ਰਹੇ ਹਨ ਅਤੇ ਇਸ ਦੇ ਸਾਕਾਰਾਤਮਕ ਨਤੀਜੇ ਵੀ ਸਾਹਮਣੇ ਆ ਰਹੇ ਹਨ। ਇਸ ਦੌਰਾਨ ਉਨ੍ਹਾਂ ਅਕੈਡਮੀ ਨੂੰ ਇਸ ਸਮਾਗਮ ਲਈ ਵਿੱਤੀ ਸਹਾਇਤਾ ਦਾ ਚੈੱਕ ਵੀ ਭੇਟ ਕੀਤਾ। ਇਸ ਮੌਕੇ 'ਨਈ ਸੋਚ' ਦੇ ਸੰਸਥਾਪਕ ਪ੍ਰਧਾਨ ਅਸ਼ਵਨੀ ਗੈਂਦ ਨੇ ਇਸ ਸਮਾਗਮ ਲਈ ਅਕੈਡਮੀ ਨੂੰ ਵਿਸ਼ੇਸ਼ ਸਹਿਯੋਗ ਦਿੰਦੇ ਹੋਏ ਟੂਰਨਾਮੈਂਟ ਦੇ ਸਫ਼ਲ ਆਯੋਜਨ ਲਈ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਭਵਿੱਖ 'ਚ ਹੋਰ ਵੱਡੇ ਪੱਧਰ 'ਤੇ ਟੂਰਨਾਮੈਂਟ ਕਰਵਾਉਣ ਦੀ ਗੱਲ ਕਹੀ। ਇਸ ਮੌਕੇ ਮੇਅਰ ਸੁਰਿੰਦਰ, ਸਾਬਕਾ ਕੌਂਸਲਰ ਕੁਲਵਿੰਦਰ ਸਿੰਘ ਹੁੰਦਲ, ਬਾਬਾ ਰਾਮ ਮੂਰਤੀ, ਚੰਦਰ ਪ੍ਰਕਾਸ਼, ਕਰਮਜੀਤ ਕੌਰ, ਮਨਪ੍ਰੀਤ ਕੌਰ, ਗੁਰਸ਼ਰਨ ਕੌਰ, ਕੋਚ ਯੁੱਧਵੀਰ ਸਿੰਘ ਜੋਨੀ, ਜੇ।ਐਸ ਢਿੱਲੋਂ, ਪ੍ਰੇਮ ਸ਼ਰਮਾ ਭੀਮ ਸਵੀਟਸ, ਕੁਨਾਲ ਖੋਸਲਾ, ਵਿਕਰਮ ਸ਼ਰਮਾ ਵੀਰ, ਗੁਰਜਿੰਦਰ ਸਿੰਘ। ਲਾਡੀ, ਅਵਤਾਰ ਸਿੰਘ, ਦਰਸ਼ਨ ਸਿੰਘ ਮਿਨਹਾਸ, ਸੰਦੀਪ ਸ਼ਰਮਾ, ਧਰਮਵੀਰ ਗੋਲੂ, ਗੁਰਪ੍ਰੀਤ ਗੋਪੀ, ਚਮਨ ਬਾਂਸਲ, ਨਈਮ, ਦਰਸ਼ਨ ਸਿੰਘ, ਅਜੇ ਕਟਾਰੀਆ, ਰਾਜੀਵ ਬਾਲੀ, ਸੰਦੀਪ ਕੁਮਾਰ, ਡਿੰਪਲ ਰਾਜਾ ਅਤੇ ਹੋਰ ਪਤਵੰਤੇ ਹਾਜ਼ਰ ਸਨ।



## ਲੋਹੜੀ 'ਤੇ ਗੀਤ

ਆਇਆ ਲੋਹੜੀ ਦਾ ਤਿਉਹਾਰ ।
ਲੈ ਕੇ ਖੁਸ਼ੀਆਂ ਸੱਧਰਾਂ ਪਿਆਰ ।
ਸ਼ਾਵਾ ਰਾ-ਰਾ, ਰਾ-ਰਾ ਰਾ---
ਠੰਡਾ ਮੌਸਮ ਲੈ ਕੇ ਆਈ ।
ਹਾਸੇ ਵੱਖਰੇ ਨਾਲ ਲਿਆਈ ।
ਨੱਚਣ ਵੀਰਾ ਤੇ ਭਰਜਾਈ ।
ਬੋਲੀਆਂ ਪਾਏ ਵੱਡੀ ਤਾਈ ।
ਕਰਕੇ ਕੁੰਢ 'ਚੋਂ ਚਾ,ਚਾ,ਚਾ ।
ਸ਼ਾਵਾ ਰਾ-ਰਾ, ਰਾ-ਰਾ, ਰਾ ।
ਆ ਜਾ ਗਿੱਧੇ ਵਿਚ ਮੁਟਿਆਰੇ ।
ਖਿੜ ਉਠਣਗੇ ਚੰਨ ਤੇ ਤਾਰੇ ।
ਮੁਕਣ ਕਦੇ ਨਾ ਦੇਵੀਂ, ਚਾਅ ।
ਨੱਚਦੀ-ਨੱਚਦੀ ਲਵੀ ਨਾ ਸਾਹ ।
ਸ਼ਾਵਾ ਰਾ-ਰਾਜ, ਰਾ-ਰਾ, ਰਾ ।
ਬੇਬੇ ਪੁੱਤ ਤੋਂ ਜਾਏ ਵਾਰੇ ।
ਜਿਹੜਾ ਜੰਮਿਆਂ ਸਿੱਖਰ ਦੁਪਹਿਰੇ ।
ਵਿਹੜਾ ਭਰ ਗਿਆ ਖੁਸ਼ੀਆਂ ਨਾਲ ।
ਜਾਵੇ ਉਸ ਤੋਂ ਨਾ ਸੰਭਾਲ ।
ਵੰਡੇ ਲੋਹੜੀ ਚੜਿਆ ਚਾਅ ।
ਸ਼ਾਵਾ ਰਾ-ਰਾਜ, ਰਾ-ਰਾ, ਰਾ ।
ਚਾਚਾ-ਚਾਚੀ ਵੀ ਨਹੀਂ ਘੱਟ ।
ਦੇਣਗੇ ਇਹ ਵੀ ਫੱਟੇ ਚੱਕ ।
ਸਾਗ ਸਰ੍ਹੋਂ ਦਾ ਦੇਸੀ ਘਿ ।
ਖਿਲਰੀ ਵਿਹੜੇ ਵਿਚ ਖੁਸ਼ਬੋ ।
ਕਰਦੇ ਵਾਹਵਾ ਵਾਹਵਾ ਵਾਹ ।
ਸ਼ਾਵਾ ਰਾ-ਰਾਜ, ਰਾ-ਰਾ, ਰਾ ।
ਮਾਨਵਤਾ ਤੇ ਭਾਈਚਾਰਾ ।
ਇਸ ਵਿਚ ਜੰਨਤ ਵਾਂਗ ਨਜ਼ਾਰਾ ।
ਭਾਰਤ ਮਾਂ ਦੀਆਂ ਸੁੱਖਾਂ ਮੰਗੀਏ ।
ਉਨਤੀ ਦੇ ਰੰਗਾਂ ਵਿਚ ਰੰਗੀਏ ।
ਗਿੱਧੇ ਦੇ ਨਾਲ ਬੋਲੀ ਪਾ ।
ਸ਼ਾਵਾ ਰਾ-ਰਾ, ਰਾ-ਰਾ, ਰਾ ।

**ਬਲਵਿੰਦਰ ਬਾਲਮ**
**91-98156-25409**



# ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਨਾਲ ਰਲ ਕੇ ਜਗਦੀਸ਼ ਰਾਣਾ ਦੀ ਪੁਸਤਕ ਰਿਲੀਜ ਕੀਤੀ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)–** ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ (ਰਜਿ.) ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਰਜਿ ਦੇ ਸਹਿਯੋਗ ਨਾਲ ਬੀਤੇ ਕੱਲ੍ਹ ਪੰਜਾਬ ਪ੍ਰੈਸ ਕਲੱਬ ਜਲੰਧਰ ਵਿੱਚ ਜਗਦੀਸ਼ ਰਾਣਾ ਦੁਆਰਾ ਸੰਪਾਦਿਤ ਪੁਸਤਕ ਜ਼ਿੰਦਗੀ ਦਾ ਮੰਚ (ਸਵਿੰਦਰ ਸੰਧੂ ਦੀਆਂ ਚੋਣਵੀਆਂ ਕਵਿਤਾਵਾਂ) ਦਾ ਲੋਕ ਅਰਪਣ ਅਤੇ ਉਸਤਾਦ ਸ਼ਾਇਰ ਗੁਰਦੀਪ ਸਿੰਘ ਔਲਖ ਦੀ ਯਾਦ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਗਿਆ। ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਪ੍ਰਧਾਨ ਪਵਨ ਹਰਚੰਦਪੁਰੀ, ਜਨ ਸਕੱਤਰ ਪ੍ਰੋ.ਸੰਧੂ ਵਰਿਆਣਵੀ, ਮੀਤ ਪ੍ਰਧਾਨ ਅਤੇ ਨੈਸ਼ਨਲ ਬੁੱਕ ਟਰੱਸਟ ਇੰਡੀਆ ਦੇ ਸਾਬਕਾ ਨਿਰਦੇਸ਼ਕ ਡਾ.ਬਲਦੇਵ ਬੱਧਣ, ਪ੍ਰਿੰਸੀਪਲ ਅਤੇ ਸ਼ਾਇਰ ਨਵਤੇਜ ਗੜ੍ਹਦੀਵਾਲਾ, ਜ਼ਿਲ੍ਹਾ ਪ੍ਰਧਾਨ ਜਲੰਧਰ ਡਾ. ਕੰਵਲ ਭੱਲਾ, ਕਵਿੱਤਰੀ ਸਵਿੰਦਰ ਸੰਧੂ ਅਤੇ ਉਘੇ ਗ਼ਜ਼ਲਕਾਰ ਗੁਰਦੀਪ ਸਿੰਘ ਸੈਣੀ ਸ਼ਾਮਿਲ ਹੋਏ। ਪ੍ਰੋਗਰਾਮ ਦੇ ਸ਼ੁਰੂ ਵਿੱਚ ਕੁਝ ਦਿਨ ਪਹਿਲਾਂ ਪ੍ਰਲੋਕ ਸਿਧਾਰ ਗਏ ਉਸਤਾਦ ਸ਼ਾਇਰ ਗੁਰਦੀਪ ਸਿੰਘ ਔਲਖ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ।



ਪੁਸਤਕ ਜ਼ਿੰਦਗੀ ਦਾ ਮੰਚ ਬਾਰੇ ਡਾ.ਬਲਦੇਵ ਸਿੰਘ ਬੱਧਣ ਅਤੇ ਚਰਨਜੀਤ ਗਿੱਲ ਸਮਾਲਸਰ ਨੇ ਬਹੁਤ ਹੀ ਵਿਸਥਾਰ ਨਾਲ ਪ੍ਰਭਾਵਸ਼ੀਲ ਪਰਚੇ ਪੜ੍ਹੇ। ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਕਿਹਾ ਕਿ ਸਾਹਿਤਕਾਰਾਂ ਨੂੰ ਚਾਹੀਦਾ ਹੈ ਕਿ ਉਹ ਲੋਕ ਮਸਲਿਆਂ ਤੇ ਵੱਧ ਤੋਂ ਵੱਧ ਲਿਖਣ ਅਤੇ ਗ਼ਜ਼ਲ ਦੇ ਨਾਲ ਨਾਲ ਸਾਹਿਤਕ ਗੀਤ ਅਤੇ ਵਾਰਾਂ ਵੀ ਜ਼ਰੂਰ ਲਿਖਣ। ਜਨ ਸਕੱਤਰ ਪ੍ਰੋ.ਸੰਧੂ ਵਰਿਆਣਵੀ ਨੇ ਕਿਹਾ ਕਿ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਦਾ ਜਲੰਧਰ ਦੀਆਂ ਸਾਹਿਤਕ ਗਤੀਵਿਧੀਆਂ ਵਿਚ ਵੱਡਾ ਰੋਲ ਹੈ। ਮੰਚ ਦੇ ਪ੍ਰਧਾਨ ਡਾ.ਕੰਵਲ ਭੱਲਾ ਅਤੇ ਮੰਚ ਦੇ ਸੰ-ਸਥਾਪਕ ਪ੍ਰਧਾਨ ਉਸਤਾਦ ਸ਼ਾਇਰ ਮਰਹੂਮ ਰਾਜਿੰਦਰ ਪਰਦੇਸੀ ਦੇ ਬੇਟੇ ਅਤੇ ਮੰਚ ਦੇ ਖਜ਼ਾਨਚੀ ਤਜਿੰਦਰ ਮਨਚੰਦਾ ਨੇ ਕਿਹਾ ਕਿ ਮੰਚ ਦਾ ਮਕਸਦ ਪੁਰਾਣਿਆਂ ਦੇ ਨਾਲ ਨਾਲ ਨਵਿਆਂ ਕਲਮਾਂ ਨੂੰ ਵੀ ਅੱਗੇ ਵਧਾਉਣਾ ਹੈ। ਮੰਚ ਸੰਚਾਲਨ ਕਰ ਰਹੇ ਜਗਦੀਸ਼ ਰਾਣਾ ਨੇ ਵਿੱਚ ਵਿੱਚ ਆਪਣੇ ਚੋਣਵੇਂ ਸ਼ਿਅਰ ਸੁਣਾਏ। ਇਸ ਦੌਰਾਨ ਹੋਏ ਕਵੀ ਦਰਬਾਰ ਵਿਚ ਮੱਖਣ ਸਿੰਘ ਮਾਨ, ਡਾ. ਰਾਮ ਮੂਰਤੀ, ਸੰਤ ਸਿੰਘ ਸੰਧੂ, ਗੁਲਜ਼ਾਰ ਸਿੰਘ ਸ਼ੌਂਕੀ, ਨਾਹਰ ਸਿੰਘ ਮੁਬਾਰਕਪੁਰੀ, ਹਰਬੰਸ ਸਿੰਘ ਅਕਸ, ਮਨਜੀਤ ਸਿੰਘ, ਮਾਧਵੀ ਅੱਗਰਵਾਲ ਮਾਲਾ, ਸੋਮਾ ਸਬਲੋਕ, ਧਰਮਵੀਰ ਸਾਗਰ, ਕੇ ਸਾਧੂ ਸਿੰਘ, ਕੀਮਤੀ ਕੈਸਰ, ਜਰਨੈਲ ਸਾਖੀ, ਸ਼ਾਮ ਸਰਗੂੰਦੀ, ਸੋਹਣ ਸਹਿਜਲ, ਮਨੋਜ ਫਗਵਾੜਵੀ, ਸਾਹਿਬਾ ਜੀਵਨ ਕੌਰ, ਜਸਵਿੰਦਰ ਸਿੰਘ ਜੱਸੀ, ਜਸਵਿੰਦਰ ਫਗਵਾੜਾ, ਬਲਬੀਰ ਕੌਰ ਬੱਬੂ ਸੈਣੀ, ਹਰਦਿਆਲ ਹੁਸ਼ਿਆਰਪੁਰੀ,ਸੁਖਦੇਵ ਗੰਢਵਾਂ, ਹਰਜਿੰਦਰ ਜਿੰਦੀ, ਕੁਲਵਿੰਦਰ ਗਾਖਲ, ਰੀਤੂ ਕਲਸੀ, ਕੁਲਵਿੰਦਰ ਸਿੰਘ ਬਾਘਾਪੁਰਾਣਾ, ਅਮਰ ਸਿੰਘ ਅਮਰ, ਨੂਰ ਕਮਲ, ਦੀਪ ਜਗਤਪੁਰੀ, ਦਿਲਬਹਾਰ ਸ਼ੌਕਤ ਸਮੇਤ ਤਿੰਨ ਦਰਜਨ ਤੋਂ ਵੱਧ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਖੂਬ ਰੰਗ ਬੰਨ੍ਹਿਆ। ਇਸ ਮੌਕੇ ਰਣਜੀਤ ਮੈਗਜ਼ੀਨ ਦੇ ਸੰਪਾਦਕ ਇੰਜੀ. ਕਰਮਜੀਤ ਸਿੰਘ, ਗੁਰਚਰਨ ਸਿੰਘ ਚੀਮਾ, ਕਹਾਣੀਕਾਰ ਭੁਪਿੰਦਰ ਉਸਤਾਦ, ਅਵਤਾਰ ਸਮਾਲਸਰ, ਕਰਨਲ ਜਗਬੀਰ ਸਿੰਘ ਸੰਧੂ, ਨਵਦੀਪ ਕੌਰ, ਗੀਤਾ ਵਰਮਾ, ਬਸੰਤ ਕੁਮਾਰ ਸ਼ਾਯਦ, ਰੋਹਿਤ ਸਿੱਧੂ, ਗਾਇਕ ਬਲਵਿੰਦਰ ਦਿਲਦਾਰ, ਰਮਨੀਕ ਸਿੰਘ ਘੁੰਮਣ, ਨਗੀਨਾ ਸਿੰਘ ਬਲੱਗਣ, ਉਰਮਿਲਜੀਤ ਸਿੰਘ, ਸੀਰਤ ਸਿਖਿਆਰਥੀ, ਨਾਵਲਕਾਰ ਗੁਰਨਾਮ ਬਾਵਾ ਅਤੇ ਹੋਰ ਮੌਜੂਦ ਸਨ।

# ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਗੁਰਦੁਆਰਾ ਜੋਤੀ ਸਰੂਪ ਸਾਹਿਬ, ਫ਼ਤਿਹਗੜ੍ਹ ਸਾਹਿਬ ਵਿਖੇ ਲਗਾਇਆ ਗਿਆ ਮੁਫ਼ਤ ਮੈਡੀਕਲ ਅਤੇ ਦੰਦਾਂ ਦਾ ਚੈਕਅੱਪ ਕੈਂਪ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਆਯੁਰਵੈਦਿਕ ਕਾਲਜ ਐਂਡ ਹਸਪਤਾਲ ਅਤੇ ਦੇਸ਼ ਭਗਤ ਹਸਪਤਾਲ ਵੱਲੋਂ ਗੁਰਦੁਆਰਾ ਜੋਤੀ ਸਵਰੂਪ ਸਾਹਿਬ ਫ਼ਤਿਹਗੜ੍ਹ ਸਾਹਿਬ ਵਿਖੇ ਮੁਫ਼ਤ




ਮੈਡੀਕਲ ਅਤੇ ਦੰਦਾਂ ਦਾ ਚੈਕਅੱਪ ਕੈਂਪ ਲਗਾਇਆ ਗਿਆ।

ਇਹ ਕੈਂਪ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਯਾਦ ਕਰਦਿਆਂ ਸ਼ਹੀਦੀ ਜੋੜ ਮੇਲ ਦੌਰਾਨ ਲਗਾਇਆ ਗਿਆ। ਇਹ ਕੈਂਪ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਅਤੇ ਸਰਬੱਤ ਦਾ ਭਲਾ ਟਰੱਸਟ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਕੈਂਪ ਦਾ ਉਦੇਸ਼ ਸਮਾਜ ਨੂੰ ਮੁਫ਼ਤ ਮੈਡੀਕਲ ਜਾਂਚ ਅਤੇ ਦਵਾਈਆਂ ਸਮੇਤ ਜ਼ਰੂਰੀ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਸੀ। ਕੈਂਪ ਵਿੱਚ ਦੇਸ਼ ਭਗਤ ਆਯੁਰਵੈਦਿਕ ਕਾਲਜ ਅਤੇ ਹਸਪਤਾਲ, ਦੇਸ਼ ਭਗਤ ਹਸਪਤਾਲ ਅਤੇ ਦੇਸ਼ ਭਗਤ ਡੈਂਟਲ ਕਾਲਜ ਅਤੇ ਹਸਪਤਾਲ ਦੇ ਮਾਹਿਰ ਡਾਕਟਰਾਂ ਦੀ ਟੀਮ ਨੇ ਵਿਦਿਆਰਥੀਆਂ ਦੇ ਨਾਲ ਮਰੀਜ਼ਾਂ ਅਤੇ ਜ਼ਰੂਰਤਮੰਦ ਲੋਕਾਂ ਦੀ ਜਾਂਚ ਕੀਤੀ।

ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ: ਜ਼ੋਰਾ ਸਿੰਘ ਨੇ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਨੂੰ ਸ਼ਰਧਾਂਜਲੀ ਵਜੋਂ ਅਜਿਹੇ ਕੈਂਪ ਲਗਾਉਣ ਦੀ ਮਹੱਤਤਾ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ, ਇੱਕ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਸੰਸਥਾ ਵਜੋਂ, ਲੋੜਵੰਦਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੋ ਚਾਂਸਲਰ ਡਾ. ਤੇਜਿੰਦਰ ਕੌਰ ਨੇ ਕਿਫਾਇਤੀ ਅਤੇ ਮਿਆਰੀ ਸਿਹਤ ਸੰਭਾਲ ਲਈ ਯੂਨੀਵਰਸਿਟੀ ਦੀ ਅਟੁੱਟ ਵਚਨਬੱਧਤਾ 'ਤੇ ਜ਼ੋਰ ਦਿੱਤਾ।

ਸਮਾਗਮ ਦੌਰਾਨ ਇਸ ਉਪਰਾਲੇ ਦਾ ਸੈਂਕੜੇ ਮਰੀਜ਼ਾਂ ਅਤੇ ਸ਼ਰਧਾਲੂਆਂ ਨੇ ਲਾਭ ਲਿਆ ਅਤੇ ਇਸ ਕੈਂਪ ਲਈ ਦੇਸ਼ ਭਗਤ ਯੂਨੀਵਰਸਿਟੀ ਦੀ ਭਰਪੂਰ ਸ਼ਲਾਘਾ ਕੀਤੀ।

# ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਨੂੰ ਸਮਰਪਿਤ ਪਿੰਡ ਮਲਕਪੁਰ ਵਿਖੇ ਸਜਾਇਆ ਨਗਰ ਕੀਰਤਨ

**ਫਗਵਾੜਾ (ਬੀ.ਕੇ. ਰੱਤੂ)** ਪਿੰਡ ਮਲਕਪੁਰ ਵਿਖੇ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਸ੍ਰੀ ਸਿੰਘ ਸਭਾ ਪਿੰਡ ਮਲਕਪੁਰ ਤਹਿਸੀਲ ਫਗਵਾੜਾ ਦੀ ਪ੍ਰਬੰਧਕ ਕਮੇਟੀ ਵਲੋਂ ਗ੍ਰਾਮ ਪੰਚਾਇਤ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਸਜਾਇਆ ਗਿਆ। ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਹੈਡ ਗ੍ਰੰਥੀ ਭਾਈ ਜਸਵਿੰਦਰ ਸਿੰਘ ਨੇ ਸਰਬੱਤ ਦੇ ਭਲੇ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਉਪਰੰਤ ਇਹ ਨਗਰ ਕੀਰਤਨ ਪਿੰਡ ਦੀ



ਪਰਿਕ੍ਰਮਾ ਕਰਦਾ ਹੋਇਆ ਦੇਰ ਸ਼ਾਮ ਵਾਪਿਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਨਗਰ ਕੀਰਤਨ ਦਾ ਸੰਗਤਾਂ ਵਲੋਂ ਥਾਂ-ਥਾਂ 'ਤੇ ਭਰਵਾਂ ਸਵਾਗਤ ਕੀਤਾ ਗਿਆ। ਧਾਰਮਿਕ ਤੇ ਸਮਾਜਿਕ ਜੱਥੇਬੰਦੀਆਂ ਵਲੋਂ ਵੱਖ ਵੱਖ ਪਕਵਾਨਾਂ ਦੇ ਲੰਗਰ ਲਗਾਏ ਗਏ ਸਨ। ਸੰਗਤਾਂ ਨੇ ਨਗਰ ਕੀਰਤਨ ਵਿਚ ਸ਼ਾਮਲ ਗੁਰੂ ਗ੍ਰੰਥ ਸਾਹਿਬ ਜੀ ਦੀ ਸੁੰਦਰ ਪਾਲਕੀ ਅੱਗੇ ਨਤਮਸਤਕ ਹੋ ਕੇ ਅਸ਼ੀਰਵਾਦ ਪ੍ਰਾਪਤ ਕੀਤਾ। ਵੱਖ ਵੱਖ ਪੜਾਵਾਂ ਦੌਰਾਨ ਢਾਡੀ ਜੱਥਿਆਂ ਨੇ ਸੰਗਤਾਂ ਨੂੰ ਢਾਡੀ ਵਾਰਾਂ ਰਾਹੀਂ ਗੁਰੂ ਇਤਿਹਾਸ ਨਾਲ ਜੋੜਿਆ। ਕਮੇਟੀ ਪ੍ਰਧਾਨ ਸੁੱਚਾ ਸਿੰਘ, ਸਕੱਤਰ ਸਤਵਿੰਦਰ ਸਿੰਘ ਘੁੰਮਣ, ਕੈਸ਼ੀਅਰ ਸੁਰਿੰਦਰ ਸਿੰਘ ਰਿਟਾ। ਜੇ।ਈ। ਅਤੇ ਸਤਵਿੰਦਰ ਸਿੰਘ ਘੁੰਮਣ ਨੇ ਦੱਸਿਆ ਕਿ 6 ਜਨਵਰੀ ਦਿਨ ਬੁੱਧਵਾਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਇਆ ਜਾਵੇਗਾ। ਜਿਸ ਵਿੱਚ ਪੰਥ ਪ੍ਰਸਿੱਧ ਢਾਡੀ ਜੱਥਾ ਭਾਈ ਜਸਵਿੰਦਰ ਸਿੰਘ ਖਾਲਸਾ ਬਾਜਵਾ ਕਲਾਂ ਵਾਲੇ ਸੰਗਤਾਂ ਨੂੰ ਢਾਡੀ ਵਾਰਾਂ ਰਾਹੀਂ ਨਿਹਾਲ ਕਰਨਗੇ। ਉਹਨਾਂ ਸਮੂਹ ਸੰਗਤਾਂ ਨੂੰ ਪੁਰਜੋਰ ਬੇਨਤੀ ਕੀਤੀ ਕਿ ਗੁਰਪੁਰਬ ਮੌਕੇ ਗੁਰੂ ਘਰ ਵਿਚ ਆਯੋਜਿਤ ਧਾਰਮਿਕ ਸਮਾਗਮ 'ਚ ਪਰਿਵਾਰਾਂ ਸਮੇਤ ਹਾਜਰੀਆਂ ਭਰ ਕੇ ਗੁਰੂ ਸਾਹਿਬਾਨ ਦਾ ਅਸ਼ੀਰਵਾਦ ਲਿਆ ਜਾਵੇ। ਇਸ ਮੌਕੇ ਸਰਪੰਚ ਬੀਬੀ ਕੁਲਵਿੰਦਰ ਕੌਰ ਘੁੰਮਣ, ਨਰਿੰਦਰ ਸਿੰਘ, ਬਲਜੀਤ ਸਿੰਘ, ਕਿਸਾਨ ਆਗੂ ਹਰਭਜਨ ਸਿੰਘ ਬਾਜਵਾ, ਬਾਪੂ ਦਰਸ਼ਨ ਸਿੰਘ, ਬਲਵਿੰਦਰ ਸਿੰਘ ਬਦੇਸ਼ਾ, ਦਿਲਬਾਗ ਸਿੰਘ, ਗੁਰਮੀਤ ਸਿੰਘ, ਗਿਆਨ ਸਿੰਘ, ਨਿਰਮਲ ਸਿੰਘ, ਸੁਖਵਿੰਦਰ ਸਿੰਘ ਸਾਬਕਾ ਸਰਪੰਚ, ਜਰਨੈਲ ਸਿੰਘ ਘੁੰਮਣ, ਸ਼ਾਦੀ ਰਾਮ ਸਾਬਕਾ ਸਰਪੰਚ, ਹਰਵੇਲ ਸਿੰਘ ਸਾਬਕਾ ਸਰਪੰਚ, ਸੁਖਵਿੰਦਰ ਸਿੰਘ ਸਾਬਕਾ ਸਰਪੰਚ, ਸਤਵਿੰਦਰ ਸਿੰਘ ਸਾਬਕਾ ਸਰਪੰਚ, ਹਰਬੰਸ ਲਾਲ, ਲਛਮਣ ਸਿੰਘ, ਹਜਾਰਾ ਰਾਮ, ਲਖਵੀਰ ਸਿੰਘ, ਮੰਗਤ ਰਾਮ, ਜਸਵਿੰਦਰ ਸਿੰਘ, ਹਰਭਜਨ ਲਾਲ ਆਦਿ ਹਾਜਰ ਸਨ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਖੇਤੀ ਮਾਰਕੀਟਿੰਗ ਖਰੜੇ ਵਿਰੁੱਧ ਕਨਵੈਨਸ਼ਨ ਕਰਨ ਦਾ ਐਲਾਨ

**ਚੰਡੀਗੜ੍ਹ/ਜਲੰਧਰ, (ਦਲਜੀਤ ਕੌਰ)** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਸੂਬਾ ਪ੍ਰਧਾਨ ਤਰਸੇਮ ਪੀਟਰ ਦੀ ਪ੍ਰਧਾਨਗੀ ਹੇਠ ਸੂਬਾ ਕਮੇਟੀ ਦੀ ਮੀਟਿੰਗ ਕੀਤੀ ਗਈ। ਜਿਸ ਵਿੱਚ 30 ਜਨਵਰੀ ਨੂੰ ਖੇਤੀ ਮਾਰਕੀਟਿੰਗ ਖਰੜੇ ਵਿਰੁੱਧ ਸੂਬਾ ਪੱਧਰੀ ਕਨਵੈਨਸ਼ਨ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸਤੋਂ ਇਲਾਵਾ ਜਥੇਬੰਦੀ ਵਲੋਂ ਪਿੰਡਾਂ ਵਿੱਚ ਪੇਂਡੂ ਮਜ਼ਦੂਰਾਂ ਦੀ ਮੈਂਬਰਸ਼ਿਪ ਕਰਦਿਆਂ ਫ਼ਰਵਰੀ ਮਹੀਨੇ ਵਿੱਚ ਇਲਾਕਾ ਪੱਧਰੀ ਅਜਲਾਸ ਕਰਨ ਦਾ ਫ਼ੈਸਲਾ ਵੀ ਕੀਤਾ ਗਿਆ।

ਯੂਨੀਅਨ ਦੇ ਸੂਬਾ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਅਤੇ ਸੂਬਾ ਪ੍ਰੈਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵਲੋਂ ਲੁਕਵੇਂ ਢੰਗ ਨਾਲ ਨਵਾਂ ਖੇਤੀ ਮਾਰਕੀਟਿੰਗ ਖਰੜਾ ਲਿਆ ਕਿ ਮੁੜ ਸੂਬਿਆਂ ਦੇ ਅਧਿਕਾਰਾਂ ਨੂੰ ਦਰੜਦੇ ਹੋਏ ਖੇਤੀ ਖੇਤਰ ਉੱਪਰ ਕਾਰਪੋਰੇਟ ਘਰਾਣਿਆਂ ਨੂੰ ਅਨਾਜ ਦੀ ਖ਼ਰੀਦ ਚ ਮੁਕੰਮਲ ਕਬਜ਼ਾ ਕਰਵਾਉਣ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਕੇਂਦਰੀ ਡਰਾਫਟ ਸੂਬਿਆਂ ਨੂੰ ਪ੍ਰਾਈਵੇਟ ਸੈਕਟਰ ਜੋ ਪਹਿਲ ਦੇ ਆਧਾਰ ਉੱਤੇ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਤਹਿਤ ਹੋਵੇ, ਲਿਆਉਣ ਦੀ ਗੱਲ ਕਰਦਾ ਹੈ।ਜਿਸ ਤੋਂ ਸਾਫ਼ ਜ਼ਾਹਰ ਹੈ ਕਿ ਮੌਜੂਦਾ ਮੰਡੀਕਰਨ ਦੇ ਢਾਂਚੇ ਨੂੰ ਖਤਮ ਕਰਨ ਦੀ ਦਿਸ਼ਾ ਲਈ ਜਾ ਚੁੱਕੀ ਹੈ। ਪੰਜਾਬ ਵਿੱਚ ਇਹ ਲੱਖਾਂ ਮਜ਼ਦੂਰਾਂ, ਮੁਲਾਜ਼ਮਾਂ ਦੇ ਰੁਜ਼ਗਾਰ ਅਤੇ ਸੂਬੇ ਦੀ ਆਮਦਨੀ ਉੱਪਰ ਹਮਲਾ ਹੈ।



ਉਨ੍ਹਾਂ ਕਿਹਾ ਕਿ ਜਨਤਕ ਵੰਡ ਪ੍ਰਣਾਲੀ ਤਹਿਤ ਲੋੜਵੰਦ ਲੋਕਾਂ ਨੂੰ ਰਸੋਈ ਵਿੱਚ ਵਰਤੋਂ ਦੀਆਂ ਸਾਰੀਆਂ ਵਸਤਾਂ ਸਸਤੀਆਂ ਦਰਾਂ ਉੱਤੇ ਮੁੱਹਈਆ ਕਰਵਾਉਣ ਦਾ ਸਰਕਾਰ ਨੂੰ ਪ੍ਰਬੰਧ ਕਰਨਾ ਚਾਹੀਦਾ ਹੈ ਪ੍ਰੰਤੂ ਸਰਕਾਰ ਇਸ ਜ਼ਿੰਮੇਵਾਰੀ ਤੋਂ ਆਪਣੇ ਹੱਥ ਪਿੱਛੇ ਖਿਚ ਰਹੀ ਹੈ। ਉਨ੍ਹਾਂ ਕਿਹਾ ਕਿ ਨਵੇਂ ਖੇਤੀ ਮਾਰਕੀਟਿੰਗ ਖਰੜੇ ਤਹਿਤ ਜੇਕਰ ਸਰਕਾਰ ਨੇ ਫ਼ਸਲ ਦੀ ਕੋਈ ਸਰਕਾਰੀ ਖ਼ਰੀਦ ਕਰਨੀ ਹੀ ਨਹੀਂ ਤਾਂ ਜਨਤਕ ਵੰਡ ਪ੍ਰਣਾਲੀ ਤਹਿਤ (ਪੀਡੀਐਸ) ਲੋੜਵੰਦ ਪਰਿਵਾਰਾਂ ਨੂੰ ਮਿਲਣ ਵਾਲੀ ਮਹਿਜ਼ ਕਣਕ ਵੀ ਬੰਦ ਹੋਵੇਗੀ।

ਉਨ੍ਹਾਂ ਕਿਹਾ ਕਿ ਬੇਜ਼ਮੀਨੇ ਮਜ਼ਦੂਰ ਸਰਕਾਰਾਂ ਦੀਆਂ ਵਿਰੋਧੀ ਨੀਤੀਆਂ ਦੇ ਚਲਦਿਆਂ ਪਹਿਲਾਂ ਹੀ ਬੇਰੁਜ਼ਗਾਰੀ, ਅਰਧ ਬੇਰੁਜ਼ਗਾਰੀ ਦਾ ਸੰਤਾਪ ਭੋਗ ਰਹੇ ਹਨ ਅਤੇ ਲੱਕ ਤੋੜਵੀਂ ਮਹਿੰਗਾਈ ਦੀ ਮਾਰ ਝੱਲ ਰਹੇ ਹਨ। ਨਵਾਂ ਕੇਂਦਰੀ ਖੇਤੀ ਮਾਰਕੀਟਿੰਗ ਖਰੜਾ ਲਾਗੂ ਹੋਣ ਨਾਲ ਮਜ਼ਦੂਰ ਜਮਾਤ ਦਾ ਹੋਰ ਲੱਕ ਤੋੜੇਗਾ।

ਉਨ੍ਹਾਂ ਕਿਹਾ ਕਿ ਨਵੇਂ ਕੇਂਦਰੀ ਖੇਤੀ ਮਾਰਕੀਟਿੰਗ ਖਰੜੇ ਦੇ ਦਲਿਤਾਂ/ਮਜ਼ਦੂਰਾਂ ਉੱਪਰ ਪੈਣ ਵਾਲੇ ਦੁਰਪ੍ਰਭਾਵ ਸੰਬੰਧੀ ਵਿਚਾਰ ਚਰਚਾ ਕਰਕੇ ਇਸਨੂੰ ਰੱਦ ਕਰਵਾਉਣ ਲਈ ਜਥੇਬੰਦੀ ਵਲੋਂ ਸੂਬਾ ਪੱਧਰੀ ਕਨਵੈਨਸ਼ਨ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਹੋਣ ਵਾਲੇ ਪੰਚਾਇਤਾਂ ਦੇ ਗ੍ਰਾਮ ਸਭਾ ਅਜਲਾਸਾਂ ਦੌਰਾਨ ਮਜ਼ਦੂਰਾਂ ਦੀਆਂ ਮੰਗਾਂ ਦੇ ਹੱਲ ਲਈ ਅਤੇ ਨਵੇਂ ਖੇਤੀ ਮਾਰਕੀਟਿੰਗ ਖਰੜੇ ਵਿਰੁੱਧ ਮਤੇ ਪੁਆਉਣ ਦਾ ਫ਼ੈਸਲਾ ਵੀ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਨਵੇਂ ਸਾਲ ਵਿੱਚ ਨਵੀਆਂ ਚੁਣੌਤੀਆਂ ਨੂੰ ਟਾਕਰਾ ਦੇਣ ਅਤੇ ਮਜ਼ਦੂਰ ਮੰਗਾਂ ਦੇ ਨਿਪਟਾਰੇ ਲਈ ਜਥੇਬੰਦੀ ਨੂੰ ਸਮੇਂ ਦੇ ਹਾਣ ਲਈ ਪਿੰਡਾਂ ਵਿੱਚ ਪੇਂਡੂ ਮਜ਼ਦੂਰਾਂ ਦੀ ਮੈਂਬਰਸ਼ਿਪ ਮੁਹਿੰਮ ਚਲਾਉਂਦੇ ਹੋਏ ਫ਼ਰਵਰੀ ਮਹੀਨੇ ਵਿੱਚ ਇਲਾਕਾ ਪੱਧਰੀ, ਤਹਿਸੀਲ ਪੱਧਰੀ ਅਜਲਾਸ ਕਰਨ ਦਾ ਸੱਦਾ ਵੀ ਦਿੱਤਾ ਗਿਆ।

ਉਨ੍ਹਾਂ ਦੱਸਿਆ ਕਿ 30 ਜਨਵਰੀ ਨੂੰ ਨਵੇਂ ਕੇਂਦਰੀ ਖੇਤੀ ਮਾਰਕੀਟਿੰਗ ਖਰੜੇ ਵਿਰੁੱਧ ਕਨਵੈਨਸ਼ਨ ਵਿੱਚ ਸੂਬੇ ਭਰ ਤੋਂ ਸੈਂਕੜੇ ਪੇਂਡੂ ਮਜ਼ਦੂਰਾਂ ਦੀ ਸ਼ਮੂਲੀਅਤ ਕਰਵਾਈ ਜਾਵੇਗੀ। ਇਸ ਮੌਕੇ ਮੀਟਿੰਗ ਵਿੱਚ ਯੂਨੀਅਨ ਦੇ ਸੂਬਾ ਆਗੂ ਹੰਸ ਰਾਜ ਪੱਬਵਾਂ, ਕਮਲਜੀਤ ਸਾਨਾਵਾ,ਰਾਜ ਕੁਮਾਰ ਪੰਡੋਰੀ ਅਤੇ ਮੰਗਾ ਸਿੰਘ ਵੈਰੋਕੇ ਆਦਿ ਨੇ ਵੀ ਸ਼ਮੂਲੀਅਤ ਕੀਤੀ।

# 'ਬੇਟੀ ਬਚਾਓ ਬੇਟੀ ਪੜਾਓ' ਸਕੀਮ ਤਹਿਤ ਬਲਾਕ ਪੱਧਰ 'ਤੇ ਲੀਗਲ ਅਵੇਅਰਨੈਸ ਵਰਕਸ਼ਾਪ ਕਰਵਾਈ



ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਤੇ ਮੈਡਮ ਰਤਿੰਦਰਪਾਲ ਕੌਰ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮਾਨਸਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ਼੍ਰੀਮਤੀ ਹਰਜਿੰਦਰ ਕੌਰ ਬਾਲ ਵਿਕਾਸ ਪ੍ਰੋਜੈਕਟ ਅਫਸਰ ਮਾਨਸਾ ਦੀ ਦੇਖ-ਰੇਖ ਹੇਠ ਪਿੰਡ ਭਾਈ ਦੇਸਾ ਵਿਖੇ "ਬੇਟੀ ਬਚਾਓ ਬੇਟੀ ਪੜਾਓ" ਸਕੀਮ ਤਹਿਤ ਬਲਾਕ ਪੱਧਰ 'ਤੇ ਲੀਗਲ ਅਵੇਅਰਨੈਸ ਵਰਕਸ਼ਾਪ ਕਰਵਾਈ ਗਈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੀਮਤੀ ਹਰਜਿੰਦਰ ਕੌਰ ਨੇ ਦੱਸਿਆ ਕਿ ਇਸ ਵਰਕਸ਼ਾਪ ਵਿੱਚ ਪਿੰਡ ਦੀ ਗ੍ਰਾਮ ਪੰਚਾਇਤ, ਆਮ ਲੋਕ, ਆਂਗਣਵਾੜੀ ਵਰਕਰ , ਹੈਲਪਰ, ਬੱਚੇ ਤੇ ਔਰਤਾਂ ਸ਼ਾਮਲ ਹੋਈਆਂ। ਵਰਕਸ਼ਾਪ ਵਿੱਚ ਪੁਲਿਸ ਵਿਭਾਗ ਤੋਂ ਮਹਿਲਾ ਕਾਂਸਟੇਬਲ ਸੁਖਪਿੰਦਰ ਕੌਰ ਅਤੇ ਸਿਹਤ ਵਿਭਾਗ ਤੋਂ ਸ੍ਰੀ ਕੇਵਲ ਸਿੰਘ ਬੀ।ਈ।ਈ। ਸ਼ਾਮਿਲ ਹੋਏ। ਇਸ ਮੌਕੇ ਕੁੜੀਆਂ ਨਾਲ ਸਬੰਧਤ ਕਾਨੂੰਨਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ ਅਤੇ ਕੁਰੀਤੀਆਂ ਜਿਵੇਂ ਕਿ ਭਰੂਣ ਹੱਤਿਆ, ਬਾਲ ਵਿਆਹ, ਦਹੇਜ ਪ੍ਰਥਾ ਆਦਿ ਤੋਂ ਬਚਾ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਵਰਕਸ਼ਾਪ ਦੌਰਾਨ ਬੱਚੀਆਂ ਦਾ ਕਾਪੀਆਂ ਅਤੇ ਪੈਨ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਸ਼੍ਰੀਮਤੀ ਸੋਮਾ ਬਾਈ ਸੁਪਰਵਾਈਜ਼ਰ ਮੌਜੂਦ ਸਨ। **– ਸੰਦੀਪ ਘੰਡ**

# ਸਾਬਕਾ ਫੌਜੀ ਨੂੰ ਅੱਠ ਘੰਟੇ ਡਿਜੀਟਲ ਅਰੈਸਟ ਰੱਖ ਕੇ ਸਾਈਬਰ ਠੱਗਾਂ ਨੇ 10.50 ਲੱਖ ਦੀ ਮਾਰੀ ਠੱਗੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਾਈਬਰ ਠੱਗਾਂ ਵਲੋਂ ਸਾਬਕਾ ਫੌਜੀ ਨੂੰ ਅੱਠ ਘੰਟੇ ਡਿਜੀਟਲ ਅਰੈਸਟ ਰੱਖ ਕੇ ਸਾਢੇ ਦਸ ਲੱਖ ਰੁਪਏ ਦੀ ਠੱਗੀ ਮਾਰਨ ਦਾ ਸਮਾਚਾਰ ਹੈ। ਘਟਨਾ ਸੋਮਵਾਰ 23 ਦਸੰਬਰ ਦੀ ਦੱਸੀ ਜਾਂਦੀ ਹੈ। ਗੜ੍ਹਸ਼ੰਕਰ ਦੇ ਬੀਤ ਇਲਾਕੇ ਦੇ ਪਿੰਡ ਸੇਖੋਵਾਲ ਦੇ ਰਮੇਸ਼ ਸ਼ਰਮਾਂ (ਜੋ ਕਿ ਭਾਰਤੀ ਫੌਜ ਤੋਂ ਸੂਬੇਦਾਰ ਰਿਟਾਇਰ ਹੈ) ਨੇ ਦੱਸਿਆ ਕਿ ਸੋਮ ਵਾਰ 23 ਦਸੰਬਰ ਨੂੰ ਸਵੇਰੇ ਕਰੀਬ 10 ਕੁ ਵਜੇ ਉਹਨਾਂ ਨੂੰ +6695522510 ਵਿਦੇਸ਼ੀ ਨੰਬਰ ਤੋਂ ਕਾਲ ਆਈ ਅਤੇ ਬਾਅਦ ਵਿੱਚ ਠੱਗ ਵਲੋਂ ਪੁਲਿਸ ਅਫਸਰ ਦਸ ਕੇ ਵੀਡੀਓ ਕਾਲ ਕੀਤੀ ਤੇ ਮੈਨੂੰ ਦੱਸਿਆ ਕਿ ਮੈ ਅੰਧੇਰੀ ਮੁੰਬਈ ਪੁਲਿਸ ਸਟੇਸ਼ਨ ਤੋਂ ਪੁਲਿਸ ਇੰਸਪੈਕਟਰ ਬੋਲ ਰਿਹਾ ਹਾਂ। ਤੁਹਾਡੇ ਖਿਲਾਫ ਮਨੀ ਲਾਂਡਰਿੰਗ ਦਾ ਮਾਮਲਾ ਦਰਜ ਹੋਇਆ ਹੈ। ਤੁਸੀਂ ਆਪਣਾ ਅਧਾਰ ਕਾਰਡ ਭੇਜੋ ਅਸੀ ਕੰਨਫਰਮ ਕਰਨਾ ਹੈ। ਅਧਾਰ ਕਾਰਡ ਨੰਬਰ ਦੱਸਣ ਤੋਂ ਬਾਅਦ ਉਹਨਾਂ ਕਿਹਾ ਕਿ ਤੁਹਾਡੇ ਵਿਰੁੱਧ 20 ਮਾਮਲੇ ਦਰਜ ਹਨ । ਉਹਨਾਂ ਦੱਸਿਆ ਕਿ ਸੰਗਰੂਰ ਦੇ ਨਰੇਸ਼ ਗੋਇਲ ਵਲੋਂ ਮਨੀ ਲਾਂਡਰਿੰਗ ਰਾਹੀਂ 2 ਕਰੋੜ ਦੀ ਠੱਗੀ ਮਾਰ ਕੇ ਤੁਹਾਡੇ ਕੇਨਰਾ ਬੈਂਕ ਵਾਲੇ ਖਾਤੇ ਵਿੱਚ 20 ਲੱਖ ਰੁਪਏ ਟਰਾਂਸਫਰ ਕੀਤੇ ਹਨ। ਇਸ ਲਈ ਤੁਹਾਡੇ ਗ੍ਰਿਫਤਾਰੀ ਵਾਰੰਟ ਨਿਕਲੇ ਹਨ ਤੁਹਾਨੂੰ ਅਰੈਸਟ ਕਰਨਾ ਹੈ।

ਇਹ ਕਹਿ ਕੇ ਉਨਾਂ ਇੱਕ ਹੋਰ ਠੱਗ ਨਾਲ ਇਹ ਕਹਿ ਕੇ ਗਲ ਕਰਵਾਈ ਕਿ ਡੀ ਜੀ ਪੀ ਸਾਹਿਬ ਨਾਲ ਗੱਲ ਕਰੋ ਤੇ ਡੀ ਜੀ ਪੀ ਬਣੇ ਠੱਗ ਨੇ ਕਿਹਾ ਕਿ ਤੁਹਾਡਾ ਕੇਸ ਮੇਰੇ ਪਾਸ ਹੈ ਮੈ ਕੇਸ ਨੂੰ ਰਫਾ ਦਫਾ ਕਰ ਦਿੰਦਾ ਹਾਂ ਜੇ ਕਰ ਤੁਸੀ ਇੱਕ ਖਾਤੇ ਵਿੱਚ 20 ਲੱਖ ਰੁਪਏ ਆਰ ਟੀ ਜੀ ਐਸ ਰਾਹੀਂ ਟਰਾਂਸਫਰ ਕਰ ਦਿਓ ਨਹੀਂ ਤਾ ਤੁਹਾਨੂੰ ਮੁੰਬਈ ਆਉਣਾ ਪਵੇਗਾ ਅਤੇ ਵੀਡੀਓ ਕਾਲ ਚੁਲਦੀ ਰੱਖਣ ਤੇ ਕਿਸੇ ਵੀ ਪਰਿਵਾਰਿਕ ਮੈਂਬਰ ਨਾਲ ਗੱਲ ਸਾਂਝੀ ਨਾ ਕਰਨ ਦੀ ਚਿਤਾਵਨੀ ਵੀ ਦਿੱਤੀ। ਇਸ ਤੋਂ ਬਾਅਦ ਸਾਬਕਾ ਫੌਜੀ ਵਲੋਂ ਪੰਜਾਬ ਨੈਸ਼ਨਲ ਬੈਂਕ ਦੀ ਬਰਾਂਚ ਪੋਜੇਵਾਲ ਵਿੱਚ ਜਾ ਕੇ ਠੱਗਾਂ ਵਲੋਂ ਦਿੱਤੇ ਮਹਾਰਾਸ਼ਟਰਾ ਬੈਂਕ ਗਾਜੀਆਬਾਦ ਬ੍ਰਾਂਚ ਦੇ ਖਾਤਾਂ ਨੰਬਰ 60518542360 ਆਈਐਫਐਸਸੀ ਕੋਡ ਐਮ ਏ ਐਚ ਬੀ 0001332 ਵਿੱਚ ਸਾਢੇ ਦਸ ਲੱਖ ਰੁਪਏ ਸ਼ਾਮ ਨੂੰ 4।57 ਵਜੇ ਟਰਾਂਸਫਰ ਕੀਤੇ ਜੋ ਖਾਤਾ ਜੋਤੀ ਪੁੱਤਰੀ ਹਰੀਸ਼ ਚੰਦਰ ਨਾਮਕ ਔਰਤ ਦੇ ਨਾਮ ਤੇ ਦੱਸਿਆ ਜਾਂਦਾ ਹੈ। ਪਤਾ ਲੱਗਾ ਕਿ ਠੱਗਾਂ ਵਲੋਂ ਅਧੇ ਘੰਟੇ ਬਾਅਦ ਉਕਤ ਰਕਮ ਕਿਸੇ ਹੋਰ ਖਾਤੇ ਵਿੱਚ ਟਰਾਂਸਫਰ ਕਰ ਦਿੱਤੀ ਗਈ। ਇਸ ਤੋਂ ਇੱਕ ਘੰਟੇ ਬਾਅਦ ਰਮੇਸ਼ ਸ਼ਰਮਾ ਨੂੰ ਠੱਗੇ ਜਾਣ ਦਾ ਅਹਿਸਾਸ ਹੋਇਆ। ਫਿਰ ਠੱਗਾਂ ਨੇ ਕਿਹਾ ਕਿ ਤਿੰਨ ਲੱਖ ਰੁਪਏ ਹੋਰ ਦਿਓ ਜੋ ਕਿ ਸਕਿਉਰਿਟੀ ਫੀਸ ਹੈ। ਪਰ ਰਮੇਸ਼ ਸ਼ਰਮਾਂ ਨੇ ਕੋਲ ਹੋਰ ਰਕਮ ਨਾ ਹੋਣ ਕਾਰਣ ਉਹਨਾਂ ਤੋਂ ਦੋ ਦਿਨਾਂ ਦਾ ਸਮਾਂ ਮੰਗਿਆ। ਜਿਕਯੋਗ ਹੈ ਕਿ ਠੱਗਾਂ ਵਲੋਂ ਜਿੰਨਾ 5 ਵੱਖ ਵੱਖ ਫੋਨਾਂ ਤੋ ਕਾਲਿੰਗ ਕੀਤੀ ਗਈ ਸਾਰਿਆ ਦੀ ਡੀ ਪੀ ਤੇ ਪੁਲਿਸ ਦੇ ਵੱਡੇ ਅਫਸਰਾਂ ਦੇ ਫੋਟੋ ਲੱਗੇ ਹਨ। ਇਸ ਤੋਂ ਬਾਅਦ ਹੁਣ ਵੀ ਲਗਾਤਾਰ ਠੱਗਾਂ ਵਲੋਂ ਪਲਿਸ ਅਫਸਰਾਂ ਦੀਆਂ ਫੋਟੋ ਵਾਲੀਆਂ ਡੀ ਪੀ ਲੱਗੇ ਫੋਨਾਂ ਤੋਂ ਕਾਲਾਂ ਆ ਰਹੀਆਂ ਹਨ ਪਰ ਰਮੇਸ਼ ਸ਼ਰਮਾਂ ਫੋਨ ਨਹੀ ਚੁੱਕ ਰਹੇ। ਇਸ ਸਬੰਧੀ ਰਮੇਸ਼ ਕੁਮਾਰ ਸ਼ਰਮਾਂ ਵਲੋਂ ਸਾਈਬਰ ਕਰਾਈਮ ਵਿੱਚ ਸ਼ਿਕਾਇਤ ਕਰ ਦਿੱਤੀ ਗਈ ਹੈ।




ਜਿਕਰਯੋਗ ਹੈ ਕਿ ਜਿਲ੍ਹਾ ਹੁਸ਼ਿਆਰਪੁਰ ਵਿੱਚ ਆਪਣੀ ਕਿਸਮ ਦੀ ਇਹ ਪਹਿਲੀ ਖਬਰ ਹੈ। ਜਦ ਕਿ ਇਸ ਸਬੰਧੀ ਰਿਜਰਵ ਬੈਂਕ ਵਲੋਂ ਸੋਸ਼ਲ ਮੀਡੀਆ,ਪ੍ਰਿੰਟ ਮੀਡੀਆ, ਇਲੈਕਟ੍ਰਾਨਿਕ ਮੀਡੀਆ ਰਾਹੀਂ ਲੋਕਾਂ ਨੂੰ ਲਗਾਤਾਰ ਸੁਚੇਤ ਰਹਿਣ ਲਈ ਅਤੇ ਡਿਜਿਟਲ ਅਰੈਸਟ ਤੋਂ ਸਾਵਧਾਨ ਰਹਿਣ ਲਈ ਲਗਾਤਾਰ ਅਪੀਲਾਂ ਕੀਤੀਆਂ ਜਾ ਰਹੀਆਂ ਹਨ।

# ਅੱਜ ਦਾ ਵਿਚਾਰ (3 ਜਨਵਰੀ)

ਬੱਚਿਆਂ ਨੂੰ ਸਿੱਖਿਆ ਦੇਣ ਵਾਲੇ ਅਧਿਆਪਕ ਮਾਪਿਆਂ ਨਾਲੋਂ ਵੱਧ ਸਨਮਾਨ ਦੇ ਹੱਕਦਾਰ ਹਨ, ਮਾਪੇ ਕੇਵਲ ਜਨਮ ਤੇ ਜੀਵਨ ਦਿੰਦੇ ਹਨ ਜਦ ਕਿ ਅਧਿਆਪਕ ਇਕ ਚੰਗੇ ਜੀਵਨ ਨੂੰ ਯਕੀਨੀ ਬਣਾਉਂਦੇ ਹਨ।

ਅੱਜ ਦੇ ਦਿਨ: 3-1-1588 ਲਾਹੌਰ ਦੇ ਸੂਫੀ ਫਕੀਰ ਸਾਈ ਮੀਆਵਿੰਡ ਮੀਰ ਜੀ ਨੇ ਹਰਮਿੰਦਰ ਸਾਹਿਬ ਦੀ ਨੀਂਹ ਰੱਖੀ। 1831 ਭਾਰਤ ਦੀ ਪਹਿਲੀ ਅਧਿਆਪਕਾ ਕ੍ਰਾਂਤੀ ਜੋਤ ਸਵਿਤਰੀ ਬਾਈ ਫੂਲੇ ਦਾ ਸਿਤਾਰਾ, ਮਹਾਂਰਾਸਟਰ ਵਿਖੇ ਜਨਮ। 1836 ਭਾਰਤ ਵਿੱਚ ਪਹਿਲੀ ਪਰਟਿੰਗ ਪ੍ਰੈਸ ਲਾਉਣ ਵਾਲੇ ਮੁਨਸ਼ੀ ਨਵਲ ਕਿਸ਼ੋਰ ਦਾ ਜਨਮ। 1880 ਪ੍ਰਸਿੱਧ ਅੰਗਰੇਜ਼ੀ ਮੈਗਜ਼ੀਨ 'ਇਲੈਸਟਰਿਡ ਵੀਕਲੀ' ਦਾ ਪਹਿਲਾ ਅੰਕ ਜਾਰੀ ਹੋਇਆ। 1925




ਇਟਲੀ ਦੀ ਪਾਰਲੀਮੈਂਟ ਨੂੰ ਤੋੜ ਕੇ ਮੁਸੋਲਿਨੀ ਡਿਕਟੇਟਰ ਬਣਿਆ। 1958 ਵੈਸਟ ਇੰਡੀਜ ਦੇ ਨਾਂ ਹੇਠ ਦੇਸ਼ਾਂ ਦੀ ਫੈਡਰੇਸ਼ਨ ਬਣਾਈ। 1962 ਪੋਪ ਨੇ ਕਿਊਬਾ ਦੇ ਪ੍ਰਧਾਨ ਮੰਤਰੀ ਫੀਡਲ ਕਾਸਟਰੋ ਨੂੰ ਇਸਾਈ ਧਰਮ ਵਿੱਚੋਂ ਖਾਰਜ ਕੀਤਾ। 2004 ਵਿਗਿਆਨਕ ਸੰਸਥਾ ਨਾਸਾ ਦੇ ਮਾਰਸ ਦਾ ਚੰਦਰਮਾ ਤੋਂ ਬਾਅਦ ਮੰਗਲ ਗ੍ਰਹਿ ਤੇ ਪਹਿਲਾ ਕਦਮ ਸੀ। 2015 ਨਾਈਜੇਰੀਆ ਵਿੱਚ ਬੋਕੋ ਹਰਾਮ ਜਥੇਬੰਦੀ ਵੱਲੋਂ 2,000 ਲੋਕਾਂ ਦਾ ਕਤਲ।

'ਸਮਾਜ ਸੇਵੀ ਤੇ ਕਵੀ ਕ੍ਰਾਂਤੀ ਜੋਤ ਸਵਿਤਰੀ ਬਾਈ ਫੂਲੇ' ਦਾ ਜਨਮ 3-1-1831 ਨੂੰ ਜਿਲਾ ਸਿਤਾਰਾ ਦੇ ਪਿੰਡ ਨਈਗਾਉਂ, ਮਹਾਂਰਾਸ਼ਟਰ ਵਿੱਚ ਹੋਇਆ। ਉਹ ਗੁਲੇਲ ਤੇ ਪੱਥਰਬਾਜੀ ਦੀ ਏਨੀ ਨਿਪੁੰਨ ਸੀ ਕਿ ਇਕ ਵਾਰ ਇਕ ਸੱਪ ਰੁੱਖ ਤੇ ਚੜ ਕੇ ਪੰਛੀਆਂ ਦੇ ਆਲਣੇ ਵਿੱਚੋਂ ਆਂਡੇ ਪੀ ਰਿਹਾ ਸੀ ਤਾਂ ਸਵਿਤਰੀ ਨੇ ਨੁਕੀਲੇ ਪੱਥਰ ਦਾ ਏਸਾ ਨਿਸ਼ਾਨਾ ਲਾਇਆ ਕਿ ਸੱਪ ਹੇਠਾਂ ਆ ਡਿਗਾ। ਉਸਦੀ ਸ਼ਾਦੀ ਨੌ ਸਾਲ ਦੀ ਉਮਰ ਵਿੱਚ ਸਮਾਜਿਕ ਸੁਧਾਰ ਜੋਤੀਬਾ ਫੂਲੇ ਨਾਲ ਹੋਈ। ਸਵਿਤਰੀ ਨੇ ਬੜੇ ਉਤਸ਼ਾਹ ਨਾਲ ਜੋਤੀਬਾ ਫੂਲੇ ਤੋਂ ਪੜਨਾ ਲਿਖਣਾ ਸਿੱਖਿਆ, ਉਸ ਦੇ ਨਾਲ ਸਮਾਜ ਸੰਮੇਲਨਾਂ ਵਿੱਚ ਜਾਣ ਲੱਗੀ। ਭਾਰਤ ਦੀ ਪਹਿਲੀ ਔਰਤ ਅਧਿਆਪਕਾ ਤੇ ਮੁਕਤੀ ਲਹਿਰ ਦੀ ਆਗੂ ਬਣੀ।ਸਵਿਤਰੀ ਬਾਈ ਨੇ ਸਮਾਜਿਕ ਵਿਵਸਥਾ ਨੂੰ ਵੰਗਾਰਿਆ ਤੇ ਘੋਸ਼ਨਾ ਕੀਤੀ, "ਐ ਔਰਤੋ ਆਉ, ਮੇਰੇ ਤੋਂ ਪੜਨਾ ਸਿੱਖੋ, ਪੜਾਈ ਤੁਹਾਡੀਆਂ ਜ਼ੰਜੀਰਾਂ ਕਟੇਗੀ।" ਉਸਨੇ 1848 ਵਿੱਚ ਲੜਕੀਆਂ ਲਈ ਪਹਿਲਾ ਸਕੂਲ ਖੋਲਿਆ ਤੇ ਉਥੇ ਪੜਾਉਣ ਲੱਗੀ। ਲੜਕੀਆਂ ਦੀ ਪਹਿਲੀ ਪਾਠਸ਼ਾਲਾ ਪੇਠ ਵਿੱਚ ਬਿੜੇਜੀ ਦੀ ਹਵੇਲੀ ਵਿੱਚ ਸ਼ੁਰੂ ਹੋਈ। ਉਹ ਇਸ ਦੀ ਪਹਿਲੀ ਅਧਿਆਪਕ ਅਤੇ ਮੁੱਖ ਅਧਿਆਪਕ ਬਣੀ। ਆਪਣੇ ਦੋਸਤਾਂ ਦੀਆਂ ਬੇਟੀਆਂ ਜਿੰਨਾ ਦੀ ਗਿਣਤੀ ਪਹਿਲਾਂ ਛੇ ਸੀ ਜਿਨਾਂ ਦੀ ਉਮਰ ਚਾਰ ਤੋਂ ਛੇ ਸਾਲ ਸੀ ਦੇ ਨਾਂ ਦਰਜ ਕੀਤੇ। ਕੱਟੜਪੰਥੀਆਂ ਨੂੰ ਪਤਾ ਲੱਗਾ ਤੇ ਉਹ ਭੜਕ ਉਠੇ ਤੇ ਉਸ ਉਪਰ ਗੰਦ ਸੁੱਟਦੇ, ਪੱਥਰ ਮਾਰਦੇ, ਗੁੰਡੇ ਸਵਿਤਰੀ ਨੂੰ ਘੇਰਦੇ ਤੇ ਅਪਮਾਨਿਤ ਕਰਦੇ। ਪਰ ਉਹ ਅੱਗੋਂ ਕਹਿੰਦੀ, "ਮੈਂ ਹੱਥ ਜੋੜ ਕੇ ਪ੍ਰਾਰਥਨਾ ਕਰਦੀ ਹਾਂ ਕਿ ਆਪ ਮੈਨੂੰ ਸਗੋਂ ਅਸ਼ੀਰਵਾਦ ਦੇਵੋ ਤੇ ਮੈਨੂੰ ਆਪ ਦਾ ਅਸ਼ੀਰਵਾਦ ਚਾਹੀਦਾ ਹੈ।" ਜੋਤਿਬਾ ਤੇ ਸਵਿਤਰੀ ਬਾਈ ਫੂਲੇ ਨੇ ਬਾਲ ਵਿਆਹ, ਸਤੀ ਪ੍ਰਥਾ ਤੇ ਪਰਦਾ ਪ੍ਰਥਾ ਦਾ ਡਟ ਕੇ ਵਿਰੋਧ ਕੀਤਾ। ਉਨਾਂ ਸਤਿਆ ਸੋਧਕ ਸਮਾਜ ਦੀ ਸਥਾਪਨਾ ਕੀਤੀ ਤੇ 20 ਦੇ ਕਰੀਬ ਸਕੂਲ ਪੂਨੇ ਤੇ ਆਸ ਪਾਸ ਦੇ ਪਿੰਡਾਂ ਵਿੱਚ ਖੋਲੇ। ਅੰਗਰੇਜ਼ ਸਰਕਾਰ ਵੱਲੋਂ ਭਾਰਤ ਵਿੱਚ ਜਿਹੜੀ ਸਿੱਖਿਆ ਪ੍ਰਣਾਲੀ ਲਾਗੂ ਕੀਤੀ ਗਈ ਸੀ, ਉਹ ਸਿਰਫ ਕਲਰਕ ਪੈਦਾ ਕਰਨ ਵਾਲੀ ਸੀ। ਉਸਨੇ ਪ੍ਰਾਇਮਰੀ ਪੱਧਰ ਤੇ ਵਿਗਿਆਨ ਸਿੱਖਿਆ ਸ਼ਾਮਲ ਕਰਨ ਤੇ ਜੋਰ ਦਿਤਾ। 1890 ਵਿੱਚ ਪਤੀ ਦੀ ਮੌਤ ਤੋਂ ਬਾਅਦ ਉਸਨੇ ਉਹਨਾਂ ਦੇ ਸੁਪਨਿਆਂ ਨੂੰ ਪੂਰੇ ਕਰਨ ਦਾ ਸੰਕਲਪ ਲਿਆ।ਉਸਨੇ ਬਾਲ ਵਿਆਹ, ਛੂਆ-ਛਾਤ, ਜਾਤ-ਪਤ ਅਤੇ ਵਿਧਵਾ ਵਿਆਹ ਵਰਗੀਆਂ ਕੁਰੀਤੀਆਂ ਖਿਲਾਫ ਸੰਘਰਸ਼ ਕੀਤਾ। ਬੇਸ਼ਕ ਅੱਜ ਤੱਕ ਸਿੱਖਿਆ ਦਾ ਵਿਸਥਾਰ ਬਹੁਤ ਹੋਇਆ ਹੈ ਫਿਰ ਵੀ ਲੱਖਾਂ ਬੱਚੇ ਪੜਾਈ ਮਹਿੰਗੀ ਤੇ ਘਰੇਲੂ ਆਰਥਿਕ ਮੁਸ਼ਕਲਾਂ ਕਾਰਨ ਅੱਧਵਾਟੇ ਛੱਡ ਸਕੂਲ ਜਾਂਦੇ ਹਨ। ਸਕੂਲਾਂ ਦਾ ਨਿੱਜੀਕਰਨ ਹੋਣ ਕਾਰਨ ਸਰਕਾਰੀ ਸਕੂਲਾਂ ਦੀ ਗਿਣਤੀ ਘੱਟ ਰਹੀ ਹੈ। ਪ੍ਰਾਈਵੇਟ ਸਕੂਲ ਮਹਿੰਗੇ ਹਨ ਜਦ ਕਿ ਸਰਕਾਰੀ ਸਕੂਲਾਂ ਵਿੱਚ ਅਧਿਆਪਕ ਘੱਟ ਹੋਣ ਕਾਰਨ ਬੱਚਿਆਂ ਨੂੰ ਪਾਸ ਹੋਣ ਵਾਸਤੇ ਨਕਲ ਮਾਰਨ ਲਈ ਮਜਬੂਰ ਹੋਣਾ ਪੈਂਦਾ ਹੈ।

ਨਕਲ ਮਾਰਕੇ ਪਾਸ ਹੋਏ ਬੱਚੇ ਅੱਗੇ ਜਾ ਕੇ ਕਾਮਯਾਬ ਨਹੀਂ ਹੁੰਦੇ, ਬਾਹਰਲੇ ਦੇਸ਼ਾਂ ਨੇ ਵੀ ਪੰਜਾਬ ਸਕੂਲ ਸਿਖਿਆ ਬੋਰਡ ਦੀ ਪਲਸ ਟੂ ਪਾਸ ਨੂੰ ਮਾਨਤਾ ਦੇਣ ਤੋ ਇਨਕਾਰ ਕਰ ਦਿਤਾ ਹੈ, ਜਿਆਦਾ ਸਕੂਲਾਂ ਦੀ ਪੜਾਈ ਸਿਲੇਬਸ ਪੂਰਾ ਕਰਨ ਤੱਕ ਹੀ ਸੀਮਤ ਹੈ, ਉਨਾਂ ਨੂੰ ਸਮਾਜ ਦੇ ਚੰਗੇ ਇਨਸਾਨ ਬਣਨ ਲਈ ਜਿੰਦਗੀ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਤੇ ਲੋਕਾਂ ਨਾਲ ਕਿਸਤਰਾਂ ਵਿਚਰਨ ਬਾਰੇ ਨਹੀਂ ਦੱਸਿਆ ਜਾਂਦਾ। ਸਵਿਤਰੀ ਬਾਈ ਫੂਲੇ ਪੜਾਈ ਦੇ ਨਾਲ ਨਾਲ ਅੰਧਵਿਸਵਾਸ ਖਿਲਾਫ ਵੀ ਬੱਚਿਆਂ ਨੂੰ ਜਾਗਰਿਤ ਕਰਦੀ ਰਹੀ। ਉਸਨੇ 18 ਸਕੂਲ ਖੋਲੇ। 1897 ਵਿੱਚ ਜਦੋਂ ਮਹਾਂਰਾਸ਼ਟਰ ਵਿੱਚ ਪਲੇਗ ਦੀ ਬਿਮਾਰੀ ਫੈਲ ਗਈ ਤੇ ਉਸਨੇ ਆਪਣੇ ਬੇਟੇ ਯਸਵੰਤ ਨਾਲ ਰਲ ਕੇ ਹਸਪਤਾਲ ਖੋਲਿਆ। ਖੁਦ ਉਹ ਬਿਮਾਰ ਬੱਚਿਆਂ ਦਾ ਇਲਾਜ ਕਰਦੀ ਤੇ ਹਸਪਤਾਲ ਪਹੁੰਚਾਉਦੀ। ਛੂਤ ਦੀ ਨਾਮੁਰਾਦ ਪਲੇਗ ਬਿਮਾਰੀ ਕਾਰਨ ਸਵਿਤਰੀ ਬਾਈ ਫੂਲੇ 10-3-1897 ਨੂੰ ਸਦਾ ਲਈ ਅਲਵਿਦਾ ਕਹਿ ਗਈ।

**– ਲੇਖ ਰਾਜ ਨਈਅਰ**

# 'ਸਤ ਰੋਜ਼ਾ ਨੈਸ਼ਨਲ ਥੇਟਰ ਫੈਸਟੀਵਲ' ਥੇਟਰ ਵਿਰਾਸਤ ਦਾ ਪਹਿਰੇਦਾਰ ਬਣਿਆ



ਉਜਾਗਰ ਸਿੰਘ
91-94178 13072

ਪਟਿਆਲਾ ਸਭਿਆਚਾਰਿਕ, ਵਿਦਿਅਕ, ਸਮਾਜਿਕ ਤੇ ਸਪੋਰਟਸ ਦੇ ਖੇਤਰ ਵਿੱਚ ਸਰਗਰਮੀਆਂ ਦਾ ਕੇਂਦਰ ਰਿਹਾ ਹੈ। ਨਾਟਕ ਦੇ ਖੇਤਰ ਵਿੱਚ ਹਰਪਾਲ ਟਿਵਾਣਾ, ਰਾਜ ਬੱਬਰ ਅਤੇ ਨਿਰਮਲ ਰਿਸ਼ੀ ਪਟਿਆਲਾ ਦੀ ਸ਼ਾਨ ਰਹੇ ਹਨ। ਨਾਟਕ ਲੇਖਕਾਂ ਵਿੱਚ ਡਾ.ਹਰਚਰਨ ਸਿੰਘ ਤੇ ਸੁਰਜੀਤ ਸਿੰਘ ਸੇਠੀ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ। ਥੇਟਰ ਫਿਲਮ ਕਲਾਕਾਰਾਂ ਲਈ ਟ੍ਰੇਨਿੰਗ ਸੈਂਟਰ ਹੁੰਦਾ ਹੈ। ਹਰਪਾਲ ਟਿਵਾਣਾ, ਰਾਜ ਬੱਬਰ, ਨਿਰਮਲ ਰਿਸ਼ੀ ਅਤੇ ਸੁਨੀਤਾ ਧੀਰ ਥੇਟਰ ਨੇ ਪੰਜਾਬੀ ਫਿਲਮਾ ਵਿੱਚ ਨਾਮ ਕਮਾਇਆ ਹੈ। ਹਰਪਾਲ ਟਿਵਾਣਾ ਤੋਂ ਬਾਅਦ ਪਟਿਆਲਾ ਵਿੱਚ ਨਾਟਕ ਖੇਡਣ ਦੀ ਪ੍ਰਵਿਰਤੀ ਨੂੰ ਲਗਾਤਾਰ ਚਾਲੂ ਰੱਖਣ ਵਿੱਚ ਪਰਮਿੰਦਰ ਪਾਲ ਕੌਰ ਦਾ ਯੋਗਦਾਨ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਹੋਰ ਵੀ ਬਹੁਤ ਸਾਰੇ ਨਵੇਂ ਉਭਰ ਰਹੇ ਨਾਟਕਕਾਰ ਵਧੀਆ ਕਾਰਜ ਕਰ ਰਹੇ ਹਨ। ਪਰਮਿੰਦਰ ਪਾਲ ਕੌਰ ਨੇ ਫਿਲਮਾ ਵਿੱਚ ਵੀ ਅਦਾਕਾਰੀ ਕੀਤੀ ਹੈ ਪ੍ਰੰਤੂ ਪਿਛਲੇ 40 ਸਾਲ ਤੋਂ ਪਟਿਆਲਾ ਹੀ ਨਹੀਂ ਸਗੋਂ ਸਮੁੱਚੇ ਦੇਸ਼ ਵਿੱਚ ਲਗਾਤਾਰ ਨਾਟਕ ਦੀ ਪਰੰਪਰਾ ਨੂੰ ਬਰਕਰਾਰ ਰੱਖ ਰਹੇ ਹਨ। ਪਰਮਿੰਦਰ ਪਾਲ ਕੌਰ ਡਾਇਰੈਕਟਰ ਕਲਾਕ੍ਰਿਤੀ ਪਟਿਆਲਾ ਵਿਖੇ ਲੰਬੇ ਸਮੇਂ ਤੋਂ ਹਰ ਸਾਲ 'ਨੈਸ਼ਨਲ ਥੇਟਰ ਫੈਸਟੀਵਲ' ਕਰਵਾਉਂਦੇ ਆ ਰਹੇ ਹਨ। ਕਲਾਕ੍ਰਿਤੀ ਸੰਸਥਾ ਦੇ ਉਦਮ ਸਦਕਾ ਇਸ ਸਾਲ ਵੀ 7 ਨਵੰਬਰ ਤੋਂ 13 ਨਵੰਬਰ ਤੱਕ 'ਸਰਬਤ ਦਾ ਭਲਾ ਟਰੱਸਟ' ਅਤੇ 'ਨਾਰਥ ਜੋਨ ਕਲਚਰ ਸੈਂਟਰ ਪਟਿਆਲਾ' ਦੇ ਸਹਿਯੋਗ ਨਾਲ ਪਟਿਆਲਾ ਵਿਖੇ ਸੱਤ ਰੋਜ਼ਾ 'ਪ੍ਰੀਤਮ ਸਿੰਘ ਓਬਰਾਏ ਯਾਦਗਾਰੀ ਨੈਸ਼ਨਲ ਥੀਏਟਰ ਫ਼ੈਸਟੀਵਲ' ਆਯੋਜਤ ਕੀਤਾ ਗਿਆ। ਇਸ ਥੇਟਰ ਫ਼ੈਸਟੀਵਲ ਵਿੱਚ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ 125 ਕਲਾਕਾਰਾਂ ਨੇ ਨਾਟਕਾਂ ਵਿੱਚ ਹਿੱਸਾ ਲਿਆ ਅਤੇ ਬਿਹਤਰੀਨ ਅਦ-ਾਕਾਰੀ ਦੇ ਰੰਗ ਖਿਲਾਰੇ। ਇਸ ਫੈਸਟੀਵਲ ਵਿੱਚ ਸੱਤ ਨਾਟਕ ਰੱਬ ਦੀ ਬੁਕਲ, ਬੁੱਢਾ ਮਰ ਗਿਆ, ਇੱਕ ਰਾਗ ਦੋ ਸਵਰ, ਕੋਸ਼ਿਸ਼, ਪੁਕਾਰ, ਮਹਾਂਰਥੀ ਅਤੇ ਟੈਕਸ ਫ੍ਰੀ ਅਤੇ ਦੋ ਨ੍ਰਿਤ ਇੱਕ ਅਰਸ਼ਦੀਪ ਕੌਰ ਭੱਟੀ ਦਾ ਕਥਕ ਡਾਂਸ ਅਤੇ ਦੂਜਾ ਪੱਛਵੀਂ ਬੰਗਾਲ ਕਲਾਕਾਰਾਂ ਵੱਲੋਂ ਪੇਸ਼ ਕੀਤਾ ਗਿਆ। ਕਲਾਕਾਰਾਂ ਨੇ ਆਪੋ ਆਪਣੇ ਰਾਜ ਦੇ ਸਭਿਅਚਾਰ ਦੀਆਂ ਰੰਗ ਬਰੰਗੀਆਂ ਵੰਨਗੀਆਂ ਰਾਹੀਂ ਸਮਾਜਿਕ ਸਰੋਕਾਰਾਂ ਦੀ ਪ੍ਰਤੀਨਿਧਤਾ ਕਰਦਿਆਂ ਬਾ ਕਮਾਲ ਪੇਸ਼ਕਾਰੀ ਕੀਤੀ ਗਈ। ਇਨ੍ਹਾਂ ਨਾਟਕਾਂ ਦੇ ਕਲਾਕਾਰਾਂ ਦੀ ਅਦਾਕਾਰੀ ਦੀਆਂ ਕਲਾਤਮਿਕ ਛੋਹਾਂ ਦੀ ਮਹਿਕ ਨਾਲ ਪਟਿਆਲਵੀ ਅਸ਼ ਅਸ਼ ਕਰ ਉਠੇ। ਕਲਾਕਾਰਾਂ ਦੀ ਕਲਾ ਦੀ ਖ਼ੁਸਬੂ ਨੇ ਪਟਿਆਲਾ ਦਾ ਵਾਤਵਰਨ ਮਹਿਕਣ ਲਾ ਦਿੱਤਾ। ਇਸ ਫ਼ੈਸਟੀਵਲ ਦੇ ਉਦਘਾਟਨੀ ਸਮਾਗਮ ਦੀ ਸ਼ੁਰੂਆਤ ਨੈਸ਼ਨਲ ਅਵਾਰਡੀ ਅਰਸ਼ਦੀਪ ਕੌਰ ਭੱਟੀ ਡਾਂਸਰ ਨੇ ਕਥਕ ਡਾਂਸ ਦੀ ਬਾਕਮਾਲ ਪੇਸ਼ਕਾਰੀ ਕੀਤੀ, ਜਿਸਨੇ ਦਰਸ਼ਕਾਂ ਦੇ ਦਿਲ ਜਿੱਤ ਲਏ। ਸਮਾਪਤੀ ਸਮਾਰੋਹ ਵਿੱਚ ਸਫਿਨਿਕਸ ਡਾਂਸ ਕ੍ਰਿਏਸ਼ਨ ਗਰੁਪ ਕਲਕੱਤਾ ਨੇ ਅਰੁਨਵ ਬਰਮਨ ਦੀ ਨਿਰਦੇਸ਼ਨਾ ਹੇਠ 'ਤੇਜਾ ਤੁਰੀਆ' ਡਾਂਸ ਦੀ ਪੇਸ਼ਕਾਰੀ ਕੀਤੀ ਗਈ। ਇਸ ਡਾਂਸ ਦੀ ਪੇਸ਼ਕਾਰੀ ਮਹਾਂਭਾਰਤ ਦੀਆਂ ਇਸਤਰੀਆਂ ਗੰਧਾਰੀ, ਸਿਖੰਡੀ, ਦਰੋਪਦੀ, ਹਿਡਿੰਬਾ ਅਤੇ ਚਿਤਰਾਂਗਦਾ ਵਰਗੀਆਂ ਇਸਤਰੀ ਪਾਤਰਾਂ ਦੇ ਰੂਪ ਵਿੱਚ ਸਾਸਵਤਾ ਇਸ਼ਾਨੀ, ਸੁਭਾਰਸੀ, ਸ੍ਰੀਲੇਖਾ ਅਤੇ ਇੰਦਰਜੀਤ ਨੇ ਨਿਭਾਈ, ਜਿਸਨੇ ਦਰਸ਼ਕਾਂ ਨੂੰ ਮੰਤਰ ਮੁਗਧ ਕਰ ਦਿੱਤਾ। ਆਪਣੀ ਪ੍ਰਤਿਭਾ ਦੇ ਰੰਗ ਬਖੇਰਦਿਆਂ ਦਰਸ਼ਕਾਂ ਨੂੰ ਮੋਹ ਲਿਆ।



ਪ੍ਰਸਿੱਧ ਕਹਾਣੀਕਾਰ ਵੀਨਾ ਵਰਮਾ ਦੀ ਕਹਾਣੀ 'ਰੱਬ ਦੀ ਰਜਾਈ' 'ਤੇ ਅਧਾਰਤ ਵਿਨੋਦ ਕੌਸ਼ਲ ਦਾ ਨਿਰਦੇਸ਼ਤ ਕੀਤਾ ਨਾਟਕ ਆਰਟੀਫੈਕਟ ਗਰੁੱਪ ਨੇ ਖੇਡਿਆ। ਇਸ ਸੋਲੋ ਨਾਟਕ ਵਿੱਚ ਕਲਾਕ੍ਰਿਤੀ ਦੀ ਡਾਇਰੈਕਟਰ ਪ੍ਰਮਿੰਦਰ ਪਾਲ ਕੌਰ ਦੀ ਅਦਾਕਾਰੀ ਨੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ। ਨਾਟਕ ਵਿੱਚ ਇੱਕ ਔਰਤ ਨੂੰ ਉਸਦਾ ਪਤੀ ਛੱਡਕੇ ਪਰਵਾਸ ਵਿੱਚ ਚਲਾ ਜਾਂਦਾ ਹੈ। ਇਸ ਤ੍ਰਾਸਦੀ ਵਿੱਚ ਉਸ ਔਰਤ ਦਾ ਰੋਲ ਪਰਮਿੰਦਰ ਪਾਲ ਕੌਰ ਨੇ ਕੀਤਾ, ਪਰਮਿੰਦਰ ਪਾਲ ਕੌਰ ਦੀ ਭਾਵਕਤਾ ਵਾਲੀ ਅਦਾਕਾਰੀ ਨੇ ਪੰਜਾਬ ਦੀਆਂ ਉਨ੍ਹਾਂ ਔਰਤਾਂ ਦੀ ਦ੍ਰਿਸ਼ਟਾਂਤਿਕ ਰੂਪ ਵਿੱਚ ਤਸਵੀਰ ਖਿਚ ਕੇ ਰੱਖ ਦਿੱਤੀ, ਜਿਹੜੀਆਂ ਪਤੀਆਂ ਦੇ ਪਰਵਾਸ ਵਿੱਚ ਜਾਣ ਤੋਂ ਬਾਅਦ ਜ਼ਿੰਦਗੀ ਜਿਓਣ ਲਈ ਜਦੋਜਹਿਦ ਕਰਦੀਆਂ ਬੱਚਿਆਂ ਨੂੰ ਪਾਲਦੀਆਂ ਹਨ। ਇਹ ਸੰਤਾਪ ਪੰਜਾਬ ਵਿੱਚ ਭਾਰੂ ਪੈ ਰਿਹਾ ਹੈ। ਦਰਸ਼ਕ ਪਿੰਨ ਡਰਾਪ ਸਾਈਲੈਂਸ ਨਾਲ ਪਰਮਿੰਦਰ ਪਾਲ ਕੌਰ ਦੀ ਪੇਸ਼ਕਾਰੀ ਦਾ ਆਨੰਦ ਮਾਣਦੇ ਰਹੇ। 'ਮੰਚ ਆਪ ਸਭ ਕਾ' ਨਵੀਂ ਦਿੱਲੀ ਵੱਲੋਂ 'ਬੁੱਢਾ ਮਰ ਗਿਆ' ਕਾਮੇਡੀ ਪਲੇਅ ਖੇਡਿਆ ਗਿਆ, ਜਿਸ ਵਿੱਚ ਇੱਕ ਬਾਗ ਦੇ ਮਾਲਕ ਛਕੋਰੀ ਨੇ ਮਰਨ ਤੋਂ ਬਾਅਦ ਵੀ ਆਪਣੇ ਬਾਗ ਦਾ ਮੋਹ ਨਹੀਂ ਛੱਡਿਆ 30 ਸਾਲ ਭੂਤ ਬਣਕੇ ਬਾਗ ਦੇ ਦਰੱਖਤਾਂ 'ਤੇ ਘੁੰਮਦਾ ਰਿਹਾ। ਇੱਕ ਬੁੱਢਾ ਆਦਮੀ ਬਾਗ ਦੀ ਰਾਖੀ ਕਰਦਾ ਹੈ, ਉਸਦਾ ਪੋਤਾ ਤੇ ਆਪਣੀ ਪਤਨੀ ਨਾਲ ਉਸ ਕੋਲ ਰਹਿੰਦੇ ਹਨ, ਉਹ ਦੋਵੇਂ ਦਾਦਾ ਨੂੰ ਲੰਬੇ ਸਮੇਂ ਤੱਕ ਜਿੰਦਾ ਰੱਖਣ ਲਈ ਰਣਨੀਤੀ ਬਣਾਉਂਦੇ ਹਨ ਤਾਂ ਜੋ ਬਾਗ ਦਾ ਖੇਤ ਉਨ੍ਹਾਂ ਕੋਲ ਰਹੇ। ਇਸ ਨਾਟਕ ਦੇ ਨਿਰਦੇਸ਼ਕ ਦਿਨੇਸ਼ ਅਹਲਾਵਤ ਅਤੇ ਲੇਖਕ ਮਨੋਜ ਮਿੱਤਰਾ ਹਨ। ਅਦਾਕਾਰਾਂ ਦੀ ਕਲਾਕਾਰੀ ਨੇ ਦਰਸ਼ਕਾਂ ਨੂੰ ਮੋਹ ਲਿਆ। ਇਹ ਨਾਟਕ ਮਾਨਵਤਾ ਦੀ ਲਾਲਚੀ ਪ੍ਰਵਿਰਤੀ ਦਾ ਪ੍ਰਗਟਾਵਾ ਕਰਦਾ ਹੈ। 'ਏਕ ਰਾਗ ਦੋ ਸਵਰ' ਦੇਸ ਰਾਜ ਮੀਨਾਂ ਦੀ ਨਿਰਦੇਸ਼ਨਾ ਵਿੱਚ ਖੇਡਿਆ ਗਿਆ। ਇਸ ਨਾਟਕ ਵਿੱਚ ਇੱਕ ਪਤੀ ਪਤਨੀ ਘਰੇਲੂ ਜ਼ਿੰਦਗੀ ਵਿੱਚ ਕਲੇਸ਼ ਰੱਖਦੇ ਸਨ। ਉਨ੍ਹਾਂ ਨੂੰ ਸਿੱਧੇ ਰਸਤੇ 'ਤੇ ਪਾਉਣ ਲਈ ਇੱਕ ਦੋਸਤ ਦੀ ਤਰਕੀਬ ਦੋਹਾਂ ਨੂੰ ਇੱਕ ਦੂਜੇ ਦੇ ਨੇੜੇ ਲੈ ਆਈ, ਜਿਸ ਕਰਕੇ ਉਸ ਪਰਿਵਾਰ ਦਾ ਭਵਿਖ ਸ਼ਾਂਤਮਈ 'ਤੇ ਸੁਨਹਿਰਾ ਹੋ ਗਿਆ। ਪਤੀ ਤੇ ਪਤਨੀ ਇਕ ਕਾਰ ਦੇ ਦੋ ਪਹੀਏ ਹੁੰਦੇ ਹਨ, ਜੇਕਰ ਇੱਕ ਖ਼ਰਾਬ ਹੋ ਜਾਵੇ ਤਾਂ ਪਰਿਵਰਿਕ ਕਾਰ ਚਲਦੀ ਨਹੀਂ ਰਹਿ ਸਕਦੀ। ਇਹ ਨਾਟਕ ਪਤੀ ਪਤਨੀ ਨੂੰ ਪਿਆਰ ਨਾਲ ਰਹਿਣ ਦੀ ਪ੍ਰੇਰਨਾ ਦੇ ਗਿਆ। ਇਸ ਪਰਿਵਾਰਿਕ ਨਾਟਕ ਦਾ ਦਰਸ਼ਕਾਂ ਨੇ ਖ਼ੂਬ ਆਨੰਦ ਮਾਣਿਆਂ। 'ਕੋਸ਼ਿਸ਼' ਨਾਟਕ ਸੰਦੀਪ ਮੋਰੇ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ। ਇਸ ਨਾਟਕ ਰਾਹੀਂ ਜ਼ਿੰਦਗੀ ਵਿੱਚ ਰੋਜ਼ਾਨਾਂ ਦੀ ਨੱਠ ਭੱਜ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਗਿਆ। ਨਾਟਕ ਵਿੱਚ ਅਦਾਕਾਰਾਂ ਦੀ ਕਲਾਕਾਰੀ ਨੇ ਇਹ ਸਾਬਤ ਕਰ ਦਿੱਤਾ ਕਿ ਜ਼ਿੰਦਗੀ ਦੀ ਸਫ਼ਲਤਾ ਲਈ ਕੋਸ਼ਿਸ਼ ਹੀ ਇੱਕੋ ਇੱਕ ਰਾਹ ਹੈ। ਸੰਦੀਪ ਮੋਰੇ, ਨਦੀਤਾ ਬਸਨੀਕ ਅਤੇ ਨਿਸ਼ਾ ਖ਼ੁਰਾਨਾ ਦੀ ਅਦਾਕਾਰੀ ਨੇ ਦਰਸ਼ਕਾਂ ਨੂੰ ਆਪਣੇ ਨਾਲ ਜੋੜ ਕੇ ਰੱਖਿਆ। ਬਲਾਤਕਾਰ ਪੀੜਤਾਂ ਦੀ ਜ਼ਿੰਦਗੀ ਬਾਰੇ ਡਾ. ਵਿਕਾਸ ਕਪੂਰ ਦੀ ਨਿਰਦੇਸ਼ਨਾ ਹੇਠ ਦਿਲ ਨੂੰ ਛੂਹਣ ਵਾਲਾ 'ਪੁਕਾਰ' ਨਾਟਕ ਖੇਡਿਆ ਗਿਆ। ਇਹ ਨਾਟਕ ਬਹੁਤ ਹੀ ਸੰਵੇਦਨਸ਼ੀਲ ਹੋਣ ਕਰਕੇ ਦਰਸ਼ਕਾਂ ਨੂੰ ਭਾਵਕ ਕਰ ਗਿਆ। ਨਾਟਕ ਦੀ ਪੇਸ਼ਕਾਰੀ ਇਤਨੀ ਬਾਕਮਾਲ ਸੀ ਕਿ ਦਰਸ਼ਕ ਪੂਰਾ ਸਮਾਂ ਇੱਕਚਿਤ ਹੋ ਕੇ ਨਾਟਕ ਵੇਖਦੇ ਰਹੇ ਤੇ ਕੋਈ ਦਰਸ਼ਕ ਆਪਣੀ ਸੀਟ ਤੋਂ ਹਿਲਿਆ ਨਹੀਂ। ਨਾਟਕ ਨੇ ਦਰਸ਼ਕਾਂ 'ਤੇ ਇਹ ਪ੍ਰਭਾਵ ਦਿੱਤਾ ਕਿ ਸਮਾਜ ਬਲਾਤਕਾਰ ਪੀੜਤਾਂ ਨੂੰ ਕਟਹਿਰੇ ਵਿੱਚ ਕਿਉਂ ਖੜ੍ਹਾ ਕਰਦਾ ਹੈ ਤੇ ਮਰਦ ਹੈਵਾਨੀਅਤ ਵਾਲਾ ਵਿਵਹਾਰ ਕਿਉਂ ਕਰਦੇ ਹਨ? ਡਾ.ਨੀਤੂ ਪਰਿਹਾਰ, ਅਸ਼ਿਮ ਸ੍ਰੀਮਾਲੀ, ਨੇਹਾ ਮਹਿਤਾ, ਅੰਤਿਮਾ ਵਿਆਸ, ਖ਼ੁਸ਼ੀ ਵਿਆਸ, ਇਸ਼ਿਤਾ ਧਾਰੀਵਾਲ, ਪਵਨ ਪਰਿਹਾਰ, ਭਰਤ ਮੇਵਾੜਾ, ਗੌਰਵ ਅਤੇ ਇੰਦਰਜੀਤ ਸਿੰਘ ਗੌੜ ਦੀ ਅਦਾਕਾਰੀ ਨੇ ਦਰਸ਼ਕਾਂ ਨੂੰ ਕੀਲ ਕੇ ਰੱਖਿਆ। ਨੈਸ਼ਨਲ ਥੇਟਰ ਫੈਸਟੀਵਲ ਦੇ ਛੇਵੇਂ ਦਿਨ ਅਭਿਸ਼ੇਕ ਮੋਦਗਿਲ ਦੁਆਰਾ ਨਿਰਦੇਸ਼ਤ ਕੀਤਾ ਨਾਟਕ 'ਮਹਾਂਰਥੀ' ਖੇਡਿਆ ਗਿਆ। ਇਹ ਨਾਟਕ ਮਹਾਂ ਭਾਰਤ ਦੀ ਵਿਥਿਆ 'ਤੇ ਅਧਾਰਤ ਹੈ। ਇਸ ਨਾਟਕ ਨੇ ਵੀ ਦਰਸ਼ਕਾਂ ਦ ਮਨ ਮੋਹ ਲਏ। ਦਿਵਿਆਂਸ਼ ਸ਼ਿਵਨਾਨੀ, ਦੇਵੇਂਦਰ ਸਵਾਮੀ, ਸਧਾਂਸ਼ੂ ਸ਼ੁਕਲਾ, ਵਿਵੇਕ ਜਾਖੜ, ਰਿਤਿਕਾ, ਯਸ਼ਵਿਨੀ, ਰੋਸ਼ਿਕ, ਨਿਸ਼ਾਂਤ, ਮੋਹਿਤ ਤੇ ਸ਼ਵੇਤਾ ਚੌਲਾਗਾਈ ਨੇ ਸ਼ਾਨਦਾਰ ਅਦਾਕਾਰੀ ਕਰਕੇ ਦਰਸ਼ਕਾਂ ਵੀ ਵਾਹਵਾ ਖੱਟੀ। ਡਰਾਮਾਟਰਜੀ ਆਰਟਸ ਐਂਡ ਕਲਚਰ ਸੋਸਾਇਟੀ ਦਿੱਲੀ ਦੇ ਕਲਾਕਾਰਾਂ ਵੱਲੋਂ 'ਟੈਕਸ ਫ੍ਰੀ' ਨਾਟਕ ਪੇਸ਼ ਕੀਤਾ ਗਿਆ, ਜਿਸਦੀ ਨਿਰਦੇਸ਼ਨਾ ਸੁਨੀਲ ਚੌਹਾਨ ਨੇ ਕੀਤੀ। ਇਹ ਨਾਟਕ ਚਾਰ ਅੰਨ੍ਹੇ ਨੌਜਵਾਨਾਂ ਦੀ ਜ਼ਿੰਦਗੀ ਦੀ ਜਦੋਜਹਿਦ 'ਤੇ ਅਧਾਰਤ ਸੀ, ਜਿਸ ਰਾਹੀਂ ਦਰਸਾਇਆ ਗਿਆ ਕਿ ਜ਼ਿੰਦਗੀ ਨੂੰ ਖੁਲ੍ਹ ਕੇ ਜੀਣਾ ਹੀ ਅਸਲ ਜ਼ਿੰਦਗੀ ਹੈ। ਇਸ ਨਾਟਕ ਤੋਂ ਪ੍ਰੇਰਨਾ ਮਿਲਦੀ ਹੈ ਕਿ ਜਦੋਂ ਅੰਨ੍ਹੇ ਵਿਅਕਤੀ ਬਾਖ਼ੂਬੀ ਜ਼ਿੰਦਗੀ ਜੀਅ ਸਕਦੇ ਹਨ ਤਾਂ ਹਰ ਇਨਸਾਨ ਨੂੰ ਆਪਣੀ ਜ਼ਿੰਦਗੀ ਦੇ ਸੁਨਹਿਰੀ ਪਲਾਂ ਨੂੰ ਹਰ ਔਖਿਆਈ ਦਾ ਮੁਕਾਬਲਾ ਕਰਦਿਆਂ ਜਿਉਣਾ ਚਾਹੀਦਾ। ਅਕਰਮ ਖ਼ਾਨ, ਕੁਸ਼ਲ ਦੇਵਗਨ, ਸੁਜਲ ਕੁਮਾਰ, ਪ੍ਰਦੀਪ ਕੁਮਾਰ ਅਤੇ ਰਾਘਵ ਸ਼ੁਕਲਾ ਨੇ ਅੰਨ੍ਹੇ ਕਲਾਕਾਰਾਂ ਦੀ ਭੂਮਿਕਾ ਖ਼ੂਬਸੂਰਤੀ ਨਾਲ ਨਿਭਾਈ। ਐਸ.ਪੀ.ਸਿੰਘ ਓਬਰਾਏ ਮੈਨੇਜਿੰਗ ਡਾਇਰੈਕਟਰ ਸਰਬੱਤ ਦਾ ਭਲਾ ਟਰੱਸਟ, ਗੁਰਜੀਤ ਸਿੰਘ ਓਬਰਾਏ, ਜੱਸਾ ਸਿੰਘ ਸੰਧੂ, ਡਾ.ਰਾਜ ਬਹਾਦਰ, ਜਸਟਿਸ ਐਮ.ਐਮ.ਐਸ.ਬੇਦੀ, ਡਾ.ਧਰਮਵੀਰ ਗਾਂਧੀ, ਮਨਜੀਤ ਸਿੰਘ ਨਾਰੰਗ, ਅਵਤਾਰ ਸਿੰਘ ਅਰੋੜਾ, ਪਰਮਿੰਦਰਪਾਲ ਕੌਰ, ਸੁਨੀਤਾ ਧੀਰ, ਡਾ.ਮਨਮੋਹਨ ਸਿੰਘ ਕਾਰਡੀਆਲੋਜਿਸਟ, ਡਾ.ਸਰਬਜਿੰਦਰ ਸਿੰਘ, ਰਾਵਿੰਦਰ ਸ਼ਰਮਾ, ਭੁਪਿੰਦਰ ਸਿੰਘ ਸੋਫ਼ਤ, ਦੀਪਕ ਕੰਪਾਨੀ ਤੇ ਅਕਸ਼ਯ ਗੋਪਾਲ, ਮਨਦੀਪ ਸਿੰਘ ਸਿੱਧੂ ਡੀ.ਆਈ.ਜੀ , ਪਦਮ ਸ਼੍ਰੀ ਪਰਾਣ ਸਭਰਵਾਲ ਅਤੇ ਡਾ.ਸਵਰਾਜ ਸਿੰਘ ਨੇ ਕਲਾਕਾਰਾਂ ਦੀ ਅਦਾਕਾਰੀ ਦਾ ਆਨੰਦ ਮਾਣਿਆਂ। ਮੰਜੂ ਮਿੱਢਾ ਅਰੋੜਾ ਨੇ ਸਾਰੇ ਸਮਾਗਮਾਂ ਦੀ ਬਾਕਮਾਲ ਐਂਕਰਿੰਗ ਕੀਤੀ। ਇਸ ਨੈਸ਼ਨਲ ਥੇਟਰ ਫ਼ੈਸਵੀਵਲ ਦੀ ਸਫ਼ਲਤਾ ਦਾ ਸਿਹਰਾ ਪ੍ਰਮਿੰਦਰ ਪਾਲ ਕੌਰ ਅਤੇ ਉਸਦੀ ਕਲਾਕ੍ਰਿਤੀ ਦੀ ਟੀਮ ਅਤੇ ਜੱਸਾ ਸਿੰਘ ਸੰਧੂ ਤੇ ਉਸਦੀ ਸਰਬੱਤ ਦਾ ਭਲਾ ਦੀ ਟੀਮ ਨੂੰ ਜਾਂਦਾ ਹੈ।



ਖਚਾ ਖਚ ਭਰੇ ਨਾਰਥ ਜੋਨ ਕਲਚਰ ਸੈਂਟਰ ਦੇ ਕਾਲੀਦਾਸ ਆਡੋਟੋਰੀਅਮ ਵਿੱਚ ਪਟਿਆਲਵੀਆਂ ਨੇ ਇੱਕ ਹਫ਼ਤਾ ਨਾਟਕਾਂ ਦਾ ਖ਼ੂਬ ਆਨੰਦ ਮਾਣਿਆਂ ਅਤੇ ਦਰਸ਼ਕਾਂ ਦੀ ਸ਼ਾਬਾਸ਼ ਨੇ ਅਦਾਕਾਰਾਂ ਦਾ ਉਤਸ਼ਾਹ ਵਧਾਇਆ। ਇਹ ਨੈਸ਼ਨਲ ਥੇਟਰ ਫ਼ੈਸਟੀਵਲ ਪਟਿਆਲਵੀਆਂ ਦੀਆਂ ਯਾਦਾਂ ਦਾ ਸਰਮਾਇਆ ਬਣ ਗਿਆ। 2025 ਦੇ ਨੈਸ਼ਨਲ ਥੇਟਰ ਫੈਸਟੀਵਲ ਦੀ ਉਮੀਦ ਨਾਲ ਇਹ ਫੈਸਟੀਵਲ ਸਮਾਪਤ ਹੋਇਆ।

# ਮਾਸਟਰ ਹਾਕੀ ਐਸੋਸੀਏਸ਼ਨ ਨੂੰ ਪ੍ਰਵਾਸੀ ਭਾਰਤੀਆਂ ਵਲੋਂ ਸੁਰਜੀਤ ਸਟੇਡੀਅਮ ਜਲੰਧਰ 'ਚ ਵੰਡੇ ਟ੍ਰੈਕ ਸੂਟ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–** ਮਾਸਟਰ ਹਾਕੀ ਐਸੋਸੀਏਸ਼ਨ ਪੰਜਾਬ ਅਤੇ ਪਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਹਾਲ ਹੀ ਵਿੱਚ ਸੁਰਜੀਤ ਸਟੇਡੀਅਮ ਜਲੰਧਰ ਵਿਖੇ ਸਾਰੇ ਖਿਡਾਰੀਆਂ ਨੂੰ ਟਰੈਕ ਸੂਟ ਤਕਸੀਮ ਕੀਤੇ ਗਏ। ਇਹ ਟਰੈਕ ਸੂਟ ਤਕਸੀਮ ਕਰਨ ਦੀ ਰਸਮ ਮਾਸਟਰ ਹਾਕੀ ਐਸੋਸੀਏਸ਼ਨ ਪੰਜਾਬ ਦੇ ਡਾਇਰੈਕਟਰ ਅਰਜਨ ਐਵਾਰਡੀ ਲੰਪੀਅਨ ਰਜਿੰਦਰ ਸਿੰਘ ਵਲੋਂ ਅਦਾ ਕੀਤੀ ਗਈ। ਉਹਨਾਂ ਨੇ ਇਸ ਮੌਕੇ ਪ੍ਰਵਾਸੀ ਭਾਰਤੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਾਰੇ ਹੀ ਐਨਆਰਆਈ ਵੀਰਾਂ ਦਾ ਐਸੋਸੀਏਸ਼ਨ ਵੱਲੋਂ ਸ਼ੁਕਰਾਨਾ ਕਰਦੇ ਹਨ ਜੋ ਹਮੇਸ਼ਾ ਜੀ ਜਾਨ ਨਾਲ ਦਾਨ ਕਰਕੇ ਸਾਰੇ ਖਿਡਾਰੀਆਂ ਨੂੰ ਹਮੇਸ਼ਾ ਉਤਸ਼ਾਹਤ ਕਰਦੇ ਹਨ। ਪ੍ਰੈਸ ਨੂੰ ਜਾਣਕਾਰੀ ਕਲੱਬ ਦੇ ਅਹੁਦੇਦਾਰ ਮੈਂਬਰ ਕੁਲਵੰਤ ਸਿੰਘ ਚੁੰਬਰ ਯੂਕੇ ਵੱਲੋਂ ਦਿੱਤੀ ਗਈ। ਸਾਰੇ ਹੀ ਖਿਡਾਰੀਆਂ ਅਤੇ ਮਾਸਟਰ ਹਾਕੀ ਐਸੋਸੀਏਸ਼ਨ ਵਲੋਂ ਡਾਇਰੈਕਟਰ ਰਜਿੰਦਰ ਸਿੰਘ ਦਾ ਧੰਨਵਾਦ ਕੀਤਾ ਗਿਆ ਤੇ ਪ੍ਰਵਾਸੀ ਭਾਰਤੀਆਂ ਦੀ ਚੜ੍ਹਦੀ ਕਲਾ ਦੀ ਕਾਮਨਾ ਕੀਤੀ ਗਈ।



# ਸਰਬੰਸ ਦਾਨੀ: ਸ੍ਰੀ ਗੁਰੂ ਗੋਬਿੰਦ ਸਿੰਘ ਜੀ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਿਹਾਰ ਸੂਬੇ ਦੇ ਪ੍ਰਸਿੱਧ ਸ਼ਹਿਰ ਪਟਨਾ ਜਿਸ ਦਾ ਉਸ ਸਮੇਂ ਨਾਂ ਪਾਟਲੀਪੁਤਰ ਸੀ ਵਿੱਚ 22 ਦਸੰਬਰ ਸੰਨ 1666 ਈ। ਪੋਹ ਸੁਦੀ ਸਤਵੀਂ ਵਾਲੇ ਦਿਨ ਅਵਤਾਰ ਧਾਰਿਆ। ਉਨ੍ਹਾਂ ਦੇ ਪਿਤਾ ਨੌਵੇਂ ਗੁਰੂ ਤੇਗ ਬਹਾਦਰ ਜੀ ਸਨ ਅਤੇ ਦਾਦਾ ਛੇਵੇਂ ਗੁਰੂ ਸ੍ਰੀ ਹਰਿ ਗੋਬਿੰਦ ਜੀ ਸਨ। ਮਾਤਾ ਦਾ ਨਾਂ ਮਾਤਾ ਗੁਜਰੀ ਸੀ। ਬਾਲ ਗੁਰੂ ਗੋਬਿੰਦ ਰਾਇ ਪੰਜ ਛੇ ਸਾਲ ਪਟਨਾ ਰਹੇ। ਇੱਥੇ ਇਨ੍ਹਾਂ ਦੇ ਕਈ ਕੌਤਕ ਪ੍ਰਸਿੱਧ ਹਨ। ਇੱਥੇ ਹੀ ਬੰਗਾਲੀ, ਹਿੰਦੀ, ਪੰਜਾਬੀ, ਫਾਰਸੀ, ਸੰਸਕ੍ਰਿਤ, ਬ੍ਰਜੀ ਆਦਿ ਬੋਲੀਆਂ ਸਿਖੀਆਂ।

ਗੁਰੂ ਤੇਗ਼ ਬਹਾਦਰ ਜੀ 1671 ਈ. ਦੇ ਸ਼ੁਰੂ ਵਿੱਚ ਪ੍ਰਵਾਰ ਨੂੰ ਪਟਨਾ ਛੱਡ ਕੇ ਵੈਸਾਖੀ ਦੇ ਕਰੀਬ ਆਨੰਦਪੁਰ (ਮਾਖੋਵਾਲ) ਪੁੱਜ ਗਏ। ਛੇਤੀ ਹੀ ਉਨ੍ਹਾਂ ਪ੍ਰਵਾਰ ਨੂੰ ਵਾਪਸ ਮੰਗਵਾਇਆ। ਇੱਥੇ ਹੀ ਔਰੰਗਜ਼ੇਬ ਤੋਂ ਦੁੱਖੀ ਕਸ਼ਮੀਰੀ ਪੰਡਿਤਾਂ ਦੀ ਵਿੱਥਿਆ ਸੁਣ ਕੇ ਗੁਰੂ ਜੀ 7 ਸਾਲ ਦੇ ਬਾਲਕ ਗੁਰੂ ਗੋਬਿੰਦ ਰਾਇ ਜੀ ਨੂੰ ਗੁਰ-ਗੱਦੀ ਸੌਂਪ ਕੇ ਕੁਝ ਮੁੱਖੀ ਸਿੱਖਾਂ ਸਮੇਤ ਦਿੱਲੀ ਨੂੰ ਰਵਾਨਾ ਹੋਇ। ਡਾ. ਦੀਵਾਨ ਸਿੰਘ ਨੇ ਆਪਣੀ ਪੁਸਤਕ 'ਦਸਮ ਗੁਰੂ ਜੀਵਨ ਤੇ ਸਖ਼ਸ਼ੀਅਤ' ਵਿਚ ਵਿਸਥਾਰ ਨਾਲ ਲਿਖਦੇ ਹੋਏ ਇਹ ਸਮਾਂ 1673 ਈ. ਦਾ ਲਿਖਿਆ ਹੈ। ਦੋ ਕੁ ਸਾਲ ਗੁਰੂ ਜੀ ਨੇ ਪ੍ਰਚਾਰ ਵਿੱਚ ਬਿਤਾਏ ਸਨ ਤਾਂ ਜਦ ਗੁਰੂ ਜੀ ਆਗਰੇ ਠਹਿਰੇ ਹੋਏ ਸਨ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਦਿੱਲੀ ਲਿਆਂਦਾ ਗਿਆ। ਔਰੰਗਜ਼ੇਬ ਦੇ ਹੁਕਮ ਨਾਲ ਉਨ੍ਹਾਂ ਨੂੰ ਅਤੇ ਭਾਈ ਮਤੀਦਾਸ ਜੀ, ਭਾਈ ਦਿਆਲ ਦਾਸ ਜੀ, ਭਾਈ ਸਤੀ ਦਾਸ ਜੀ ਆਦਿ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ।



ਡਾ. ਚਰਨਜੀਤ ਸਿੰਘ ਗੁਮਟਾਲਾ

1675 ਤੋਂ 1688 ਈ. ਦਾ ਸਮਾਂ ਸਿੱਖ ਸ਼ਕਤੀ ਦੇ ਸੰਗਠਨ ਦਾ ਸਮਾਂ ਸੀ। ਸੈਨਿਕ ਅਤੇ ਬੀਰ ਰਸੀ ਜੋਸ਼ ਵਧਾਉਣ ਲਈ ਰਣਜੀਤ ਨਗਾਰਾ ਤਿਆਰ ਕਰਵਾਇਆ ਗਿਆ। ਜਿਸ ਦੀ ਆਵਾਜ਼ ਸਾਰੇ ਪਹਾੜੀ ਰਾਜਾਂ ਵਿੱਚ ਗੂੰਜ ਉਠੀ। ਇੱਕ ਸਿੱਖ ਦੁਨੀ ਚੰਦ ਕਾਬਲ ਤੋਂ ਇੱਕ ਬਹੁਤ ਸੁੰਦਰ ਅਤੇ ਕੀਮਤੀ ਸ਼ਮਿਆਨਾ ਬਣਵਾ ਕੇ ਲਿਆਇਆ ਤੇ ਗੁਰੂ ਜੀ ਨੂੰ ਭੇਟ ਕੀਤਾ, ਜਿਸ ਦੀ ਕੀਮਤ ਢਾਈ ਲੱਖ ਰੁਪਏ ਸੀ। ਆਸਾਮ ਦਾ ਰਾਜਾ ਰਤਨ ਰਾਏ ਬਹੁਤ ਕੀਮਤੀ ਤੋਹਫੇ ਜਿਨ੍ਹਾਂ ਵਿੱਚ ਇੱਕ ਸੁੰਦਰ ਹਾਥੀ, ਇੱਕ ਤਖ਼ਤ, ਪੰਜ ਵਧੀਆ ਤੇ ਸਜੇ ਸਜਾਏ ਘੋੜੇ, ਇੱਕ ਅਦੁੱਤੀ ਹਥਿਆਰ ਜਿਸ ਵਿੱਚੋਂ ਪੰਜ ਹਥਿਆਰ ਨਿਕਲਦੇ ਸਨ ਅਤੇ ਹੋਰ ਕਿੰਨਾਂ ਕੀਮਤੀ ਸਾਜੋ-ਸਾਮਾਨ ਸੀ।

ਗੁਰੂ ਸਾਹਿਬ ਦੀ ਸ਼ਕਤੀ ਵੱਧਦੀ ਵੇਖ ਕੇ ਬਿਲਾਸਪੁਰ ਦਾ ਰਾਜਾ ਭੀਮ ਚੰਦ ਈਰਖਾ ਦੀ ਅੱਗ ਵਿੱਚ ਸੜਨ ਲੱਗ ਪਿਆ। ਜਿਸ ਦਾ ਸਿੱਟਾ ਪਹਿਲੀ ਲੜਾਈ ਭੰਗਾਲੀ ਦੇ ਯੁੱਧ ਦਾ ਕਾਰਨ ਬਣੀ ਜੋ 1688 ਈ।ਵਿਚ ਲੜੀ ਗਈ। 1677 ਈ. ਵਿੱਚ ਆਪ ਦੀ ਸ਼ਾਦੀ ਲਾਹੌਰ ਦੇ ਸਿੱਖ ਭਾਈ ਭਿਖੀਆ ਦੀ ਲੜਕੀ ਜੀਤੋ ਨਾਲ ਆਨੰਦਪੁਰ ਸਾਹਿਬ ਹੋਈ।

1685 ਈ. ਵਿੱਚ ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ 'ਤੇ ਆਪਣੀ ਸੈਨਾ ਤੇ ਪ੍ਰਵਾਰ ਸਮੇਤ ਆਪ ਨਾਹਨ ਚਲੇ ਗਏ। ਰਾਜੇ ਦੀ ਬੇਨਤੀ ਕਰਨ 'ਤੇ ਜਮਨਾ ਕੰਢੇ ਰਮਣੀਕ ਥਾਂ 'ਤੇ 12 ਦਿਨਾਂ ਵਿੱਚ ਹੀ ਕਿਲ੍ਹਾ ਤਿਆਰ ਕਰਵਾਇਆ ਜਿਸ ਦਾ ਨਾਂ ਪਾਉਂਟਾ (ਪੈਰ ਰੱਖਣ ਦੀ ਥਾਂ) ਰੱਖਿਆ। ਏਥੇ ਆਪ ਤਿੰਨ ਸਾਲ ਰਹੇ ਤੇ ਬਹੁਤ ਸਾਰਾ ਸਾਹਿਤ ਰਚਿਆ। 1688 ਈ. ਇੱਥੇ ਰਹਿੰਦਿਆਂ ਸਭ ਤੋਂ ਵੱਡੀ ਘਟਨਾ ਭੰਗਾਣੀ ਦਾ ਯੁੱਧ ਹੋਇਆ, ਜਿਸ ਵਿਚ ਗੁਰੂ ਜੀ ਦੀ ਸੈਨਾ ਨੂੰ ਬੜੀ ਭਾਰੀ ਜਿੱਤ ਹੋਈ।

ਪਾਉਂਟਾ ਸਾਹਿਬ ਵਿੱਚ ਹੀ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਦਾ ਸੰਨ 1687 ਵਿੱਚ ਜਨਮ ਹੋਇਆ।ਭੰਗਾਣੀ ਦੇ ਯੁੱਧ ਤੋਂ ਬਾਅਦ 1688 ਈ। ਵਿੱਚ ਗੁਰੂ ਸਾਹਿਬ ਆਨੰਦਪੁਰ ਵਾਪਿਸ ਆ ਗਏ। ਗੁਰੂ ਜੀ ਦੇ ਬਾਕੀ ਤਿੰਨ ਸਾਹਿਬਜ਼ਾਦਿਆਂ ਦਾ ਜਨਮ ਵੀ ਇੱਥੇ ਹੀ ਹੋਇਆ । 1690 ਈ। ਨਦੌਣ ਦੀ ਲੜਾਈ ਹੋਈ।

ਗੁਰੂ ਜੀ ਨੇ ਸਿੱਖਾਂ ਨੂੰ ਨਿਆਰਾ ਰੂਪ ਦੇਣ ਲਈ 1699 ਦੀ ਵਿਸਾਖੀ ਨੂੰ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਖ਼ਾਲਸਾ ਪੰਥ ਦੀ ਸਾਜਣਾ ਨਾਲ ਪਹਾੜੀ ਰਾਜਿਆਂ ਵਿੱਚ ਗੁਰੂ ਜੀ ਪ੍ਰਤੀ ਈਰਖਾ ਹੋਰ ਵੱਧ ਗਈ। ਸੂਬਾ ਸਰਹੰਦ ਨੇ ਦਸ ਹਜ਼ਾਰ ਫੌਜ ਸਮੇਤ ਜਰਨੈਲ ਅਦੀਨਾ ਬੇਗ ਅਤੇ ਪੈਂਦਾ ਖ਼ਾਨ ਨੂੰ ਆਨੰਦਪੁਰ 'ਤੇ ਹਮਲਾ ਕਰਨ ਲਈ ਭੇਜਿਆ। ਇਸ ਵਿੱਚ ਜਿੱਤ ਗੁਰੂ ਜੀ ਦੀ ਹੀ ਹੋਈ।

ਇਨ੍ਹਾਂ ਦਿਨਾਂ ਵਿੱਚ ਰੁਹਤਾਸ ਦੇ ਇੱਕ ਸਿੱਖ ਨੇ ਆਪਣੀ ਲੜਕੀ ਸਾਹਿਬ ਦੀ ਸ਼ਾਦੀ ਗੁਰੂ ਜੀ ਨਾਲ ਇੱਕ ਪ੍ਰਣ ਅਨੁਸਾਰ ਕੀਤੀ। ਗੁਰੂ ਜੀ ਨੇ ਅੰਮ੍ਰਿਤ ਛਕਾ ਕੇ ਉਸ ਦਾ ਨਾਂ ਸਾਹਿਬ ਕੌਰ ਰੱਖਿਆ। ਇਸੇ ਸਮੇਂ ਭਾਈ ਰਾਮ ਕੁੰਵਰ (ਬਾਬਾ ਬੁੱਢਾ ਜੀ ਦੇ ਵੰਸ਼ਜ) ਨੂੰ ਗੁਰੂ ਜੀ ਨੇ ਅੰਮ੍ਰਿਤ ਛਕਾਇਆ ਤੇ ਉਸ ਦਾ ਨਾਂ ਭਾਈ ਗੁਰਬਖਸ਼ ਸਿੰਘ ਰੱਖਿਆ। ਇਸੇ ਲੜਾਈ ਦੌਰਾਨ ਭਾਈ ਘਨ੍ਹਈਆ ਵਾਲਾ ਪ੍ਰਸੰਗ ਵਾਪਰਿਆ।

ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦਾ ਨਿਸ਼ਾਨਾ ਆਨੰਦਪੁਰ ਸੀ। ਲਗਾਤਾਰ 8 ਮਹੀਨੇ ਤੋ ਆਨੰਦਪੁਰ ਸਾਹਿਬ ਨੂੰ ਘੇਰਾ ਪਾਇਆ ਗਿਆ । ਬਿਕ੍ਰਮੀ ਸੰਮਤ 1762 ਦੀ 6-7 ਪੋਹ ਦੀ ਦਰਮਿਆਨੀ ਰਾਤ ਨੂੰ ਆਨੰਦ ਗੜ ਦਾ ਕਿਲ੍ਹਾ ਖਾਲੀ ਕਰਨ ਤੋਂ ਬਾਅਦ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਨੇ ਚੁੱਕੀਆਂ ਕਸਮਾਂ ਨੂੰ ਤੋੜ ਕੇ ਕੀਰਤਪੁਰ ਸਾਹਿਬ ਪਾਰ ਕਰਦਿਆਂ ਹੀ ਸਿੱਖ ਫੌਜਾਂ ਤੇ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕੰਢੇ ਜੰਗ ਹੋਈ, ਕਾਫੀ ਸਿੰਘ ਸ਼ਹੀਦ ਹੋ ਗਏ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਵਿਛੜ ਗਿਆ।

ਉਨ੍ਹਾਂ ਦੇ ਮਾਤਾ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਰੋਪੜ ਵੱਲ ਨੂੰ ਗਏ। ਜਿੱਥੋਂ ਇੱਕ ਪੁਰਾਣਾ ਨੌਕਰ ਗੰਗੂ ਬ੍ਰਾਮਣ ਉਨ੍ਹਾਂ ਨੂੰ ਆਪਣੇ ਪਿੰਡ ਖੇੜੀ ਲੈ ਗਿਆ। ਰਾਤ ਨੂੰ ਮਾਤਾ ਜੀ ਪਾਸੋਂ ਜੇਵਰ ਤੇ ਨਕਦੀ ਚੁਰਾ ਲਈ ਤੇ ਹਜ਼ਮ ਕਰਨ ਲਈ ਉਨ੍ਹਾਂ ਵਿਰੁੱਧ ਮੋਰਿੰਡੇ ਚੌਧਰੀ ਨੂੰ ਖ਼ਬਰ ਕਰ ਦਿੱਤੀ। ਉਸ ਨੇ ਉਨ੍ਹਾਂ ਦੇ ਸੂਬ-ੇਦਾਰ ਸਰਹੰਦ ਵਜ਼ੀਰ ਖਾਂ ਦੇ ਹਵਾਲੇ ਕਰ ਦਿੱਤਾ। ਵਜ਼ੀਰ ਖਾਂ ਨੇ ਆਪਣੇ ਵਜ਼ੀਰ ਸੁੱਚਾ ਨੰਦ ਖ਼ਤਰੀ ਦੇ ਜ਼ੋਰ ਦੇਣ 'ਤੇ ਦੋਵਾਂ ਮਾਸੂਮ ਬੱਚਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਮਾਤਾ ਜੀ ਬੱਚਿਆਂ ਦਾ ਦੁੱਖ ਨਾ ਸਹਾਰਦੇ ਹੋਏ ਸ਼ਹਾਦਤ ਪਾ ਗਏ।

ਅਗਲਾ ਟਾਕਰਾ 8ਪੋਹ ਨੂੰ 1762 (ਸੰਨ 1705) ਚਮਕੌਰ ਦੀ ਗੜ੍ਹੀ ਤੇ ਭਾਰੀ ਜੰਗ ਹੋਇਆ ।ਇਸ ਜੰਗ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਪੁੱਤਰ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ , ਹੋਰਨਾਂ ਚਾਲੀ ਕੁ ਸਿੰਘਾਂ ਸਮੇਤ ਲੜਦਿਆਂ ਸ਼ਹੀਦ ਹੋ ਗਏ। ਇਸ ਤੋਂ ਬਾਅਦ 30 ਪੋਹ 1762 ਬਿਕ੍ਰਮੀ (ਸੰਨ1705ਈ। ) ਵਿੱਚ ਖਿਦਰਾਣਾ ਦੀ ਢਾਬ ਤੇ ਸੂਬਾ ਸਰਹਿੰਦ ਦੀ ਦਸ ਹਜ਼ਾਰ ਮੁਗ਼ਲਾ ਫੌਜ ਨਾਲ ਜੰਗ ਲੜੀ । ਇੱਥੇ ਚਾਲੀ ਸਿੰਘਾਂ ਵਲੋਂ ਲਿਖਿਆ ਗਿਆ ਬੇਦਾਵਾ ਗੁਰੂ ਜੀ ਨੇ ਪਾੜ ਦਿੱਤਾ। ਇਸ ਕਰ ਕੇ ਇਸ ਨੂੰ ਚਾਲੀ ਮੁਕਤਿਆ ਦੀ ਮੁਕਤੀ ਕਾਰਨ ਮੁਕਤਸਰ ਕਿਹਾ ਜਾਣ ਲੱਗਾ।

ਚਮਕੌਰ ਤੋਂ ਗੁਰੂ ਜੀ ਇਕੱਲੇ ਆਪਣੇ ਤਿੰਨ ਸਿੱਖਾਂ ਨਾਲੋਂ ਵਿਛੜ ਕੇ ਮਾਛੀਵਾੜੇ ਜਾ ਪੁੱਜੇ। ਮਾਛੀਵਾੜੇ ਉਨ੍ਹਾਂ ਦੇ ਤਿੰਨ ਸਾਥੀ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਵੀ ਆ ਮਿਲੇ। ਇੱਥੇ ਹੀ ਉਨ੍ਹਾਂ ਦੇ ਸ਼ਰਧਾਲੂ ਪਠਾਨ ਨਬੀ ਖ਼ਾਨ ਤੇ ਗ਼ਨੀ ਖ਼ਾਨ ਆ ਮਿਲੇ। ਜਿਨ੍ਹਾਂ ਨੇ ਆਪਣੀ ਜਾਨ ਖ਼ਤਰੇ ਵਿੱਚ ਪਾ ਕੇ ਗੁਰੂ ਜੀ ਨੂੰ 'ਉੱਚ ਦਾ ਪੀਰ' ਬਣਾਇਆ ਅਤੇ ਨੀਲੀ ਪੁਸ਼ਾਕ ਪਹਿਨਾ ਕੇ ਪਾਲਕੀ ਵਿੱਚ ਸਵਾਰ ਕਰਕੇ ਮੁਗ਼ਲ ਫੌਜਾਂ ਤੋਂ ਬਚਦੇ ਹੋਏ ਕਾਫੀ ਦੂਰ ਚਲੇ ਗਏ। ਗੁਰੂ ਜੀ ਇਸ ਵਿਉਂਤ ਨਾਲ ਜਗਰਾਉਂ ਤੇ ਰਾਏਕੋਟ ਹੁੰਦੇ ਹੋਏ ਜੱਟਪੁਰੇ ਪੁੱਜੇ। ਇੱਥੋਂ ਦੇ ਮੁਸਲਮਾਨ ਹਾਕਮ ਰਾਏ ਕਲ੍ਹਾ ਨੇ ਗੁਰੂ ਜੀ ਦੀ ਪੂਰੀ ਸਹਾਇਤਾ ਕੀਤੀ। ਰਾਏ ਕਲ੍ਹਾ ਨੇ ਗੁਰੂ ਜੀ ਦੇ ਕਹਿਣ 'ਤੇ ਸਰਹੰਦ ਤੋਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜ਼ਰੀ ਜੀ ਦੀ ਖ਼ਬਰ ਮੰਗਵਾਈ। ਜਦ ਮਾਹੀ ਨਾਮੀ ਹਰਕਾਰਾ ਇਹ ਅਤੀ ਦੁੱਖਦਾਈ ਖ਼ਬਰ ਲਿਆਇਆ ਤਾਂ ਉਸ ਵੇਲੇ ਗੁਰੂ ਜੀ ਜੰਗਲ ਵਿੱਚ ਬੈਠੇ ਹੋਏ ਸਨ। ਗੁਰੂ ਜੀ ਨੇ ਇੱਕ ਕਾਹੀ ਦਾ ਬੂਟਾ ਪੁੱਟਦੇ ਹੋਏ ਫਰਮਾਇਆ ਕਿ ਜਿਸ ਤਰ੍ਹਾਂ ਇਹ ਬੂਟਾ ਪੁੱਟਿਆ ਗਿਆ ਹੈ, ਉਸੇ ਤਰ੍ਹਾਂ ਮੁਗ਼ਲ ਹਕੂਮਤ ਦੀਆਂ ਛੇਤੀ ਹੀ ਜੜ੍ਹਾਂ ਪੁੱਟੀਆਂ ਜਾਣਗੀਆਂ।

ਇਸ ਉਪਰੰਤ ਮੌਜੂਦਾ ਮੁਕਤਸਰ ਦੀ ਥਾਂ 'ਤੇ ਮੁਗ਼ਲਾਂ ਨਾਲ ਮੁੜ ਮੁਠਭੇੜ ਹੁੰਦੀ ਹੈ, ਜਿੱਥੇ ਚਾਲੀ ਸਿੰਘ ਜੋ ਬੇਦਾਵਾ ਦੇ ਗਏ ਸਨ ਮੁਗਲ ਫੌਜਾਂ ਨਾਲ ਬੜੀ ਬਹਾਦਰੀ ਨਾਲ ਲੜਦੇ ਸ਼ਹੀਦੀ ਪ੍ਰਾਪਤ ਕਰਦੇ ਹਨ। ਗੁਰੂ ਜੀ ਨੇ ਇਸ ਲੜਾਈ ਨੂੰ ਉੱਚੇ ਟਿੱਬੇ ਤੋਂ ਵੇਖਿਆ। ਗੁਰੂ ਜੀ ਨੇ ਇਕੱਲੇ ਇਕੱਲੇ ਸਿੰਘ ਨੂੰ ਆਪਣੀ ਗੋਦ ਵਿਚ ਲਿਆ ਤੇ ਬੇਦਾਵਾ ਪਾੜ ਕੇ ਉਨ੍ਹਾਂ ਨੂੰ ਮੁਕਤੇ ਆਖ ਕੇ ਨਿਵਾਜਿਆ। ਇੱਥੇ ਹੁਣ 'ਮੁਕਤਸਰ' ਆਬਾਦ ਹੈ। ਮੁਕਤਸਰ ਤੋਂ ਬਾਅਦ ਗੁਰੂ ਜੀ ਤਲਵੰਡੀ ਸਾਬੋ ਪੁੱਜੇ। ਜਿੱਥੇ ਉਹ 9 ਮਹੀਨੇ ਰਹੇ ਤੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ ਅਤੇ ਇਸ ਨੂੰ ਹੁਣ ਵਾਲਾ ਸੰਪੂਰਨ ਰੂਪ ਬਖ਼ਸ਼ਿਆ ਅਤੇ 'ਗੁਰੂ ਕੀ ਕਾਂਸ਼ੀ' ਆਖ ਕੇ ਵਡਿਆਇਆ। ਤਲਵੰਡੀ ਵਿੱਚ ਹੀ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਜੀ ਦਿੱਲੀ ਤੋਂ ਆ ਕੇ ਗੁਰੂ ਜੀ ਨੂੰ ਮਿਲੇ ਅਤੇ ਉਨ੍ਹਾਂ ਦਾ ਏਥੇ ਹੀ ਪਤਾ ਲੱਗਾ।

ਤਲਵੰਡੀ ਸਾਬੋ ਜਾਂਦਿਆ ਜਦ ਗੁਰੂ ਜੀ ਦੀਸੇ ਠਹਿਰੇ ਹੋਏ ਸਨ ਤਾਂ ਔਰੰਗਜ਼ੇਬ ਵਲੋਂ ਉਨ੍ਹਾਂ ਨੂੰ ਇੱਕ ਸ਼ਾਹੀ ਪੱਤਰ ਪੁੱਜਾ ਜਿਸ ਵਿੱਚ ਉਨ੍ਹਾਂ ਨੂੰ ਦੱਖਣ ਵਿੱਚ ਕਿਆਮ ਕਰਦੇ ਬਾਦਸ਼ਾਹ ਨੂੰ ਮਿਲਣ ਦਾ ਸੱਦਾ ਸੀ। ਸ਼ਾਹੀ ਪੱਤਰ ਦੇ ਉੱਤਰ ਵਿੱਚ ਗੁਰੂ ਜੀ ਨੇ ਫ਼ਾਰਸੀ ਕਵਿਤਾ ਵਿੱਚ ਇੱਕ ਲੰਮਾ ਪੱਤਰ ਲਿਖਿਆ, ਜਿਸ ਦਾ ਨਾਂ 'ਜ਼ਫ਼ਰਨਾਮਾ' (ਜਿੱਤ ਦਾ ਪੱਤਰ) ਰੱਖਿਆ ਗਿਆ। ਇਹ ਮਹਾਨ ਕਾਵਿ-ਪੱਤਰ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਰਾਹੀਂ ਔਰੰਗਜ਼ੇਬ ਵੱਲ ਭੇਜਿਆ ਗਿਆ। ਜਦ ਉਹ ਬਹੁਤ ਸਮਾਂ ਵਾਪਿਸ ਨਾ ਆਏ ਤਾਂ ਗੁਰੂ ਜੀ ਔਰੰਗਜੇਬ ਨੂੰ ਮਿਲਣ ਲਈ ਦਖਣ ਵਲ ਨੂੰ ਅਕਤੂਬਰ 1706 ਈ। ਵਿੱਚ ਆਪ ਰਵਾਨਾ ਹੋ ਗਏ।

ਫਰਵਰੀ 1707 ਈ ਵਿਚ ਜਦ ਗੁਰੂ ਜੀ ਬਘੇਰ ਦੇ ਨੇੜੇ ਪੁੱਜੇ ਤਾਂ ਬਾਦਸ਼ਾਹ ਦੇ ਦੇਹਾਂਤ ਦੀ ਖ਼ਬਰ ਮਿਲੀ। ਔਰੰਗਜ਼ੇਬ ਦੀ ਮੌਤ ਪਿੱਛੋਂ ਬਹਾਦਰ ਸ਼ਾਹ ਦਿੱਲੀ ਦੇ ਤਖ਼ਤ 'ਤੇ ਬਿਰਾਜਮਾਨ ਹੋ ਗਿਆ। ਆਗਰੇ ਵਿੱਚ ਗੁਰੂ ਜੀ ਬਹਾਦਰ ਸ਼ਾਹ ਨੂੰ ਮਿਲੇ। ਉਸ ਨੇ ਗੁਰੂ ਜੀ ਦਾ ਬਹੁਤ ਆਦਰ ਸਤਿਕਾਰ ਕੀਤਾ ਅਤੇ ਵੱਡਮੁੱਲਾ 'ਖਿਲਅਤ' ਪੇਸ਼ ਕੀਤਾ। ਗੁਰੂ ਜੀ ਵਜ਼ੀਰ ਖਾਂ ਨੂੰ ਦੰਡ ਦਿਵਾਉਣਾ ਚਾਹੁੰਦੇ ਸਨ ਪਰ ਉਹ ਇਸ ਗੱਲ ਨੂੰ ਟਾਲਦਾ ਰਿਹਾ। ਕਿਉਂਕਿ ਵਜ਼ੀਰ ਖ਼ਾਨ ਨੂੰ ਦੰਡ ਦੇਣ ਦਾ ਉਸ ਨੂੰ ਹੀਆ ਨਹੀਂ ਪੈਂਦਾ। ਉਹ ਚਾਹੁੰਦਾ ਸੀ ਕਿ ਆਪਣਾ ਰਾਜ ਚੰਗੀ ਤਰ੍ਹਾਂ ਸਥਾਪਤ ਕਰਕੇ ਕੋਈ ਅਜਿਹਾ ਕਦਮ ਉਠਾਏ। ਅੰਤ ਗੁਰੂ ਜੀ ਬਾਦਸ਼ਾਹ ਤੋਂ ਨਿਰਾਸ਼ ਹੋ ਕੇ ਉਸ ਦੀਆਂ ਫੌਜਾਂ ਨਾਲੋਂ ਵੱਖਰੇ ਹੋ ਕੇ ਨਾਦੇੜ ਚਲੇ ਗਏ।

ਨਾਦੇੜ ਵਿੱਚ ਰਹਿੰਦੇ ਇੱਕ ਸਾਧੂ ਬੈਰਾਗੀ ਲਛਮਨ ਦਾਸ ਜਾਂ ਮਾਧੋ ਦਾਸ ਨੂੰ ਗੁਰੂ ਜੀ ਨੇ ਪੂਰਨ ਮਰਯਾਦਾ ਅਨੁਸਾਰ ਅੰਮ੍ਰਿਤ ਛਕਾਇਆ ਅਤੇ 'ਬੰਦਾ ਸਿੰਘ' ਨਾਮ ਰੱਖਿਆ, ਜਿਸ ਦੀ ਉਮਰ 38 ਸਾਲ ਸੀ। ਫਿਰ ਉਸ ਨੂੰ ਥਾਪੜਾ ਜਾਂ ਅਸ਼ੀਰਵਾਦ ਦਿੱਤੀ ਤੇ ਕੁਝ ਸਿੰਘਾਂ ਦੇ ਨਾਲ ਪੰਜਾਬ ਵੱਲ ਰਾਜਸੀ ਕਰਤਵ ਦੀ ਪੂਰਤੀ ਲਈ ਭੇਜ ਦਿੱਤਾ। ਗੁਰੂ ਜੀ ਨੇ ਉਸ ਨੂੰ ਆਪਣੇ ਭੱਥੇ ਵਿੱਚੋਂ ਪੰਜ ਤੀਰ ਆਤਮਕ ਸਹਾਇਤਾ ਲਈ ਬਖਸ਼ੇ ਅਤੇ ਹੋਰ ਵੀ ਧਾਰਮਿਕ ਉਪਦੇਸ਼ ਤੇ ਕ੍ਰਿਪਾ ਨਾਲ ਨਿਹਾਲ ਕੀਤਾ,ਜਿਸ ਦੀ ਮਿਸਾਲ ਦੁਨੀਆਂ ਵਿੱਚ ਨਹੀਂ ਮਿਲਦੀ। ਉਨ੍ਹਾਂ ਨੇ ਬੰਦਾ ਬਹਾਦਰ ਵਿੱਚ ਆਪਣੀ ਸਾਰੀ ਸੈਨਿਕ ਤੇ ਰਾਜਸੀ ਸ਼ਕਤੀ ਭਰ ਦਿੱਤੀ, ਜਿਸ ਨੇ ਭਾਰਤ ਦੀ ਹੋਣੀ ਅਤੇ ਇਤਿਹਾਸ ਬਦਲ ਕੇ ਰੱਖ ਦਿੱਤਾ।

ਗੁਰੂ ਜੀ ਨੇ ਸਰੀਰਕ ਅੰਤ ਨੇੜੇ ਜਾਣ ਕੇ ਕੱਤਕ ਸੁਦੀ ਪੰਜ 1765 ਬਿਕ੍ਰਮੀ (7 ਅਕਤੂਬਰ 1708 ਈ.) ਦੀ ਰਾਤ ਦੇ ਤੀਜੇ ਪਹਿਰ ਸਿੰਘਾਂ ਨੂੰ ਇਕੱਤਰ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਸਦਾ ਲਈ ਖ਼ਾਲਸੇ ਦਾ ਆਤਮਕ ਆਗੂ ਅਤੇ ਗੁਰੂ ਥਾਪ ਕੇ ਜੋਤੀ ਜੋਤ ਸਮਾ ਗਏ। ਇਸ ਪਵਿੱਤਰ ਸਥਾਨ 'ਤੇ 'ਸੱਚਖੰਡ ਸ੍ਰੀ ਹਜ਼ੂਰ ਸਾਹਿਬ' ਜਾਂ 'ਅਬਚਲ ਨਗਰ' ਦਾ ਪ੍ਰਸਿੱਧ ਗੁਰਦੁਆਰਾ ਅਤੇ ਤਖ਼ਤ ਸਾਹਿਬ ਸੁਸ਼ੋਭਿਤ ਹੈ।

ਪੰਜਾਬ ਆ ਕੇ ਬਾਬਾ ਬੰਦਾ ਸਿੰਘ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਖਾਲਸਾ ਰਾਜ ਕਾਇਮ ਕੀਤਾ। ਜਮੀਨ ਵਾਹੀਕਾਰ ਦੀ ਕਰ ਦਿੱਤੀ। ਭਾਵੇਂ ਕਿ ਉਹ ਆਪਣਾ ਰਾਜ ਕਾਇਮ ਨਾ ਰੱਖ ਸਕਿਆ ਪਰ ਮੁਗ਼ਲ ਹਕੂਮਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਬਾਦ ਵਿਚ ਮਿਸਲਾਂ ਦਾ ਰਾਜ ਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੋਇਆ, ਜਿਸ ਨੇ ਅਫ਼ਗਾਨ ਹਮਲਾਵਰਾਂ ਦੇ ਹਮਲਿਆਂ ਤੋਂ ਭਾਰਤ ਨੂੰ ਛੁਟਕਾਰਾ ਦੁਆਇਆ। ਗੁਰੂ ਸਾਹਿਬਾਨ ਦੀਆਂ ਘਾਲਣਾ ਦਾ ਸਿੱਟਾ ਹੀ ਹੈ ਕਿ ਅੱਜ ਸਿੱਖ ਸਾਰੀ ਦੁਨੀਆਂ ਵਿਚ ਆਨੰਦਮਾਣ ਰਹਿ ਹਨ ਤੇ ਨਾਮਣਾ ਖੱਟ ਰਹਿ ਹਨ।

# ਪੁਸਤਕ ਸਮੀਖਿਆ

**ਸ਼ਖ਼ਸੀਅਤ ਸੋਚ ਅਤੇ ਸਲੀਕਾ**
**ਰੀਵਿਊਕਾਰ: ਬਲਜਿੰਦਰ ਮਾਨ 9815018947**
**ਲੇਖਕ: ਅਮਰਜੀਤ ਬਰਾੜ**
**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ ਜਲੰਧਰ,**
**ਪੰਨੇ: 151 , ਮੁੱਲ: 200/-**

ਅਮਰਜੀਤ ਬਰਾੜ ਇੱਕ ਸਰਬਾਂਗੀ ਲੇਖਕ ਹੈ। ਉਹਨਾਂ ਆਪਣੀਆਂ ਦਰਜਨ ਤੋਂ ਵੱਧ ਪੁਸਤਕਾਂ ਵਿੱਚ ਸਮਾਜ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਦੇ ਯਤਨ ਕੀਤੇ ਹਨ। ਜੀਵਨ ਦੀ ਫਿਲਾਸਫੀ ਨੂੰ ਵਿਚਾਰਦਿਆਂ ਹੋਇਆਂ ਨਵੀਂ ਪਨੀਰੀ ਨੂੰ ਨਵੀਆਂ ਲੀਹਾਂ ਪ੍ਰਦਾਨ ਕੀਤੀਆਂ ਹਨ। ਹੱਥਲੀ ਪੁਸਤਕ 'ਸ਼ਖਸ਼ੀਅਤ ਸੋਚ ਅਤੇ ਸਲੀਕਾ' ਵਿੱਚ ਜੀਵਨ ਦੇ ਗਹਿਰੇ ਤਜਰਬਿਆਂ ਨੂੰ ਬਾਖੂਬੀ ਪੇਸ਼ ਕੀਤਾ ਹੈ। ਜ਼ਿੰਦਗੀ ਦੇ ਰਹੱਸਾਂ ਨੂੰ ਖੋਲ੍ਹਣ ਵਾਸਤੇ ਮਿਹਨਤ ਅਤੇ ਲਗਨ ਨਾਲ ਮੁਸ਼ੱਕਤ ਕਰਨੀ ਪੈਂਦੀ ਹੈ। ਫਿਰ ਜਾ ਕੇ ਜ਼ਿੰਦਗੀ ਲੀਹੇ ਪੈਂਦੀ ਹੈ। ਇਸ ਜ਼ਿੰਦਗੀ ਦੇ ਸਫ਼ਰ ਨੂੰ ਸੋਹਣਾ- ਸੁਚੱਜਾ ਅਤੇ ਸੁਖਾਲਾ ਬਣਾਉਣ ਵਾਸਤੇ ਮਨੁੱਖ ਕੋਲ ਗੁਣਾਂ ਦਾ ਖਜ਼ਾਨਾ ਹੋਣਾ ਜ਼ਰੂਰੀ ਹੈ। ਅਮੀਰੀ ਗਰੀਬੀ ਅਤੇ ਚੰਗਾ ਮਾੜਾ ਇਹ ਸਾਡਾ ਦ੍ਰਿਸ਼ਟੀਕੋਣ ਤੇ ਨਿਰਭਰ ਕਰਦਾ ਹੈ। ਜੇਕਰ ਅਸੀਂ ਆਪਣੇ ਦ੍ਰਿਸ਼ਟੀਕੋਣ ਨੂੰ ਉਚਾ ਰੱਖਾਂਗੇ ਤਾਂ ਸਾਨੂੰ ਆਲਾ ਦੁਆਲਾ ਵੀ ਸੋਹਣਾ ਸੋਹਣਾ ਲੱਗਣ ਲੱਗ ਪੈਂਦਾ ਹੈ। ਵਿਚਾਰਾਂ ਦੀ ਪੁਖਤਗੀ ਅਤੇ ਭਾਸ਼ਾ ਦੀ ਸਰਲਤਾ ਇਸ ਪੁਸਤਕ ਦਾ ਨੁਮਾਇਆ ਗੁਣ ਹੈ।

ਪੁਸਤਕ 'ਸ਼ਖਸ਼ੀਅਤ ਸੋਚ ਅਤੇ ਸਲੀਕਾ' ਜੀਵਨ ਦੇ ਭਿੰਨ ਭਿੰਨ ਪਹਿਲੂਆਂ ਨੂੰ ਪੇਸ਼ ਕਰਦੀ ਹੈ। ਪੁਸਤਕ ਵਿੱਚ ਦਰਜ 41 ਲੇਖ ਮਨੁੱਖੀ ਜੀਵਨ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਦੀਆਂ ਘਟਨਾਵਾਂ ਅਤੇ ਭੂਮਿਕਾਵਾਂ ਦਾ ਵਰਨਣ ਕਰਦੇ ਹਨ। ਮੁਹਾਵਰੇਦਾਰ ਬੋਲੀ ਵਿੱਚ ਰਚੇ ਇਹ ਲੇਖ ਹਰ ਪਾਠਕ ਨੂੰ ਪ੍ਰਭਾਵਿਤ ਕਰਦੇ ਹੋਏ ਰੌਸ਼ਨੀਆਂ ਵੰਡਦੇ ਹਨ। ਬਿਹਤਰ ਨੂੰ ਬਿਹਤਰੀਨ ਬਣਾਉਣ ਦਾ ਹੁਨਰ, ਰਿਸ਼ਤੇ ਨਿਭਾਉਣ ਦਾ ਚੱਜ ਆਚਾਰ, ਜਿੰਦਗੀ ਦੇ ਨੇੜੇ ਤੇੜੇ, ਖੁਸ਼ੀਆਂ ਲੱਭਣ ਦੇ ਬਹਾਨੇ, ਰਿਸ਼ਤੇ ਵਿੱਚ ਤਾਜ਼ਗੀ ਦਾ ਅਹਿਸਾਸ, ਕੀ ਹੈ ਸਾਡਾ ਔਰਤ ਪ੍ਰਤੀ ਨਜ਼ਰੀਆ, ਮੌਤ ਤੋਂ ਪਹਿਲਾਂ ਜ਼ਿੰਦਗੀ, ਸ਼ਖਸ਼ੀਅਤ ਸੋਚ ਅਤੇ ਸਲੀਕਾ, ਸਿਆਣੀਆਂ




ਗੱਲਾਂ ਦਾ ਸੱਚ, ਛੋਟੇ ਛੋਟੇ ਯਤਨਾਂ ਦਾ ਕਮਾਲ, ਜ਼ਿੰਦਗੀ ਦੇ ਅੰਗ ਸੰਗ, ਰਿਸ਼ਤਿਆਂ ਦੀ ਭੂਮਿਕਾ ਜਿਹੇ ਵਿਸ਼ਿਆਂ ਨੂੰ ਆਪਣੀ ਰਸੀਲੀ ਸ਼ੈਲੀ ਵਿੱਚ ਸਿਰਜਿਆ ਹੈ। ਇਹਨਾਂ ਵਿੱਚ ਜ਼ਿੰਦਗੀ ਦੀਆਂ ਕੌੜੀਆਂ ਸੱਚਾਈਆਂ ਨੂੰ ਪੇਸ਼ ਕੀਤਾ ਗਿਆ ਹੈ। ਜ਼ਿੰਦਗੀ ਵਿੱਚ ਕੰਮ ਆਉਣ ਵਾਲੇ ਅਸੂਲਾਂ ਅਤੇ ਕੰਮ ਆਉਣ ਵਾਲੇ ਬੰਦਿਆਂ ਦੀ ਸ਼ਨਾਖਤ ਵੀ ਕੀਤੀ ਗਈ ਹੈ। ਪੁਸਤਕ ਵਿੱਚ ਦਰਜ ਕੁਝ ਤੱਥਾਂ ਨੂੰ ਇੱਥੇ ਦੇਖਿਆ ਜਾ ਸਕਦਾ:-

ਜ਼ਿੰਦਗੀ ਵਿੱਚ ਸਾਰੀਆਂ ਲੋੜਾਂ ਦਾ ਆਸਾਨੀ ਨਾਲ ਪੂਰਾ ਹੋ ਜਾਣ ਵੀ ਇੱਕ ਰੁਕਾਵਟ ਹੈ।

ਸਮਾਜ ਨਾਲ ਚੰਗਾ ਰਿਸ਼ਤਾ ਬਣਾਉਣ ਲਈ ਸਾਨੂੰ ਇਸ ਦੇ ਸੁਆਰਥ ਸਮਝਣੇ ਪੈਣਗੇ।

ਆਪਣੀ ਇੱਜਤ ਆਪ ਕਰਨੀ ਸਿੱਖੋ ਉਸ ਤੋਂ ਬਾਅਦ ਹੀ ਦੂਜੇ ਲੋਕ ਤੁਹਾਡੀ ਇੱਜ਼ਤ ਕਰਨਗੇ।

ਸਮਝਦਾਰ ਬੰਦੇ ਲਈ ਪੈਸਾ ਨੌਕਰ ਹੈ ਅਤੇ ਮੂਰਖ ਲਈ ਪੈਸਾ ਉਸਦਾ ਮਾਲਕ ਹੈ। ਇੱਕ ਪੈਸੇ ਨੂੰ ਵਰਤਦਾ ਹੈ ਅਤੇ ਦੂਜਾ ਪੈਸੇ ਦੁਆਰਾ ਵਰਤਿਆ ਜਾਂਦਾ ਹੈ।

ਇਛਾਵਾਂ ਕਦੇ ਵੀ ਪੂਰੀਆਂ ਨਹੀਂ ਹੁੰਦੀਆਂ ਜੋ ਪੂਰੀਆਂ ਹੋ ਜਾਣ ਉਹ ਇਛਾਵਾਂ ਨਹੀਂ ਹੁੰਦੀਆਂ।

ਕਈ ਮਹਿੰਗੀਆਂ ਆਦਤਾਂ ਨਾਲ ਸਸਤੀਆਂ ਤਸੱਲੀਆਂ ਖਰੀਦਦੇ ਹਨ।

ਆਪਣੇ ਆਪ ਨੂੰ ਬੱਚਿਆਂ ਦੀ ਜਗ੍ਹਾ ਤੇ ਰੱਖ ਕੇ ਵੇਖਣ ਨਾਲ ਕਈ ਗੱਲਾਂ ਆਪਣੇ ਆਪ ਸਮਝ ਆ ਜਾਂਦੀਆਂ ਹਨ।

ਆਪਣੀ ਭਾਸ਼ਾ ਨੂੰ ਜਿਉਂਦੀ ਰੱਖਣ ਲਈ ਸਾਨੂੰ ਉਸ ਨੂੰ ਨਵੇਂ ਗਿਆਨ ਵਿਗਿਆਨ ਨਾਲ, ਨਵੀਆਂ ਤਕਨੀਕਾਂ, ਨਵੀਆਂ ਖੋਜਾਂ, ਨਵੇਂ ਵਿਚਾਰਾਂ ਨਾਲ ਜੋੜਨਾ ਪਵੇਗਾ।

ਇਸ ਤਰ੍ਹਾਂ ਦੇ ਵਿਚਾਰ ਪੇਸ਼ ਕਰਦੀ ਇਹ ਪੁਸਤਕ ਪਾਠਕਾਂ ਨੂੰ ਨਵੀਆਂ ਸੋਚਾਂ ਦੇ ਹਾਣੀ ਬਣਾਉਂਦੀ ਹੈ। ਖਾਸ ਕਰਕੇ ਗੱਭਰੂ ਵਰਗ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ ਕਿਉਂਕਿ ਉਹਨਾਂ ਲਈ ਪ੍ਰੇਰਨਾਦਾਇਕ ਵਿਚਾਰ ਇਸ ਪੁਸਤਕ ਵਿੱਚ ਸ਼ਾਮਿਲ ਹਨ। ਲੇਖਕ ਦੀ ਵਾਰਤਕਕਾਰੀ ਦਾ ਇਹ ਉੱਤਮ ਨਮੂਨਾ ਕਹੀ ਜਾ ਸਕਦੀ ਹੈ।

# ਸ੍ਰ. ਜਗਜੀਤ ਸਿੰਘ ਡੱਲੇਵਾਲ ਵਲੋਂ ਰੱਖੇ ਮਰਨਵਰਤ ਤੋਂ ਉੱਪਰ ਉੱਠ ਕੇ ਸਾਂਝਾ ਕਿਸਾਨ ਸੰਘਰਸ਼ ਮੋਰਚੇ ਦੇ ਆਗੂਆਂ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਜਰੂਰਤ !



**ਜੰਗ ਸਿੰਘ ਮਰਸਡ (ਅਮਰੀਕਾ)**
+1 415 603 7380

ਕੁਝ ਸਮਾਂ ਪਹਿਲਾਂ ਦੇਸ਼ ਦੇ ਕਿਸਾਨਾਂ ਨੇ ਕਿਸਾਨ ਸੰਘਰਸ਼ ਮੋਰਚੇ ਦੀ ਅਗਵਾਈ ਵਿੱਚ 380 ਦਿਨਾਂ ਦਾ ਲੰਮਾ ਜਿਹੜਾ ਸੰਘਰਸ਼ ਅਤਿ ਦੀਆਂ ਕਠਿਨਾਈਆਂ ਗਰਮੀ, ਸਰਦੀ, ਮੀਂਹ, ਹਨੇਰੀ, ਝਖੜ੍ਹ ਆਦਿ ਨੂੰ ਆਪਣੇ ਸਿਰਾਂ ਤੇ ਹੰਢਾ ਕੇ ਦਿੱਲੀ ਦੀਆਂ ਬਰੂਹਾਂ ਤੇ ਬੈਠ ਕੇ ਲੜਿਆ ਸੀ ਜਿਸ ਵਿੱਚ 750 ਤੋਂ ਵਧੇਰੇ ਕਿਸਾਨਾਂ ਦੀਆਂ ਸਹੀਦੀਆਂ ਵੀ ਹੋਈਆਂ ਸਨ ਤੇ ਪੰਜਾਬ ਦਾ ਅਣਕਿਆਸਿਆ ਨੁਕਸਾਨ ਵੀ ਝੱਲਿਆ ਸੀ। ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜਿਸ ਬਾਰੇ ਅਕਸਰ ਇਹ ਕਿਹਾ ਜਾਂਦਾ ਸੀ ਕਿ "ਮੋਦੀ ਹੈ ਤੋ ਮੁਮਕਿਨ ਹੈ" ਤੇ 'ਉਸ ਦੇ ਮੂੰਹ ਵਿੱਚੋਂ ਨਿਕਲੀ ਗੱਲ ਕਦੇ ਵਾਪਿਸ ਨਹੀਂ ਹੁੰਦੀ'। ਤੁਸੀ ਉਸੇ ਹੈਂਕੜ੍ਹਬਾਜ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਕੋਲੋਂ ਬਿਨਾ ਸ਼ਰਤ ਤਿੰਨੇ ਦੇ ਤਿੰਨ ਕਿਸਾਨ ਵਿਰੋਧੀ ਕਾਨੂੰਨ ਵਾਪਿਸ ਕਰਾ ਕੇ ਜਿੱਤ ਦੇ ਡੰਕੇ ਵਜਾਉਂਦੇ ਪੰਜਾਬ ਤੇ ਦੇਸ਼ ਦੇ ਹੋਰ ਹਿਸਿਆਂ ਵਿੱਚ ਸ਼ਾਨੋਸ਼ੌਕਤ ਨਾਲ ਆਪਣੇ ਆਪਣੇ ਘਰੀਂ ਪਹੁੰਚੇ ਸੀ। ਉਸ ਸਮੇਂ ਪੰਜਾਬ ਵਿੱਚ ਇਹ ਵੀ ਕਿਹਾ ਜਾਂਦਾ ਸੀ ਕਿ ਕਿਸਾਨਾਂ ਨੇ ਇਹ ਜਿੱਤ ਪ੍ਰਾਪਤ ਕਰਕੇ ਆਪਣੇ 100 ਸਾਲਾਂ ਦੇ ਪਿਛਲੇ ਸ਼ਾਨਦਾਰ ਇਤਿਹਾਸ ਨੂੰ ਮੁੜ੍ਹ ਦੁਹਰਾ ਦਿੱਤਾ ਹੈ ਇਸ ਖੁਸ਼ੀ ਵਿੱਚ ਪੰਜਾਬ ਦੇ ਲੋਕਾਂ ਨੇ ਆਪਣੇ ਘਰਾਂ ਵਿੱਚ ਘਿਓ ਦੇ ਦੀਵੇ ਜਗਾ ਕੇ ਅੰਤਾਂ ਦੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਸੀ। ਇਸ ਸੰਘਰਸ਼ ਦੀ ਅਗਵਾਈ ਭਾਵੇਂ ਪੰਜਾਬ, ਹਰਿਆਣਾ ਦੇ ਸੁੱਘੜ੍ਹ ਕਿਸਾਨ ਆਗੂਆਂ ਨੇ ਕੀਤੀ ਉਨਾਂ ਨੇ ਭਾਰਤ ਭਰ ਦੇ ਸਾਰੇ ਕਿਸਾਨਾਂ ਨੂੰ ਇਕ ਲੜ੍ਹੀ ਵਿੱਚ ਹੀ ਨਹੀਂ ਸੀ ਪਰੋਇਆ ਬਲਕਿ ਸੰਸਾਰ ਭਰ ਦੇ ਹਰ ਵਰਗ, ਹਰ ਜਥੇਬੰਦੀ ਨੂੰ ਇਥੋਂ ਤਕ ਸੋਚਣ ਲਈ ਲਗਾ ਦਿੱਤਾ ਸੀ ਕਿ ਜਿਵੇਂ ਇਹ ਸੰਘਰਸ਼ ਸਿਰਫ ਕਿਰਸਾਨਾਂ ਦੀ ਨਹੀਂ ਬਲਕਿ ਉਨਾਂ ਸਭਨਾ ਦਾ ਹੈ। ਕਿਸਾਨ ਆਗੂਆਂ ਨੇ ਆਪਣੇ ਭਾਸ਼ਨਾਂ ਦੌਰਾਨ ਰੋਜਾਨਾ ਸ਼ਾਮਲ ਹੋਣ ਵਾਲੇ ਹਰ ਵਰਗ ਨੂੰ ਇਥੋਂ ਤਕ ਜਾਗ੍ਰਿਤ ਕਰਕੇ ਦਸ ਦਿੱਤਾ ਕਿ ਦੇਸ਼ ਦੀਆਂ ਸਾਰੀਆਂ ਰਾਜਨੀਤਕ ਰਵਾਇਤੀ ਪਾਰਟੀਆਂ ਦੇ ਆਗੂਆਂ ਜਿਨਾਂ ਨੇ ਆਪਣੀ ਜੰਨਤਾ ਦੀ ਸਾਰ ਲੈਣ ਦੀ ਥਾਂ ਤੇ 'ਰਾਜਨੀਤੀ' ਨੂੰ ਲੋਕਾਂ ਦੀ ਸੇਵਾ ਕਰਨ ਦੀ ਥਾਂ ਤੇ ਇਸ ਨੂੰ ਧੰਦਾ ਬਣਾ ਕੇ ਕਮਾਈ ਦਾ ਸਾਧਨ ਸਮਝ ਕੇ ਆਪਣੇ ਘਰ ਧੰਨ ਨਾਲ ਭਰਨੇ ਸ਼ੁਰੂ ਕਰ ਦਿੱਤੇ ਹੋਏ ਹਨ। ਇਸ ਕਰਕੇ ਇਨਾਂ ਨੂੰ ਰਾਜਨੀਤੀ ਵਿੱਚੋਂ ਚਲਦਾ ਕੀਤਾ ਜਾਵੇ। ਪਰ ਕਿਸਾਨ ਆਗੂਆਂ ਨੇ ਇਕ ਗੰਭੀਰ ਗਲਤੀ ਇਹ ਕੀਤੀ ਕਿ ਉਨਾਂ ਨੇ ਇਸ ਦਾ ਕੋਈ ਬਦਲ ਨਾ ਦਿੱਤਾ ਕਿ ਰਵਾਇਤੀ ਪਾਰਟੀਆਂ ਦੇ ਆਗੂਆਂ ਦੀ ਥਾਂ ਤੇ ਫਿਰ ਹੋਰ ਕਿੰਨਾ ਆਗੂਆਂ ਨੂੰ ਚੁਣਿਆ ਜਾਵੇ? ਲੋਕਾਂ ਨੂੰ ਇੰਝ ਲਗਾ ਕਿ ਜਿਵੇਂ ਕਿਸਾਨ ਆਗੂਆਂ ਨੇ ਅੰਦਰ ਖਾਤੇ ਕੋਈ ਯੋਜਨਾ ਜਰੂਰ ਬਣਾਈ ਹੋਵੇਗੀ ਕਿ ਚੋਣਾਂ ਸਮੇਂ ਉਹ ਰਵਾਇਤੀ ਪਾਰਟੀਆਂ ਦੇ ਆਗੂਆਂ ਦੀ ਥਾਂ ਤੇ ਹੋਰ ਕਿਨਾਂ ਆਗੂਆਂ ਨੂੰ ਵੋਟਾਂ ਪਾਉਣ! ਦੇਸ਼ ਦੇ ਲੋਕ ਭਲੀਭਾਂਤ ਇਹ ਵੀ ਜਾਣਦੇ ਹਨ ਕਿ ਮੋਦੀ ਦੀ ਭਾਜਪਾ ਸਰਕਾਰ ਨੂੰ ਉਹ ਨਹੀਂ ਚਲਾ ਰਹੇ ਬਲਕਿ ਰ.ਸ.ਸ. ਦੀ ਉੱਚ ਲੀਡਰਸ਼ਿਪ ਚਲਾ ਰਹੀ ਹੈ ਜੋ ਜੋ ਨਿਰਦੇਸ਼ ਉਨਾਂ ਵਲੋਂ ਭਾਜਪਾ ਸਰਕਾਰ ਨੂੰ ਦਿੱਤੇ ਜਾਂਦੇ ਹਨ ਉਸੇ ਮੁਤਾਬਿਕ ਭਾਜਪਾ ਕੰਮ ਕਰਦੀ ਆ ਰਹੀ ਹੈ। ਇਹ ਵੀ ਚਰਚਾ ਵਿੱਚ ਹੈ ਕਿ ਬੜੀ ਗਹਿਰੀ ਸਾਜਿਸ਼ ਅਧੀਨ ਹੀ ਰ.ਸ.ਸ. ਦੇ ਹੁਕਮਾਂ ਤੇ ਸ੍ਰੀ ਨਰਿੰਦਰ ਮੋਦੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜ੍ਹੇ ਤੇ ਕਾਨੂੰਨ ਵਾਪਿਸ ਲਏ ਸਨ । ਰ.ਸ.ਸ. ਨੇ ਭਾਜਪਾ ਸਰਕਾਰ ਵਿਸ਼ੇਸ਼ ਕਰਕੇ ਸ੍ਰੀ ਨਰਿੰਦਰ ਮੋਦੀ ਦੀ ਇਸ ਹੋਈ ਭਾਰੀ ਹੇਠੀ ਦਾ ਬਦਲਾ ਲੈਣ ਲਈ ਉਸੇ ਦਿਨ ਤੋਂ ਹੀ ਕਿਸਾਨਾਂ ਨੂੰ ਆਪਸ ਲੜਾਉਣ ਦੀਆਂ ਤਰਕੀਬਾਂ ਘੜਣੀਆਂ ਸ਼ੁਰੂ ਕਰ ਦਿੱਤੀਆਂ ਸਨ। ਤੁਹਾਨੂੰ ਇਹ ਵੀ ਯਾਦ ਹੋਵੇਗਾ ਇਸੇ ਹਿੰਦੂ ਜਥੇਬੰਦੀ ਨੂੰ ਭਿਣਕ ਪੈ ਗਈ ਸੀ ਕਿ ਮਾਰਚ 2022 ਵਿੱਚ ਪੰਜਾਬ ਵਿੱਚ ਹੋ ਰਹੀਆਂ ਚੋਣਾਂ ਵਿੱਚ ਲੋਕ ਰਵਾਇਤੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਵੋਟਾਂ ਨਹੀਂ ਪਾਉਣਗੇ। ਇਨਾਂ ਚੋਣਾਂ ਵਿੱਚ ਕਿਸਾਨ ਆਗੂ ਆਪਣੇ ਉਮੀਦਵਾਰ ਜਰੂਰ ਖੜ੍ਹੇ ਕਰਨਗੇ, ਕਿਧਰੇ ਇਹ ਨਾ ਹੋ ਜਾਵੇ ਕਿ ਪੰਜਾਬ ਦੇ ਲੋਕ ਰਵਾਇਤੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਹਰਾ ਕੇ ਪੰਜਾਬ ਵਿੱਚ ਕਿਸਾਨ ਆਪਣੀ ਸਰਕਾਰ ਨਾ ਬਣਾ ਲੈਣ !ਇਹ ਵੀ ਖਦਸ਼ਾ ਪ੍ਰਗਟਾਇਆ ਜਾ ਰਿਹਾ ਕਿ ਰ.ਸ.ਸ. ਨੇ ਕਿਸਾਨ ਜਥੇਬੰਦੀਆਂ ਵਿੱਚ ਆਪਣੇ ਬੰਦੇ ਗੁਪਤ ਤੌਰ 'ਤੇ ਦਿੱਲੀ ਵਿਖੇ ਚਲ ਰਹੇ ਕਿਸਾਨ ਸੰਘਰਸ਼ ਦੌਰਾਨ ਹੀ ਵਾੜ੍ਹ ਦਿੱਤੇ ਸਨ। ਸਭ ਨੂੰ ਯਾਦ ਹੋਵੇਗਾ ਕਿ ਪੰਜਾਬ



ਵਿੱਚ ਹੋ ਰਹੀਆਂ ਚੋਣਾਂ ਦੌਰਾਨ ਸ੍ਰੀ ਕੇਜਰੀਵਾਲ ਜਿਹੜਾ ਰ.ਸ.ਸ. ਦਾ ਹਿੰਦੂਤਵੀ ਆਗੂ ਹੈ ਉਸ ਨੇ ਸ੍ਰ ਬਲਬੀਰ ਸਿੰਘ ਰਾਜੇਵਾਲ ਨੂੰ ਆਮ ਆਦਮੀ ਪਾਰਟੀ ਵਲੋਂ ਮੁੱਖ ਮੰਤਰੀ ਬਣਾਏ ਜਾਣ ਦਾ ਝਾਂਸਾ ਦੇ ਕੇ ਕਿਸਾਨਾਂ ਦੇ ਸਾਰੇ ਵਿੰਗਾਂ ਨੂੰ ਆਪਸ ਵਿੱਚ ਲੜਾਉਣ ਦੀ ਕੋਝੀ ਚਾਲ ਚਲੀ ਜਿਸ ਤਹਿਤ ਉਨਾਂ ਨੇ ਪਹਿਲਾਂ ਸ੍ਰ ਰਾਜੇਵਾਲ ਨੂੰ ਆਮ ਆਦਮੀ ਪਾਰਟੀ ਵਲੋਂ ਮੁੱਖ ਮੰਤਰੀ ਬਣਾਏ ਜਾਣ ਦਾ ਜੋਰ ਸ਼ੋਰ ਨਾਲ ਪ੍ਰਚਾਰ ਕੀਤਾ ਤਾਂ ਕਿ ਕਿਸਾਨਾਂ ਦੇ ਦੂਜੇ ਧੜ੍ਹਿਆਂ ਨੂੰ ਸ੍ਰ ਰਾਜੇਵਾਲ ਵਿਰੁੱਧ ਚੁੱਕ ਕੇ ਆਪਸ ਵਿੱਚ ਲੜਾਇਆ ਜਾ ਸਕੇ। ਪਹਿਲਾਂ ਕਿਸਾਨਾਂ ਦੀਆਂ ਕਈ ਜਥੇਬੰਦੀਆਂ ਚੋਣਾਂ ਵਿੱਚ ਭਾਗ ਲੈਣ ਲਈ ਸਹਿਮਤ ਹੋ ਗਈਆਂ ਇਥੋਂ ਤਕ ਕਿ ਕਿਸਾਨ ਜਥੇਬੰਦੀ ਦੇ ਆਗੂ ਸ੍ਰ ਜੁਗਿੰਦਰ ਸਿੰਘ ਉਗਰਾਹਾਂ ਨੇ ਵੀ ਇਹ ਬਿਆਨ ਦੇ ਦਿੱਤਾ ਕਿ ਕਿਸਾਨਾਂ ਨੇ ਵੋਟਾਂ ਤਾਂ ਪਾਉਣੀਆਂ ਹਨ ਅਸੀ ਕਿਸੇ ਨੂੰ ਨਹੀਂ ਰੋਕਾਂਗੇ ਉਨਾਂ ਦਾ ਜਿਥੇ ਦਿੱਲ ਕਰੇ ਆਪਣੀਆਂ ਵੋਟਾਂ ਪਾ ਦੇਣ। ਇਹ ਵੀ ਇਕ ਤਰ੍ਹਾਂ ਦੀ ਚੋਣਾਂ ਪ੍ਰਤੀ ਸਹਿਮਤੀ ਸੀ! ਪਰ ਬੜੀ ਜਲਦੀ ਬਹੁਤ ਸਾਰੀਆਂ ਜਥੇਬੰਦੀਆਂ ਦੇ ਆਗੂ ਕਿਸਾਨ ਉਮੀਦਵਾਰਾਂ ਨੂੰ ਚੋਣਾਂ ਲਈ ਖੜ੍ਹੇ ਕਰਵਾ ਕੇ ਫਿਰ ਆਪ ਪਿਛਾਂਹ ਹੱਟ ਗਏ। ਜਿਸ ਦਾ ਨਤੀਜਾ ਇਹ ਹੋਇਆ ਕਿ ਚੋਣਾਂ ਵਿੱਚ ਸਿਰਫ ਸ੍ਰ ਬਲਬੀਰ ਸਿੰਘ ਰਾਜੇਵਾਲ ਦੀ ਜਥੇਬੰਦੀ ਇੱਕਲੀ ਰਹਿ ਗਈ ਉਨਾਂ ਦਾ ਕੀ ਨਤੀਜਾ ਨਿਕਲਿਆ? ਉਹ ਅਸੀ ਤੁਸੀ ਸਭ ਜਾਣਦੇ ਹਾਂ ਕਿ ਕਿਵੇਂ ਕਿਸਾਨਾਂ ਨੂੰ ਆਪਸ ਵਿੱਚ ਲੜਾ ਕੇ ਰ.ਸ.ਸ. ਨੇ ਸ੍ਰੀ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਜਿਸ ਨੂੰ "ਭਾਜਪਾ ਦੀ ਬੀ ਟੀਮ" ਕਹਿੰਦੇ ਹਨ ਪੰਜਾਬ ਵਿੱਚ 117 ਵਿੱਚੋਂ 92 ਸੀਟਾਂ ਲੈ ਕੇ ਆਪਣੀ ਸਰਕਾਰ ਬਣਾ ਗਈ। ਭੋਲੇ ਭਾਲੇ ਕਿਸਾਨਾਂ ਨੂੰ ਆਪਣੀ ਸ਼ਤਰੰਗੀ ਚਾਲ ਨਾਲ ਮਾਤ ਪਾ ਦਿੱਤਾ। ਲੋਕ ਇਹ ਵੀ ਜਾਣਦੇ ਹਨ ਕਿ ਕਿਵੇਂ ਕਿਸਾਨ ਸੰਘਰਸ਼ ਕਮੇਟੀ ਦੇ ਆਗੂਆਂ ਨੇ 26 ਜਨਵਰੀ ਨੂੰ ਨਿਕਲਣ ਵਾਲੇ 'ਟਰੈਕਟਰ ਮਾਰਚ' ਦਾ ਬਕਾਇਦਾ ਤੌਰਤੇ ਰੂਟ ਦਿੱਤਾ ਹੋਇਆ ਸੀ ਜਿਸ ਰਾਹੀਂ ਇਸ ਲਾਮਿਸਾਲ ਮਾਰਚ ਨੇ ਜਾਣਾ ਸੀ। ਉਹ ਲਗਾਤਾਰ ਤਿੰਨ ਦਿਨ ਤੋਂ ਵਧੇਰੇ ਚਲਣਾ ਸੀ ਜਿਸ ਨੂੰ ਦਿੱਲੀ ਦੇ ਲੋਕਾਂ ਨੇ ਵੇਖਣਾ ਸੀ ਇਨਾਂ ਹੀ ਆਗੂਆਂ ਨੇ ਉਸ ਮਾਰਚ ਦਾ ਰੁੱਖ ਬੜੀ ਗਹਿਰੀ ਸਾਜਿਸ਼ ਤਹਿਤ ਤਾਰ ਪੀੜੂ ਕੀਤਾ। ਉਸ ਦੇ ਜਿੰਮਵਾਰ ਵੀ ਇਹ ਕਿਸਾਨ ਆਗੂ ਹੀ ਸਨ ਜਿਹੜੇ ਇਸ ਸਮੇਂ ਖਨੌਰੀ ਤੇ ਸ਼ੰਭੂ ਵਿਖੇ ਪਿਛਲੇ ਕਾਫੀ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਹਨ। ਉਦੋਂ ਵੀ ਦੀਪ ਸਿੱਧੂ, ਵੱਡੀ ਗਿਣਤੀ ਵਿੱਚ ਨਿਹੰਗ ਸਿੰਘ ਕਿਰਪਾਨਾ ਲੈ ਕੇ ਕਿਵੇਂ 25 ਜਨਵਰੀ ਨੂੰ ਰਾਤ 9 ਵਜੇ ਜਦੋਂ ਕਿਸਾਨ ਸੰਘਰਸ਼ ਕਮੇਟੀ ਆਗੂ ਸਟੇਜ ਤੋਂ ਚਲੇ ਗਏ ਸਨ ਉਨਾਂ ਦੀ ਸਟੇਜ ਤੇ ਜਬਰੀ ਕਬਜਾ ਕਰਕੇ ਸਵੇਰੇ 26 ਜਨਵਰੀ ਨੂੰ ਨਿਕਲਣ ਵਾਲੇ ਟਰੈਕਟਰ ਮਾਰਚ ਦਾ ਰਾਹ ਮਿਥੇ ਰਸਤੇ ਤੇ ਲਿਜਾਉਣ ਦੀ ਥਾਂ ਤੇ ਲਾਲ ਕਿਲੇ ਵਲ ਲਿਜਾਣ ਦਾ ਐਲਾਨ ਕਰ ਦਿੱਤਾ। ਇਹ ਹੀ ਨਹੀਂ ਦਿੱਤੇ ਗਏ ਤਹਿਸ਼ੁਦਾ ਪ੍ਰੋਗਰਾਮ ਤੋਂ ਕਾਫੀ ਸਮਾਂ ਪਹਿਲਾਂ ਹੀ ਮਾਰਚ ਨੂੰ ਸ਼ੁਰੂ ਕਰਾਕੇ ਉਸ ਨੂੰ ਲਾਲ ਕਿਲੇ ਵੱਲ ਤੋਰ ਦਿੱਤਾ। ਉਸ ਦਾ ਕੀ ਨਤੀਜਾ ਨਿਕਲਿਆ? ਉਸ ਨੂੰ ਵੀ ਸਾਰੇ ਦੇਸ਼ ਦੇ ਲੋਕ ਜਾਣਦੇ ਹਨ ਕਿ ਕਿਵੇਂ ਉਸ ਸਫ਼ਲ ਸੰਘਰਸ਼ ਨੂੰ ਇਕ ਤਰਾਂ ਦਾ ਖਤਮ ਕਰਕੇ ਰੱਖ ਦਿੱਤਾ ਸੀ। 'ਭਲਾ ਹੋਵੇ' ਕਿਸਾਨ ਆਗੂ ਰਾਕੇਸ਼ ਟਿਕੈਤ ਦੇ ਅਥਰੂਆਂ ਦਾ, ਜਿਸ ਨੇ ਕਿਸਾਨ ਸੰਘਰਸ਼ ਨੂੰ ਮੁੜ੍ਹ ਆਪਣੀ ਲੀਹ ਤੇ ਲੈ ਆਂਦਾ। ਕਿਸਾਨ ਆਗੂਆਂ ਜਿਨਾਂ ਵਿੱਚੋਂ ਕੁਝ ਕਿਸਾਨ ਆਗੂ ਰ.ਸ.ਸ. ਦੀ ਨੀਤੀ ਨੂੰ ਹੁਣ ਤਕ ਨਾ ਸਮਝਦੇ ਹੋਏ ਉਨਾਂ ਦੀਆਂ ਖਤਰਨਾਕ ਚਾਲਾਂ ਦਾ ਸ਼ਿਕਾਰ ਹੋ ਰਹੇ ਹਨ। ਇਹ ਵੀ ਅਵਾਜਾਂ ਉੱਠਣੀਆਂ ਸ਼ੁਰੂ ਹੋ ਗਈਆਂ ਹਨ ਕਿ ਸ੍ਰ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਵੀ ਉਨਾਂ ਕਿਸਾਨ ਆਗੂਆਂ ਵਲੋਂ ਮਿਥੀ ਸਾਜਿਸ਼ ਤਹਿਤ ਸ਼ੁਰੂ ਕਰਾਇਆ ਗਿਆ ਜੋ ਅੰਦਰੋ ਖਾਤੀ ਮੋਦੀ ਸਰਕਾਰ ਤੇ ਰ.ਸ.ਸ. ਨਾਲ ਰਲੇ ਹੋਏ ਹਨ। ਇਹ ਉਹ ਹੀ ਆਗੂ ਦਸੇ ਜਾਂਦੇ ਹਨ ਜਿਨਾਂ ਨੇ ਦਿੱਲੀ ਵਿਖੇ ਇਸ ਅੰਦੋਲਨ ਨੂੰ ਗਰਮ ਗਰਮ ਨਾਹਰੇ ਦੇ ਕੇ ਪਹਿਲਾਂ ਲਾਲ ਕਿਲ੍ਹੇ ਵੱਲ ਤੋਰਿਆ ਤੇ ਉਸ ਨੂੰ ਫੇਲ੍ਹ ਕਰਾਉਣ ਦੀ ਕੋਹਝੀ ਕੋਸ਼ਿਸ਼ ਕੀਤੀ ਸੀ। ਅੱਜ ਦੇ ਕਿਸਾਨ ਸੰਘਰਸ਼ ਕਮੇਟੀ ਦੇ ਆਗੂਆਂ ਨੂੰ ਫੂਕ ਫੂਕ ਕੇ ਕਦਮ ਰੱਖਣ ਦੀ ਜਰੂਰਤ ਹੈ। ਭਾਜਪਾ ਨੇ ਆਪਣਾ ਮਕੜ੍ਹ ਜਾਲ ਕਿਸਾਨਾਂ ਵਿੱਚ ਪੂਰੀ ਤਰਾਂ ਵਿਛਾ ਲਿਆ ਲਗਦਾ ਹੈ।ਉਨਾਂ ਨੂੰ ਕਰੜ੍ਹੀ ਝਾਤ ਮਾਰਨ ਦੀ ਜਰੂਰਤ ਹੈ ।ਮਨ ਲਉ ਕਿ ਮਰਨ ਵਰਤ ਤੇ ਬੈਠੇ ਸ੍ਰ ਜਗਜੀਤ ਸਿੰਘ ਡੱਲੇਵਾਲ ਤੇ ਸਰਵਣ ਸਿੰਘ ਪੰਧੇਰ ਜਿਨਾਂ ਨੂੰ ਰ.ਸ.ਸ. ਵਰਤ ਰਹੀ ਹੈ।ਪਰ ਬਾਕੀ ਕਿਸਾਨ ਜਥੇਬੰਦੀਆਂ ਨੂੰ ਚੇਤੇ ਰੱਖਣਾ ਪਏਗਾ ਕਿ ਹਰਿਆਣਾ ਸਰਕਾਰ ਨੇ ਪਹਿਲਾਂ ਸੰਘਰਸ਼ ਲੜ੍ਹ ਰਹੇ ਇਨਾਂ ਕਿਸਾਨਾਂ ਨੂੰ ਕਿਹਾ ਕਿ ਤੁਸੀ ਟਰੈਕਟਰਾਂ ਤੇ ਦਿੱਲੀ ਨਹੀਂ ਜਾ ਸਕਦੇ, ਤੁਸੀ ਦਿੱਲੀ ਪੈਦਲ ਜਾ ਸਕਦੇ ਹੋ, ਜਦੋਂ ਕਿਸਾਨ ਪੈਦਲ ਜਾਣ ਲਗੇ ਤਾਂ ਉਨਾਂ ਨੂੰ ਪੈਦਲ ਵੀ ਨਹੀਂ ਜਾਣ ਦਿੱਤਾ ਉਨਾਂ ਤੇ ਪੁਲੀਸ ਵਲੋਂ ਕਈ ਦਿਨ ਤਸ਼ੱਦਦ ਕੀਤਾ ਜਾਂਦਾ ਰਿਹਾ, ਬੜੀ ਸਖਤਾਈ ਵਰਤ ਕੇ ਦਿੱਲੀ ਨਹੀਂ ਜਾਣ ਦਿੱਤਾ। ਇਹ ਵੀ ਠੀਕ ਹੈ ਕਿ ਸ੍ਰ ਜਗਜੀਤ ਸਿੰਘ ਡੱਲੇਵਾਲ ਤੇ ਸ੍ਰ ਸਰਵਣ ਸਿੰਘ ਪੰਧੇਰ ਨੇ ਕਿਸਾਨ ਸੰਘਰਸ਼ ਮੋਰਚੇ ਦੇ ਆਗੂਆਂ ਨਾਲ ਸਲਾਹ ਮਸ਼ਵਰਾ ਕੀਤੇ ਬਿਨਾ, ਇੱਕਲੇ ਤੌਰਤੇ ਸ਼ੰਭੂ ਤੇ ਖਨੌਰੀ ਵਿਖੇ ਸੰਘਰਸ਼ ਅਰੰਭ ਕੀਤਾ ਹੈ। ਭਾਰਤ ਦੀ ਸਰਕਾਰ ਵਲੋਂ ਕਿਸਾਨਾਂ ਵਲੋਂ ਵਾਪਿਸ ਕਰਾਏ ਤਿੰਨ ਕਾਲੇ ਕਾਨੂੰਨਾਂ ਨੂੰ ਮੁੜ੍ਹ ਤੋਂ ਨਵੀਂ ਦਿਸ਼ਾ ਮੁਤਾਬਿਕ ਲਾਗੂ ਕਰਨ ਲਈ ਪ੍ਰਾਂਤਾਂ ਨੂੰ ਪੱਤਰ ਲਿਖੇ। ਏਨਾ ਕੁਝ ਹੋ ਸਕਣ ਤੇ ਵੀ ਬਾਕੀ ਦੀਆ ਸਾਰੀਆਂ ਕਿਸਾਨ ਜਥੇਬੰਦੀਆਂ ਦਾ ਖਾਮੋਸ਼ ਰਹਿਣਾ, ਸਰਕਾਰ ਦੀ ਨੀਤੀ ਦਾ ਵਿਰੋਧ ਨਾ ਕਰਨਾ, ਕੀ ਸਾਬਤ ਕਰ ਰਿਹਾ ਹੈ? ਸ਼ਾਇਦ ਇਹ ਦਸਣ ਦੀ ਜਰੂਰਤ ਨਹੀਂ ਬੜੀ ਸਪਸ਼ਟ ਹੈ ਕਿ ਮੋਦੀ ਸਰਕਾਰ ਕਿਸਾਨਾਂ ਨੂੰ ਆਪਸ ਵਿੱਚ ਵੰਡਣ ਵਿੱਚ ਆਪਣੀ ਚਾਲ ਵਿੱਚ ਕਾਮਯਾਬ ਹੋ ਰਹੀ ਹੈ। 'ਇਹ ਵੇਲਾ ਸਾਰੇ ਕਿਸਾਨਾਂ ਦੇ ਚੁੱਪ ਵੱਟਣ ਦਾ ਨਹੀਂ" ਬਲਕਿ ਰੱਲ ਕੇ ਸਾਂਝੀ ਮੁਹਿੰਮ ਨੂੰ ਚਲਾਉਣ ਲਈ ਕਿਸਾਨਾਂ ਨੂੰ ਜਾਗ੍ਰਿਤ ਕਰਨ ਦੀ ਜਰੂਰਤ ਹੈ। ਕਿਸਾਨ ਜਥੇਬੰਦੀਆਂ ਨੂੰ ਸ੍ਰ ਜਗਜੀਤ ਸਿੰਘ ਡੱਲੇਵਾਲ ਦੇ ਮਰਨਵਰਤ ਤੋਂ ਉਚੇ ਉੱਠ ਕੇ ਕਿਸਾਨਾਂ ਨੂੰ ਆਪਣੀ ਹੋਂਦ ਨੂੰ ਬਚਾਉਣ ਦੀ ਜਰੂਰਤ ਹੈ ਇਹ ਹੁਣ ਕਿਸਾਨਾਂ ਨੇ ਵੇਖਣਾ ਹੈ ਕਿ ਉਨਾਂ ਨੇ ਸਿੱਖਾਂ ਦੇ ਬੇਤਾਜ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਜਿਸ ਨੇ ਕਿਸਾਨਾਂ ਨੂੰ ਮੁਜਾਰਿਆਂ ਤੋਂ 'ਮਾਲਕ' ਬਣਾਇਆ ਸੀ, ਕੀ ਉਨਾਂ ਨੇ ਮਾਲਕ ਬਣੇ ਰਹਿਣ ਨੂੰ ਤਰਜੀਹ ਦੇਣੀ ਹੈ ਜਾਂ ਕਿ 'ਮੁਜਾਰੇ' ਬਣਨਾ ਹੈ। ਜੇਕਰ ਕਿਸਾਨਾਂ ਦੀਆਂ ਸਾਰੀਆਂ ਕਿਸਾਨ ਸੰਘਰਸ਼ ਕਮੇਟੀਆਂ ਇਸ ਹਾਲਤ ਵਿੱਚ ਖਾਮੋਸ਼ ਰਹਿੰਦੀਆ ਹਨ ਤੇ ਕਿਸਾਨਾਂ ਨੂੰ ਲਾਮਬੰਦ ਕਰਕੇ ਸਘੰਰਸ਼ ਨਹੀਂ ਕਰਦੀਆਂ ਤਾਂ ਉਹ ਆਪਣੇ ਪੈਰਾਂ ਤੇ ਉਹ ਆਪ ਹੀ ਕੁਹਾੜ੍ਹਾ ਮਾਰ ਰਹੀਆਂ ਹਨ। ਉਹ ਜਰੂਰ ਮੋਦੀ ਤੇ ਕਾਰਪੋਰੇਟਾਂ ਦੀ ਚਾਲਾਂ ਨੂੰ ਨੇਪਰੇ ਚੜਾ ਕੇ ਆਪ ਹੀ ਮਾਲਕ ਤੋਂ ਮੁਜਾਰੇ ਬਣਨ ਨੂੰ ਸਵੀਕਾਰ ਕਰ ਰਹੀਆਂ ਹਨ। ਕਿਸਾਨਾਂ ਦੇ ਸਾਰੇ ਆਗੂਆਂ ਤੇ 'ਸ਼ਾਹ ਮੁਹੰਮਦ' ਦੀ ਆਖੀ ਇਹ ਗੱਲ ਵੀ ਜਰੂਰ ਢੁੱਕੇਗੀ ਕਿ "ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ"!

## ਪੁਸਤਕ ਸਮੀਖਿਆ

**ਲਾ-ਪਤਾ**

**ਰੀਵਿਊਕਾਰ: ਬਲਜਿੰਦਰ ਮਾਨ 98150 18947**

**ਲੇਖਿਕਾ: ਮਨਜੀਤ ਕੌਰ ਮੀਤ**

**ਪ੍ਰਕਾਸ਼ਕ: ਤਰਲੋਚਨ ਪਬਲਿਸ਼ ਚੰਡੀਗੜ੍ਹ, ਪੰਨੇ: 111, ਮੁੱਲ 200 /-**



ਪੰਜਾਬੀ ਕਹਾਣੀ ਦੇ ਖੇਤਰ ਵਿੱਚ ਨਵੇਂ ਨਵੇਂ ਤਜਰਬੇ ਕੀਤੇ ਜਾ ਰਹੇ ਹਨ। ਬੀਤੇ ਸਮੇਂ ਦੀਆਂ ਚਾਰ ਪੀੜ੍ਹੀਆਂ ਦੀ ਕਹਾਣੀ ਨੂੰ ਪੜ੍ਹੀਏ ਤਾਂ ਇੰਝ ਪ੍ਰਤੀਤ ਹੁੰਦਾ ਹੈ ਕਿ ਕਹਾਣੀ ਕਲਾ ਤੇ ਆਏ ਸਾਲ ਨਿਖਾਰ ਆ ਰਿਹਾ ਹੈ। ਨਵੇਂ ਨਵੇਂ ਕਹਾਣੀਕਾਰ ਆਪੋ ਆਪਣੀ ਸਮਰੱਥਾ ਅਨੁਸਾਰ ਇਸ ਕਲਾ ਅਤੇ ਵਿਧਾ ਤੇ ਕਾਰਜਸ਼ੀਲ ਹਨ। ਉਨ੍ਹਾਂ ਵੱਲੋਂ ਭਖਦੇ ਮਸਲਿਆਂ ਨੂੰ ਆਪਣੀਆਂ ਕਹਾਣੀਆਂ ਵਿੱਚ ਵਿਚਾਰਿਆ ਤੇ ਨਿਖਾਰਿਆ ਜਾ ਰਿਹਾ ਹੈ। ਪਾਠਕਾਂ ਵੱਲੋਂ ਸਭ ਤੋਂ ਵੱਧ ਪਿਆਰ ਮੁਹੱਬਤ ਵੀ ਕਹਾਣੀ ਨਾਲ ਹੀ ਕੀਤੀ ਜਾਂਦੀ ਹੈ। ਚਾਰ ਮਿੰਨੀ ਕਹਾਣੀ ਸੰਗ੍ਰਹਿਆਂ ਦੀ ਪ੍ਰਕਾਸ਼ਨਾ ਤੋਂ ਬਾਅਦ ਹੁਣ ਲੇਖਿਕਾ ਮਨਜੀਤ ਕੌਰ ਮੀਤ ਛੋਟੀ ਕਹਾਣੀ ਸਿਰਜਣ ਵਿੱਚ ਸਰਗਰਮ ਹੋਈ ਹੈ। 'ਲਾ -ਪਤਾ ' ਕਹਾਣੀ ਸੰਗ੍ਰਹਿ ਫੌਜੀ ਦੇ ਜੀਵਨ ਨਾਲ ਸੰਬੰਧਿਤ ਕਹਾਣੀਆਂ ਪੇਸ਼ ਕਰਦਾ ਹੈ। 18 ਕਹਾਣੀਆਂ ਦੇ ਇਸ ਸੰਗ੍ਰਹਿ ਵਿੱਚ ਸਮਾਜਿਕ, ਆਰਥਿਕ, ਰਾਜਸੀ, ਬਾਰਡਰ ਅਤੇ ਰਿਸ਼ਤਿਆਂ ਦੀ ਤੰਦ ਤਾਣੀ ਨੂੰ ਪੇਸ਼ ਕੀਤਾ ਗਿਆ ਹੈ। ਮਨਜੀਤ ਕੌਰ ਮੀਤ ਨੇ ਉੱਘੇ ਸਾਹਿਤਕਾਰਾਂ ਦੀ ਸੰਗਤ ਵਿੱਚੋਂ ਹੀ ਸਾਹਿਤ ਸਿਰਜਣਾ ਦਾ ਬਲ ਸਿੱਖਿਆ ਹੈ। ਆਪ ਕੋਲ ਆਪਣੀ ਗੱਲ ਕਹਿਣ ਲਈ ਮੁਹਾਵਰੇਦਾਰ ਬੋਲੀ ਅਤੇ ਵਿਸ਼ਾਲ ਸ਼ਬਦ ਭੰਡਾਰ ਹੈ। ਇਹਨਾਂ ਸ਼ਬਦਾਂ ਨੂੰ ਸੱਚ ਦੀ ਟਕਸਾਲ ਤੇ ਪਰਖ ਕੇ ਹੀ ਉਹ ਨਵੀਂ ਕਹਾਣੀ ਨੂੰ ਨਵਾਂ ਰੂਪ ਪ੍ਰਦਾਨ ਕਰਦੇ ਹਨ।

ਇਸ ਕਹਾਣੀ ਸੰਗ੍ਰਹਿ ਦਾ ਪਾਠ ਕਰਦਿਆਂ ਜਿੱਥੇ ਸਾਨੂੰ ਪੁਰਾਤਨ ਸਮੇਂ ਦੀਆਂ ਰਹੁ ਰੀਤਾਂ ਦਾ ਗਿਆਨ ਹੁੰਦਾ ਹੈ ਉੱਥੇ ਆਧੁਨਿਕ ਸਮੇਂ ਵਿੱਚ ਵਰਤ ਰਹੇ ਵਰਤਾਰਿਆਂ ਦੇ ਬਾਰੇ ਵੀ ਜਾਣਕਾਰੀ ਮਿਲਦੀ ਹੈ। ਦੇਸ਼ ਨੇ ਅਤੇ ਸਮਾਜ ਨੇ ਕਿਹੜੀਆਂ ਲੀਹਾਂ ਅਪਣਾਈਆਂ ਹਨ ਉਹਨਾਂ ਦੀਆਂ ਪਰਤਾਂ ਵੀ ਫਰੋਲੀਆਂ ਗਈਆਂ ਹਨ। ਸਮਾਜਿਕ ਤਾਣੇ ਬਾਣੇ ਵਿੱਚ ਆਈਆਂ ਉਲਝਣਾ ਨੂੰ ਸਿਰਫ ਪੇਸ਼ ਹੀ ਨਹੀਂ ਕੀਤਾ ਸਗੋਂ ਮਨੁੱਖੀ ਮਾਨਸਿਕਤਾ ਦਾ ਚਿਤਰਨ ਵੀ ਕੀਤਾ ਹੈ। ਵਿਸ਼ੇਸ਼ ਕਰਕੇ ਇਸਤਰੀ ਤੇ ਹੁੰਦੇ ਅੱਤਿਆਚਾਰ ਅਤੇ ਭੇਦ ਭਾਵ ਨੂੰ ਉਚੇਚੀ ਥਾਂ ਦਿੱਤੀ ਗਈ ਹੈ। ਔਰਤ ਦੇ ਰੂਪ ਨੂੰ ਕੁਝ ਕਹਾਣੀਆਂ ਵਿੱਚ ਦਲੇਰ ਅਤੇ ਕੁਝ ਵਿੱਚ ਡਰਪੋਕ ਦਿਖਾਇਆ ਗਿਆ ਹੈ। ਜਦ ਕਿ ਉਸ ਦੀ ਮਿਹਨਤ ਅਤੇ ਲਗਨ ਨਵੇਂ ਜੀਵਨ ਦੀ ਤਲਾਸ਼ ਵਿੱਚ ਹੈ। ਲੋੜ ਅਨੁਸਾਰ ਵਾਰਤਾਲਾਪ ਵੀ ਕਰਵਾਈ ਗਈ ਹੈ। ਕਹਾਣੀਆਂ ਦੀ ਨਾਟਕਿਆਤਾ ਹਰ ਕਿਸੇ ਨੂੰ ਪ੍ਰਭਾਵਿਤ ਕਰਦੀ ਹੈ। ਕਹਾਣੀ ਬਦ ਕਿਸਮਤੀ ਦੇ ਇਹ ਸ਼ਬਦ ਦੇਸ਼ ਵਿੱਚ ਵਰਤ ਰਹੇ ਭੈੜੇ ਵਰਤਾਰਿਆਂ ਦੇ ਪਿੱਛੇ ਛੁਪੀਆਂ ਤਲਖ ਹਕੀਕਤਾਂ ਨੂੰ ਬਿਆਨ ਕਰਦੇ ਹਨ : ਪੁੱਤ ਦੀ ਅਚਾਨਕ ਹੋ ਚੁੱਕੀ ਮੌਤ ਦਾ ਸੁਣ ਕੇ ਮੀਤੋ ਇੱਕ ਵਾਰ ਫੇਰ ਦੇਸ਼ ਦੇ ਹਾਕਮਾਂ ਨੂੰ ਬਦ ਦੁਆਵਾਂ ਦੇ ਰਹੀ ਸੀ- 'ਹੋਰ ਕਿੰਨੇ ਕੁ ਘਰਾਂ ਦੇ ਦੀਵੇ ਬੁਝਾ ਕੇ ਸਾਹ ਲਵੋਗੇ ਤੁਸੀਂ ਧਰਮ ਦੇ ਠੇਕੇਦਾਰੋ? ਆਪਣੀਆਂ ਕੁਰਸੀਆਂ ਦੇ ਲਾਲਚ ਵਿੱਚ ਧਰਮਾਂ ਨੂੰ ਕਿਉਂ ਲੈਂਦੇ ਹੋ'?

ਇਸੇ ਤਰ੍ਹਾਂ ਕੁਝ ਕਹਾਣੀਆਂ ਵਿੱਚ ਰਿਸ਼ਤਿਆਂ ਦੇ ਹੁੰਦੇ ਘਾਣ ਨੂੰ ਵੀ ਬਿਆਨ ਕੀਤਾ ਗਿਆ ਹੈ। ਪਿਆਰ ਵਿੱਚ ਵਪਾਰ ਅਤੇ ਰੂਹਾਨੀ ਪਿਆਰ ਦੀ ਕਮੀ ਹਰ ਪਾਸੇ ਦਿਖਾਈ ਦੇ ਰਹੀ ਹੈ। ਲੇਖਿਕਾ ਨੇ ਇਹਨਾਂ ਕਹਾਣੀਆਂ ਰਾਹੀਂ ਹਰ ਇੱਕ ਨੂੰ ਆਪੋ ਆਪਣੀ ਜਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਣ ਦੀ ਪ੍ਰੇਰਨਾ ਦਿੱਤੀ ਹੈ। ਕੁਝ ਕਹਾਣੀਆਂ ਵਿੱਚ ਸੁਭਾਵਿਕਤਾ ਨਜ਼ਰ ਨਹੀਂ ਆਉਂਦੀ ਜਿਵੇਂ ਇੱਕ ਫੌਜੀ ਦਾ ਸੀਮਾਂ ਤੇ ਮੁਕਾਬਲੇ ਵਿੱਚ ਲੜਦਿਆਂ ਘਰ ਵਾਲੀ ਨੂੰ ਫੋਨ ਕਰਨਾ ਸੰਭਵ ਨਹੀਂ ਜਾਪਦਾ । ਇਹਨਾਂ ਕਹਾਣੀਆਂ ਨੂੰ ਹੋਰ ਵੀ ਕਲਾਤਮਿਕ ਛੋਹਾਂ ਨਾਲ ਪਿਆਰੀਆਂ ਤੇ ਨਿਆਰੀਆਂ ਬਣਾਇਆ ਜਾ ਸਕਦਾ ਹੈ। ਉਮੀਦ ਹੈ ਭਵਿੱਖ ਵਿੱਚ ਮਨਜੀਤ ਕੌਰ ਮੀਤ ਦੀ ਕਹਾਣੀ ਕਲਾ ਤੇ ਹੋਰ ਨਖਾਰਾ ਆਵੇਗਾ।

## ਭਾਰਤੀ ਮੂਲ ਦੇ ਬਾਲਾਜੀ ਦੀ ਮੌਤ ਬਾਰੇ ਪਰਿਵਾਰ ਨੇ ਪ੍ਰਗਟਾਇਆ ਸ਼ੱਕ, ਕਿਹਾ ਉਹ ਖੁਦਕੁਸ਼ੀ ਨਹੀਂ ਕਰ ਸਕਦਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਪੂਰਨਿਮਾ ਰਾਮਾਰਾ ਨੇ ਆਪਣੇ 26 ਸਾਲਾ ਪੁੱਤਰ ਸੁਚੀਰ ਬਾਲਾਜੀ ਦੀ ਮੌਤ ਬਾਰੇ ਕਿਹਾ ਹੈ ਕਿ ਉਹ ਖੁਦਕੁੱਸ਼ੀ ਨਹੀਂ ਕਰ ਸਕਦਾ। ਉਸ ਦੀ ਮੌਤ ਪਿੱਛੇ ਕੋਈ ਸਾਜਿਸ਼ ਰਚੀ ਗਈ ਹੈ। ਪੁਲਿਸ ਅਧਿਕਾਰੀਆਂ ਅਨੁਸਾਰ ਬਾਲਾਜੀ ਨੇ ਆਪਣੇ ਸੈਨਫਰਾਂਸਿਸਕੋ ਅਪਾਰਟਮੈਂਟ ਵਿਚ 26 ਨਵੰਬਰ ਨੂੰ ਖੁਦਕੁੱਸ਼ੀ ਕਰ ਲਈ ਸੀ । ਓਪਨਅਲ ਕੰਪਨੀ ਦੇ ਸਾਬਕਾ ਰਿਸਰਚਰ ਬਾਲਾਜੀ ਨੇ ਹੋਰ ਮੁੱਦਿਆਂ ਤੋਂ ਇਲਾਵਾ ਵਿਸ਼ੇਸ਼ ਕਰਕੇ ਕੰਪਨੀ ਦੇ ਕਾਪੀਰਾਈਟ ਡੈਟਾ ਨੂੰ ਵਰਤਣ ਉਪਰ ਚਿੰਤਾ ਪ੍ਰਗਟਾਈ ਸੀ। ਬਾਲਾਜੀ ਦੇ ਮਾਪਿਆਂ ਪੂਰਨਿਮਾ ਤੇ ਬਾਲਾਜੀ ਰਾਮਾਮੂਰਤੀ ਨੇ ਕਿਹਾ ਹੈ ਕਿ ਉਨਾਂ ਦਾ ਪੁੱਤਰ ਖੁਦ ਆਪਣੀ ਜਾਨ ਨਹੀਂ ਲੈ ਸਕਦਾ। ਉਨਾਂ ਨੇ ਮਾਮਲੇ ਦੀ ਮੁਕੰਮਲ ਜਾਂਚ ਦੀ ਮੰਗ ਕੀਤੀ ਹੈ। ਪੂਰਨਿਮਾ ਨੇ ਕਿਹਾ ਹੈ ਕਿ ਉਨਾਂ ਦੀ ਬਾਲਾਜੀ ਨਾਲ 22 ਨਵੰਬਰ ਨੂੰ ਆਖਰੀ ਗੱਲ ਹੋਈ ਸੀ। ਉਸ ਸਮੇ ਉਹ ਖੁਸ਼ ਸੀ ਪਰੰਤੂ ਅਗਲੇ ਦਿਨ ਜਦੋਂ ਉਸ ਨੇ ਫੋਨ ਕੀਤਾ ਤਾਂ ਬਾਲਾਜੀ ਨੇ ਫੋਨ ਨਹੀਂ ਚੁੱਕਿਆ। ਇਸ ਤੋਂ ਬਾਅਦ ਵੀ ਸੰਪਰਕ ਨਾ ਹੋਣ 'ਤੇ ਉਹ ਉਸ ਦੇ ਅਪਾਰਟਮੈਂਟ ਵਿਚ ਗਏ ਜਿਥੇ ਕੋਈ ਵੀ ਨਹੀਂ ਸੀ। 26 ਨਵੰਬਰ ਨੂੰ ਉਨਾਂ ਨੂੰ ਪੁਲਿਸ ਦੁਆਰਾ ਬਾਲਾਜੀ ਦੀ ਲਾਸ਼ ਮਿਲਣ ਬਾਰੇ ਦੱਸਿਆ ਗਿਆ।

ਪੂਰਨਿਮਾ ਨੇ ਐਕਸ ਉਪਰ ਪਾਈ ਪੋਸਟ ਵਿਚ ਲਿਖਿਆ ਹੈ ਕਿ ਇਹ ਕਤਲ ਦਾ ਮਾਮਲਾ ਹੈ ਜਿਸ ਨੂੰ ਅਧਿਕਾਰੀ ਖੁਦਕੁੱਸ਼ੀ ਦਸ ਰਹੇ ਹਨ। ਉਸ ਨੇ ਮੰਗ ਕੀਤੀ ਹੈ ਕਿ ਮਾਮਲੇ ਦੀ ਐਫ ਬੀ ਆਈ ਜਾਂਚ ਕਰੇ। ਬਾਲਾ ਜੀ ਨੇ ਅਕਤੂਬਰ 2023 ਵਿਚ ਓਪਨਅਲ ਤੋਂ ਅਸਤੀਫਾ ਦੇ ਦਿੱਤਾ ਸੀ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਜ਼ ਹੀ ਕਿਉਂ ਰੱਖਦੇ ਸੀ? ਕੋਈ ਹੋਰ ਪੰਛੀ ਕਿਉਂ ਨਹੀਂ?

ਇਸ ਲਈ ਕਿ ਬਾਜ਼ ਜਿਸ ਨੂੰ ਈਗਲ ਜਾਂ ਸ਼ਾਹੀਨ ਵੀ ਕਹਿੰਦੇ ਦਸ਼ਮੇਸ਼ ਪਿਤਾ ਜੀ ਦਾ ਦੁਲਾਰਾ ਅਣਖੀ ਦਲੇਰ ਅਤੇ ਹਿੰਮਤੀ ਪੰਛੀ ਹੈ। ਫ਼ਾਲਕੋ ਵੰਸ਼ ਦਾ ਇਹ ਸ਼ਿਕਾਰੀ ਪੰਛੀ (Raptor), ਗਰੁੜ ਨਾਲੋਂ ਛੋਟਾ ਹੁੰਦਾ ਹੈ। ਫ਼ਾਲਕੋ ਵੰਸ਼ ਵਿੱਚ ਸੰਸਾਰ ਭਰ ਵਿੱਚ



ਲਗਭਗ ਚਾਲੀ ਪ੍ਰਜਾਤੀਆਂ ਮੌਜੂਦ ਹਨ ਅਤੇ ਵੱਖ – ਵੱਖ ਨਾਵਾਂ ਨਾਲ ਜਾਣੀਆਂ ਜਾਂਦੀਆਂ ਹਨ। ਸਾਰੇ ਸ਼ਿਕਾਰੀ ਪੰਛੀਆਂ ਦੀ ਤਰ੍ਹਾਂ ਇੱਕ ਤਾਂ ਬਾਜ਼ ਦੀ ਨਜ਼ਰ ਬਹੁਤ ਤੇਜ਼ ਹੁੰਦੀ ਹੈ, ਦੂਜਾ ਇਸ ਨੂੰ ਵਸਤੂਆਂ ਆਕਾਰ ਨਾਲੋਂ ਵੱਡੀਆਂ ਨਜ਼ਰ ਆਉਂਦੀਆਂ ਹਨ। ਬਾਜ਼ 1.6 ਕਿਲੋਮੀਟਰ ਦੀ ਉਚਾਈ 'ਤੇ ਉਡਦਿਆਂ ਹੀ ਧਰਤੀ ਉੱਤੇ ਇੱਕ ਚੂਹੇ ਆਕਾਰ ਦੇ ਜੀਵ ਨੂੰ ਸਾਫ਼ ਵੇਖ ਸਕਦਾ ਹੈ। ਇਹ ਪੰਛੀ ਮਜ਼ਬੂਤ ਪੰਜਿਆਂ ਤੇ ਤਿੱਖੀਆਂ ਨਹੁੰਦਰਾਂ ਵਾਲਾ ਹੁੰਦਾ ਹੈ ਅਤੇ ਪਿਛਲੀ ਨਹੁੰਦਰ ਮੁਕਾਬਲਤਨ ਵੱਡੀ ਅਤੇ ਸ਼ਕਤੀਸ਼ਾਲੀ ਹੁੰਦੀ ਹੈ। ਮਾਸ ਨੋਚਣ ਲਈ ਇਸ ਦੀ ਚੁੰਝ ਹੁੱਕ ਵਾਂਗ ਮੁੜੀ ਹੋਈ ਹੁੰਦੀ ਹੈ ਜੋ ਕਾਬੂ ਆਏ ਸ਼ਿਕਾਰ ਨੂੰ ਪਲਾਂ ਵਿੱਚ ਹੀ ਫੀਤਾ-ਫੀਤਾ ਕਰ ਸੁੱਟਦੀ ਹੈ। ਆਮ ਤੌਰ ਉੱਤੇ ਬਾਜ਼ ਆਪਣੇ ਸ਼ਿਕਾਰ ਨੂੰ ਦਬੋਚਣ ਲਈ ਉਸ ਉਪਰ ਇੱਟ ਵਾਂਗ ਡਿੱਗ ਪੈਂਦਾ ਹੈ ਅਤੇ ਫਿਰ ਸ਼ਿਕਾਰ ਨੂੰ ਆਪਣੇ ਪੰਜਿਆਂ ਵਿੱਚ ਦਬੋਚ ਕੇ ਉੱਡ ਜਾਂਦਾ ਹੈ। ਇਹ ਸਭ ਕੁਝ 1-2 ਸਕਿੰਟਾਂ ਵਿੱਚ ਹੀ ਵਾਪਰ ਜਾਂਦਾ ਹੈ। ਬਾਜ਼ਾਂ ਨੂੰ ਚੂਹੇ, ਕਿਰਲੀਆਂ ਦਾ ਸ਼ਿਕਾਰ ਕਰਨਾ ਪਸੰਦ ਹੈ। ਸੱਪ ਵੀ ਇਨ੍ਹਾਂ ਦੇ ਭੋਜਨ ਵਿੱਚ ਸ਼ਾਮਿਲ ਹਨ। ਅੱਜ ਵੀ ਕਜ਼ਾਖਸਤਾਨ, ਜਾਪਾਨ ਅਤੇ ਕੇਂਦਰੀ ਏਸ਼ੀਆ ਦੇ ਕੁਝ ਭਾਗਾਂ ਵਿੱਚ ਬਾਜ਼ ਨਾਲ ਸ਼ਿਕਾਰ ਕਰਨ ਦੀ ਸ਼ਾਹੀ ਰਵਾਇਤ ਨੂੰ ਬਾਜ਼ ਪਾਲਕਾਂ ਵੱਲੋਂ ਜਿਉਂਦਾ ਰੱਖਿਆ ਜਾ ਰਿਹਾ ਹੈ। ਗੁਰੂ ਸਾਹਿਬ ਨੇ ਇਕ ਮਾਸਾਹਾਰੀ ਪੰਛੀ ਬਾਜ ਨੂੰ ਹਮੇਸ਼ਾਂ ਆਪਣੇ ਨਾਲ ਕਿਉਂ ਰਖਿਆ ਹੈ? ਕਿਉਂਕਿ ਗੁਰੂ ਸਾਹਿਬ ਦੇ ਹਰ ਕਦਮ ਪਿਛੇ ਕੌਮ ਦੀ ਭਲਾਈ ਲਈ ਕੋਈ ਨਾ ਕੋਈ ਸੰਦੇਸ਼ ਜਰੂਰ ਹੁੰਦਾ ਸੀ। ਆ ਜਾਣੀਏ ਕਾਰਨ ਕਿਉਂ ਸੀ ਬਾਜ਼ਾ ਗੁਰੂ ਸਾਹਿਬਾਂ ਕੋਲ:-

1. ਬਾਜ਼ ਦੀ ਫਿਤਰਤ ਵਿਚ ਗੁਲਾਮੀ ਨਹੀਂ ਹੁੰਦੀ। ਉਸ ਨੂੰ ਤੁਸੀਂ ਪਿੰਜਰੇ ਵਿਚ ਨਹੀਂ ਰਖ ਸਕਦੇ ਜੇ ਰਖੋਗੇ ਤਾਂ ਯਾ ਤਾਂ ਉਹ ਪਿੰਜਰੇ ਨੂੰ ਤੋੜ ਦੇਵੇਗਾ ਜਾਂ ਅੰਦਰ ਹੀ ਆਪਣੀ ਜਾਨ ਦੇ ਦੇਵੇਗਾ। ਸਿੱਖ ਵੀ ਕਿਸੇ ਦੀ ਗੁਲਾਮੀਂ ਪਸੰਦ ਨਹੀਂ ਕਰਦਾ। ਗੁਰਮਤਿ ਵਿਚ ਅਗਰ ਕੋਈ ਕਿਸੀ ਨੂੰ ਕੈਦ ਕਰਦਾ ਹੈ ਉਸ ਨੂੰ ਗੁਲਾਮੀ ਨਹੀਂ ਕਿਹਾ ਜਾਂਦਾ ਗੁਲਾਮੀ ਉਸ ਨੂੰ ਕਿਹਾ ਗਿਆ ਜੋ ਆਪਣੀ ਜ਼ਮੀਰ ਵੇਚ ਦੇਵੇ, ਆਪਣੀ ਜ਼ਮੀਰ ਕਿਸੀ ਲਾਲਚ ਕਾਰਣ ਅਗਲੇ ਦੇ ਕਦਮਾਂ ਵਿਚ ਧਰ ਦੇਵੇ, ਆਪਣੀ ਸੋਚ ਨੂੰ ਦੂਸਰੇ ਦੇ ਅਧੀਨ ਕਰ ਦੇਵੇ, ਭਾਵ ਮਾਨਸਿਕ ਤੌਰ 'ਤੇ ਖਤਮ ਹੋ ਜਾਵੇ-ਗੁਰੂ ਸਾਹਿਬ ਵੇਲੇ ਭਾਵੇ ਰਾਜ ਮੁਗਲਾਂ ਦਾ ਸੀ, ਜਹਾਂਗੀਰ, ਔਰੰਗਜ਼ੇਬ ਵਰਗੇ ਬੜੇ-ਬੜੇ ਜ਼ਾਲਿਮ ਬਾਦਸ਼ਾਹ ਹੋਏ ਸਨ, ਗੁਰੂ ਸਾਹਿਬ ਨੇ ਡਟ ਕੇ ਮੁਕਾਬਲਾ ਕੀਤਾ, ਚਾਹੇ ਅਨੇਕਾਂ ਮੁਸੀਬਤਾ ਸਹੀਆਂ, ਬੱਚੇ, ਮਾਂ-ਬਾਪ, ਘਰ ਘਾਟ, ਦੌਲਤ ਸਭ ਕੁਝ ਵਾਰ ਦਿੱਤਾ ਪਰ ਜ਼ੁਲਮ ਅੱਗੇ ਹਾਰ ਨਹੀਂ ਮੰਨੀ, ਘੁੱਟਨੇ ਨਹੀਂ ਟੇਕੇ। ਗੁਰੂ ਸਾਹਿਬ ਤੋਂ ਬਾਅਦ ਸਿੱਖਾਂ ਨੇ ਜੰਗਲਾਂ ਵਿਚ ਰਹਿਣਾ ਪ੍ਰਵਾਨ ਕਰ ਲਿਆ, ਦਰਖਤਾਂ ਦੇ ਪੱਤੇ ਖਾਕੇ ਗੁਜ਼ਾਰਾ ਕੀਤਾ ਜੰਗਲਾਂ ਦੀਆਂ ਠੰਡੀਆਂ ਰਾਤਾਂ ਵਿਚ ਕਾਠੀਆਂ ਤੇ ਜਾਂ ਭੁੰਜੇ ਸੌਣਾ ਕਬੂਲ ਕਰ ਲਿਆ ਪਰ ਗੁਲਾਮੀ ਮਨਜੂਰ ਨਹੀਂ ਕੀਤੀ।

2. ਬਾਜ਼ ਕਿਸੇ ਦੇ ਕੀਤੇ ਸ਼ਿਕਾਰ ਨੂੰ ਨਹੀਂ ਖਾਂਦਾ ਇਸੇ ਤਰ੍ਹਾਂ ਹਰ ਸਿਖ ਨੂੰ ਆਦੇਸ਼ ਹੈ ਕਿ ਆਪਣੀ ਕਿਰਤ ਦੀ ਕਮਾਈ ਖਾਵੇ ਉਹ ਵੀ ਵੰਡ ਕੇ, ਮੁਫਤ ਦੀ, ਜਾਂ ਦੂਜੇ ਦੇ ਹੱਥ ਦੀ ਕੀਤੀ ਕਮਾਈ ਵਲ ਨਾ ਵੇਖੇ ।

3. ਬਾਜ਼ ਦੀ ਉਡਾਰੀ ਬਹੁਤ ਉਚੀ ਹੁੰਦੀ ਹੈ- ਅਸਮਾਨਾਂ ਨੂੰ ਛੂਹਣ ਵਾਲੀ -ਪਰ ਨਜ਼ਰਾਂ ਹਮੇਸ਼ਾਂ ਨੀਵੀਆਂ, ਧਰਤੀ ਤੇ ਰਹਿੰਦੀਆਂ ਹਨ । ਸਿੱਖਾਂ ਨੂੰ ਵੀ ਮਨ ਨੀਵਾਂ ਤੇ ਮੱਤ ਉਚੀ ਰੱਖਣ ਦਾ ਗੁਰਮਤਿ ਵਲੋਂ ਸੰਦੇਸ਼ ਹੈ।

4. ਬਾਜ਼ ਆਪਣੇ ਆਖਰੀ ਸਾਹਾਂ ਤਕ ਵੀ ਆਲਸੀ ਨਹੀਂ ਹੁੰਦਾ। ਸਿੱਖ ਕਦੀ ਆਲਸੀ ਨਹੀਂ ਹੁੰਦਾ, ਮਿਹਨਤ ਮਜ਼ਦੂਰੀ ਕਰਨ ਨੂੰ ਹਰ ਵਕਤ ਤਿਆਰ ਬਰ ਤਿਆਰ ਰਹਿੰਦਾ ਹੈ। ਕਿਸੇ ਦੇ ਆਸਰੇ ਵੱਲ ਨਹੀਂ ਤਕਦਾ, ਅੱਜ ਦਾ ਕੰਮ ਕੱਲ੍ਹ 'ਤੇ ਨਾ ਛਡਣ ਤੇ ਹੁਣ ਦਾ ਕੰਮ ਹੁਣੇ ਕਰਨ ਦਾ ਸੰਕਲਪ ਰੱਖਦਾ ਹੈ।

5. ਬਾਜ਼ ਹਵਾ ਦੇ ਬਹਾਅ ਤੋਂ ਉਲਟ ਉਡਦਾ ਹੈ। ਹਵਾ ਦੀ ਵਹੀਂ ਵਿਚ ਨਹੀਂ ਉਡਦਾ। ਸਿੱਖ ਵੀ ਆਪਣੀ ਮੌਜ-ਮਸਤੀ ਵਿਚ ਤੇ ਜ਼ਿੰਦਾ ਦਿਲੀ ਨਾਲ ਜਿੰਦਗੀ ਬਸਰ ਕਰਦਾ ਹੈ।

6. ਉਹ ਕਦੀ ਘੋਸਲਾ ਨਹੀਂ ਬਣਾਉਂਦਾ, ਖੁੱਲ੍ਹਾ ਆਸਮਾਨ ਹੀ ਉਸਦੀ ਛੱਤ ਤੇ ਧਰਤੀ ਜ਼ਮੀਨ ਹੁੰਦੀ ਹੈ ਸਿੱਖ ਨੂੰ ਵੀ ਮੋਹ ਮਾਇਆ ਦੇ ਜਾਲ ਵਿਚ ਨਾ ਫਸਣ ਦਾ ਗੁਰੂ-ਸਹਿਬਾਨਾ ਵਲੋਂ ਹੁਕਮ ਹੈ।

7. ਬਾਜ਼ ਕਦੀ ਹਾਰ ਨਹੀਂ ਮੰਨਦਾ, ਕਿਸੇ ਤੋਂ ਡਰਦਾ ਨਹੀਂ, ਦੁੱਖ ਭਰੀ ਜਿੰਦਗੀ ਵੀ ਖੁਸ਼ੀ ਖੁਸ਼ੀ ਜਿਉਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਤੇ ਹਰ ਗੁਰੂ ਸਹਿਬਾਨ, ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸਵੇਂ ਪਾਤਸ਼ਾਹ ਤੱਕ ਸਿੱਖ ਨੂੰ ਇਹੀ ਸਿਖਾਇਆ ਹੈ ਕਿ 'ਨਾ ਡਰੋ-ਨਾ ਡਰਾ ' "ਭੈ ਕਾਹੂ ਕੋ ਦੇਤ ਨਹਿ। ਨਹਿ ਭੈ ਮਾਨਤ ਆਨ"॥"

ਕਮਾਲ ਦੀ ਗੱਲ: ਬਾਜ਼ ਲਗਭਗ 70 ਸਾਲ ਜਿਉਂਦਾਂ ਹੈਂ, ਪਰੰਤੂ ਆਪਣੇ ਜੀਵਨ ਦੇ 40 ਵੇਂ ਸਾਲ ਵਿੱਚ ਆਉਂਦੇ – ਉਸਦੀ ਜਿੰਦਗੀ ਵਿਚ ਇਕ ਨਵਾਂ ਮੋੜ ਆਉਂਦਾ ਹੈ ਜਿਸ ਵਕਤ ਉਸ ਨੂੰ ਇੱਕ ਮਹੱਤਵਪੂਰਣ ਨਿਰਣਾ ਲੈਣਾ ਪੈਂਦਾ ਹੈ, ਜਿਸ ਤੋਂ ਬਾਅਦ ਉਹ ਇਕ ਨਵੀਂ ਜਿੰਦਗੀ ਵਿਚ ਪ੍ਰਵੇਸ਼ ਹੁੰਦਾ ਹੈ। 40 ਸਾਲ ਦੀ ਉਮਰ ਤਕ ਪਹੁੰਚਦੇ ਪਹੁੰਚਦੇ ਉਸਦੇ ਪੰਜੇ, ਚੁੰਝ ਤੇ ਖੰਬ ਸਭਨਾਂ ਦੀ ਹਾਲਤ ਵਿਗੜ ਜਾਂਦੀ ਹੈ , ਪੰਜੇ ਲੰਬੇ ਤੇ ਲਚੀਲੇ ਹੋ ਜਾਂਦੇ ਹਨ , ਸ਼ਿਕਾਰ ਦੀ ਪਕੜ ਮੁਸ਼ਕਿਲ ਹੋ ਜਾਂਦੀ ਹੈ, ਚੁੰਝ ਮੁੜ ਜਾਂਦੀ ਹੈ, ਉਸਦੀ ਧਾਰ ਮੁੱਕ ਜਾਂਦੀ ਹੈ , ਭੋਜਨ ਖਾਣ ਵਿਚ ਅੜਚਨ ਪੈਦਾ ਕਰਦੀ ਹੈ। ਖੰਭ ਭਾਰੀ ਹੋ ਕੇ ਸੀਨੇ ਨਾਲ ਲਿਪਟ ਜਾਂਦੇ ਹਨ, ਠੀਕ ਤਰ੍ਹਾਂ ਖੁੱਲ੍ਹ ਨਹੀਂ ਸਕਦੇ, ਉੜਨਾ ਮੁਸ਼ਕਿਲ ਹੋ ਜਾਂਦਾ ਹੈ, ਉਚੀ ਉਡਾਰੀ ਸੀਮਤ ਹੋ ਜਾਂਦੀ ਹੈ। ਪਰ ਉਹ ਹਿੰਮਤ ਨਹੀਂ ਹਾਰਦਾ। ਉਸ ਕੋਲ ਤਿੰਨ ਹੀ ਰਾਹ ਬਚਦੇ ਹਨ। ਜਾਂ ਖੁਦਕੁਸ਼ੀ ਕਰ ਲਏ ਜਾਂ ਇੱਲ ਵਾਂਗ ਦੂਜਿਆਂ ਦਾ ਜੂਠਾ ਖਾਏ , ਜਾਂ ਫਿਰ 'ਖ਼ੁਦ ਨੂੰ ਪੁਨਰ ਸਥਾਪਿਤ ਕਰੇ"।

ਜਿੱਥੇ ਪਹਿਲਾਂ ਦੋ ਵਿਕਲਪ ਸਰਲ ਅਤੇ ਤੇਜ਼ ਹਨ, ਤੀਸਰਾ ਲੰਮਾ ਅਤੇ ਅਤਿਅੰਤ ਪੀੜਾਦਾਈਕ ਰਸਤਾ ਹੈ। ਇਸ ਲਈ ਉਹ ਉੱਚੇ ਪਹਾੜ ਤੇ ਚਲਾ ਜਾਂਦਾ ਹੈ ਤੇ ਇਕਾਂਤ ਵਿੱਚ ਅਪਣਾ ਆਲ੍ਹਣਾ ਬਣਾਉਂਦਾ ਹੈਂ ਅਤੇ ਖ਼ੁਦ ਨੂੰ ਪੁਨਰ ਸਥਾਪਿਤ ਕਰਨ ਦੀ ਪ੍ਰਕਿਰਿਆ ਆਰੰਭ ਕਰਦਾ ਹੈਂ। ਪੱਥਰ ਦੀ ਚਟਾਨ ਨਾਲ ਮਾਰ ਮਾਰ ਕੇ ਉਹ ਆਪਣੀ ਚੁੰਝ ਭੰਨ ਦਿੰਦਾ ਹੈ, ਪੰਜਿਆਂ ਨੂੰ ਤੋੜ ਦਿੰਦਾ ਹੈ ਤੇ ਆਪਣੇ ਭਾਰੀ ਖੰਬਾਂ ਨੂੰ ਇਕ ਇਕ ਕਰਕੇ ਨੋਚ ਦਿੰਦਾ ਹੈ ਜੋ ਪੀੜਾ ਦਾਇਕ ਹੁੰਦੀ ਹੈ। ਅਗਲੇ 150 ਦਿਨਾਂ ਦੀ ਪੀੜਾ-ਭਰੀ ਉਡੀਕ ਤੋਂ ਬਾਅਦ ਮੁੜ ਕੇ ਨਵੀਂ ਚੁੰਝ, ਨਵੇ ਪੰਜੇ ਤੇ ਨਵੇਂ ਖੰਬ ਉਗ ਆਉਂਦੇ ਹਨ, ਫਿਰ ਤੋਂ ਮਿਲਦੀ ਹੈਂ ਬਾਜ਼ ਨੂੰ ਪਹਿਲਾਂ ਵਰਗੀ ਉਹੀ ਸ਼ਾਨਦਾਰ ਅਤੇ ਉੱਚੀ ਉਡਾਨ। ਇਸ ਪੁਨਰ ਸਥਾਪਨਾ ਦੀ ਪ੍ਰਕਿਰਿਆ ਤੋਂ ਬਾਦ ਉਹ 30 ਸਾਲ ਹੋਰ ਜਿਉਂਦਾ ਹੈਂ, ਊਰਜਾ, ਸਨਮਾਨ ਅਤੇ ਦ੍ਰਿੜਤਾ ਦੇ ਨਾਲ, ਜਿਸ ਉਮਰੇ ਬਾਕੀ ਪੰਛੀਆਂ ਦੇ ਬੱਚੇ ਚਹਿਚਹਾਨਾ ਸਿੱਖਦੇ ਹਨ ਉਸ ਉਮਰ ਵਿੱਚ ਇਕ ਮਾਦਾ ਬਾਜ਼ ਆਪਣੇ ਚੂਜ਼ੇ ਨੂੰ ਪੰਜੇ 'ਚ ਦਬੋਜ ਕੇ ਸਭ ਤੋਂ ਉੱਚਾ ਉਡ ਜਾਂਦਾ ਹੈ, ਲਗਭਗ 12 ਕਿਲੋਮੀਟਰ ਉਚਾਈ ਤੇ, ਜਿੰਨੀ ਉਚਾਈ ਤੇ ਹਵਾਈ ਜਹਾਜ ਉੱਡਦੇ ਹਨ। ਇਹ ਉਚਾਈ ਤੈਅ ਕਰਨ 'ਚ ਮਾਦਾ ਬਾਜ 7 ਤੋਂ 9 ਮਿੰਟਾਂ ਦਾ ਟਾਇਮ ਲੈਂਦਾ ਹੈ। ਇਥੋਂ ਸ਼ੁਰੂ ਹੁੰਦੀ ਹੈ ਉਸ ਨਿੱਕੇ ਜਿਹੇ ਚੂਜ਼ੇ ਦੀ ਕਠਿਨ ਪਰੀਖਿਆ, ਉਤਰਦੇ ਵਕਤ ਮਾਦਾ ਬਾਜ ਉਸਨੂੰ ਆਪਣੇ ਪੰਜਿਆਂ ਚੋਂ ਛੱਡ ਦਿੰਦਾ ਹੈ। ਲਗਭਗ 2 ਕਿਲੋਮੀਟਰ ਉਸ ਚੂਜ਼ੇ ਨੂੰ ਅਹਿਸਾਸ ਹੀ ਨਹੀਂ ਹੁੰਦਾ ਕਿ ਉਸਦੇ ਨਾਲ ਕੀ ਵਾਪਰ ਰਿਹਾ ਹੈ, 7 ਕਿਲੋਮੀਟਰ ਤੈਅ ਕਰਨ ਤੋਂ ਬਾਅਦ ਉਸ ਚੂਜ਼ੇ ਦੇ ਪੰਖ ਜਿਹੜੇ ਕੰਜਾਇਨ ਨਾਲ ਜਕੜੇ ਹੁੰਦੇ ਹਨ, ਉਹ ਖੁੱਲਣ ਲਗਦੇ ਹਨ ਅਤੇ ਲਗਭਗ 9 ਕਿਲੋਮੀਟਰ ਬਾਅਦ ਉਸਦੇ ਪੰਖ ਪੂਰੇ ਖੁੱਲ ਜਾਂਦੇ ਹਨ , ਇਹ ਉਸਦੇ ਜੀਵਨ ਦਾ ਪਹਿਲਾ ਦੌਰ ਹੁੰਦਾ ਹੈ। ਜਦੋਂ ਬਾਜ਼ ਦਾ ਬੱਚਾ ਆਪਣੇ ਪੰਖ ਫੜਫੜਾਉਂਦਾ ਹੈ, ਪਰ ਉੜ ਨਹੀਂ ਸਕਦਾ, ਅਜੇ ਉੜਨਾ ਸਿਖਿਆ ਨਹੀਂ। ਜਿਉਂ ਜਿਉਂ ਧਰਤੀ ਦੇ ਨੇੜੇ ਆਉਂਦਾ ਹੈ ਉਸ ਨੂੰ ਆਪਣੀ ਮੌਤ ਨਜਰ ਆਉਣ ਲਗਦੀ ਹੈ। ਜਦੋਂ ਉਸਦੀ ਦੂਰੀ ਧਰਤੀ ਤੋਂ ਮਹਿਜ 400/500 ਮੀਟਰ ਦੀ ਰਹਿ ਜਾਂਦੀ ਹੈ ਪਰ ਉਸਦੇ ਪੰਖ ਅਜੇ ਇਤਨੇ ਮਜਬੂਤ ਨਹੀ ਹੁੰਦੇ ਕਿ ਉਹ ਉਡ ਸਕੇ, ਤਾਂ ਅਚਾਨਕ ਇਕ ਪੰਜਾ ਆਕੇ ਉਸਨੂੰ ਆਪਣੀ ਗਿਰਫ਼ਤ 'ਚ ਲੈ ਲੈਂਦਾ ਹੈ ਤੇ ਆਪਣੇ ਪੰਖਾਂ ਦੇ ਦਰਮਿਆਨ ਸਮਾ ਲੈਂਦਾ ਹੈ। ਇਹ ਪੰਜਾ ਉਸਦੀ ਮਾਂ ਦਾ ਹੁੰਦਾ ਹੈ, ਜਿਹੜੀ ਬਿਲਕੁਲ ਉਸਦੇ ਉੱਤੇ ਚਿਪਕ ਕੇ ਉੱਡ ਰਹੀ ਹੁੰਦੀ ਹੈ ਪਰ ਉਹ ਬੇਖਬਰ ਹੁੰਦਾ ਹੈ, ਅਤੇ ਉਸਦੀ ਇਹ ਟਰੇਨਿੰਗ ਨਿਰੰਤਰ ਜਾਰੀ ਰਹਿੰਦੀ ਹੈ ਜਦੋਂ ਤੱਕ ਉਹ ਉੱਡਣਾ ਨਹੀ ਸਿਖਦਾ, ਇਹ ਟਰੇਨਿੰਗ ਕਿਸੇ ਕਮਾਂਡੋ ਤੋਂ ਘਟ ਨਹੀ ਹੈ।

ਇਕ ਅਖਾਣ ਹੈ "ਬਾਜ਼ ਦੇ ਬੱਚੇ ਮੁੰਡੇਰਾਂ 'ਤੇ ਨਹੀਂਉਂ ਉੱਡਦੇ" ਇਨ੍ਹਾ ਗੁਣਾ ਕਰਕੇ ਅਤੇ ਦਸਮ ਪਾਤਿਸ਼ਾਹ ਦਾ ਚਹੇਤਾ ਪੰਛੀ ਹੋਣ ਸਦਕਾ, ਬਾਜ਼ ਨੂੰ ਪੰਜਾਬ ਦਾ ਰਾਜਸੀ ਪੰਛੀ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕਿ ਫਤਹਿ॥

**ਪੇਸ਼ਕਸ਼- ਹਰਜਿੰਦਰ ਸਿੰਘ ਬਸਿਆਲਾ**

## ਨੀਂਹ ਪੱਥਰ 'ਤੇ ਵਿਸ਼ੇਸ਼

# ਸ੍ਰੀ ਹਰਿਮੰਦਰ ਸਾਹਿਬ ਜੀ

ਗੁਰੂ ਨਾਨਕ ਦੇਵ ਜੀ ਨੇ ਪ੍ਰਚੱਲਿਤ ਧਰਮਾਂ ਦੇ ਗਿਆਨ ਤੋਂ ਅਨੁਭਵ ਕੀਤਾ ਕਿ ਸੰਸਾਰ ਨੂੰ ਇਕ ਅਜਿਹੇ ਧਰਮ ਦੀ ਲੋੜ ਹੈ, ਜੋ ਸਾਰੀ ਮਾਨਵਤਾ ਦਾ ਉਧਾਰ ਕਰ ਸਕੇ। ਇਸਨੂੰ ਅਮਲੀ ਰੂਪ ਦੇਣ ਲਈ ਕਿ ਸੰਸਾਰ ਵਿਚ ਇਕ ਅਜਿਹਾ ਧਰਮ ਮੰਦਰ ਤੇ ਧਾਰਮਿਕ ਕੇਂਦਰ ਸਥਾਪਤ ਹੋਣਾ ਚਾਹੀਦਾ ਹੈ, ਜਿੱਥੇ ਅੱਠੇ ਪਹਿਰ ਪ੍ਰਮਾਤਮਾ ਦੀ ਸਿਫ਼ਤ ਸਲਾਹ ਹੁੰਦੀ ਰਹੇ ਅਤੇ ਰੱਬੀ ਬਾਣੀ ਦਾ ਮਨੋਹਰ ਕੀਰਤਨ ਦਾ ਪ੍ਰਵਾਹ ਤਪਦੇ ਮਨਾਂ ਨੂੰ ਸ਼ਾਂਤੀ ਪ੍ਰਦਾਨ ਕਰਦਾ ਰਹੇ, ਜੋ ਸੰਸਾਰ ਵਿਚ ਅਮਨ ਸ਼ਾਂਤੀ ਦਾ ਸੰਦੇਸ਼ ਦੇਵੇ।



ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖਰੀ ਪੜਾਅ ਇਸ ਸੰਦੇਸ਼ ਦਾ ਪ੍ਰਚਾਰ ਕਰਤਾਰਪੁਰ ਰਹਿ ਕੇ ਕੀਤਾ। ਗੁਰੂ ਅਮਰਦਾਸ ਜੀ ਨੇ ਗੋਂਦਵਾਲ ਰਹਿ ਕੇ ਬਾਉਲੀ ਸਾਹਿਬ ਦਾ ਨਿਰਮਾਣ ਕਰਕੇ ਸਿੱਖ ਧਰਮ ਦਾ ਕੇਂਦਰ ਬਣਾਇਆ। ਫਿਰ ਉਹਨਾਂ ਨੇ ਪਵਿੱਤਰ ਸਰੋਵਰ ਅੰਮ੍ਰਿਤਸਰ ਜਾਂ ਅੰਮ੍ਰਿਤ ਸਰੋਵਰ ਖੁਦਵਾਉਣ ਦੀ ਯੋਜਨਾ ਬਣਾਈ। ਇਸਨੂੰ ਗੁਰੂ ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਖੁਦਵਾਇਆ। ਜਦਕਿ ਗੁਰੂਆਂ ਨੇ ਪਹਿਲਾਂ ਉਥੇ ਜ਼ਮੀਨ ਲੈ ਰੱਖੀ ਸੀ। ਇੱਥੇ ਇਕ ਨਗਰ ਬਣਾਉਣ ਦੀ ਯੋਜਨਾ ਵਿਚਾਰ ਅਧੀਨ ਸੀ। ਗੁਰੂ ਅਰਜਨ ਦੇਵ ਜੀ ਨੇ ਵਿਉਂਤਬੰਦੀ ਕੀਤੀ। ਗੁਰੂ ਰਾਮਦਾਸ ਜੀ ਦੁਆਰਾ 1577 ਵਿਚ ਬਣਵਾਏ ਗਏ ਸਰੋਵਰ ਤੇ ਉਸਾਰਿਆ ਗਿਆ। ਇਸਦੀ ਨੀਂਹ 28 ਦਸੰਬਰ 1588 ਨੂੰ ਸੂਫੀ ਸੰਤ ਮੀਆਂ ਮੀਰ ਜੀ ਹੱਥੋਂ ਰਖਵਾਈ ਗਈ। ਜੋ ਧਰਮ ਨਿਰਪੱਖਤਾ ਦਾ ਆਦਰਸ਼ ਪੇਸ਼ ਕਰਦੀ ਹੈ। ਇਸ ਸਮੇਂ ਵੱਡਾ ਧਾਰਮਿਕ ਇਕੱਠ ਹੋਇਆ। ਬਾਬਾ ਬੁੱਢਾ ਜੀ ਨੇ ਅਰਦਾਸ ਕੀਤੀ ਤੇ ਕੜ੍ਹਾਅ ਪ੍ਰਸ਼ਾਦ ਦੀ ਦੇਗ ਵਰਤਾਈ ਗਈ।

ਗੁਰੂ ਅਰਜਨ ਦੇਵ ਜੀ ਨੇ ਇਸਨੂੰ ਜ਼ਮੀਨੀ ਹੇਠਲੇ ਪੱਧਰ 'ਤੇ ਬਣਵਾਇਆ। ਇਸਦੇ ਚਾਰ ਦਰਵਾਜ਼ੇ ਰੱਖੇ ਗਏ ਕਿ ਇਸ ਰੱਬ ਦੇ ਘਰ ਵਿਚ ਚੌਹਾਂ ਵਰਗਾਂ ਅਤੇ ਚੌਹਾਂ ਦਿਸ਼ਾਵਾਂ ਤੋਂ ਸ਼ਰਧਲੂ ਦਰਸ਼ਨ ਕਰਨ ਆ ਸਕਦੇ ਹਨ। ਦੇਸ਼ਾਂ ਪ੍ਰਦੇਸ਼ਾਂ ਤੋਂ ਰੋਜ਼ਾਨਾ ਸ਼ਰਧਾਲੂ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਆਉਂਦੇ ਹਨ। ਉਸਾਰੀ ਦਾ ਕੰਮ ਲੱਗਭੱਗ 1604 ਨੂੰ ਪੂਰਾ ਹੋਇਆ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹਰਿਮੰਦਰ ਵਿਖੇ ਕੀਤਾ। ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਇਸਦੀ ਕਲਾਕ੍ਰਿਤੀ ਬਣਤਰ ਅਤੇ ਹੁਨਰ ਅਦੁੱਤੀ ਹੈ। ਜੋ ਵਿਸ਼ਵ ਪ੍ਰਸਿੱਧ ਮਿਸਾਲ ਹੈ। ਇਹ ਇਕ ਵਿਲੱਖਣ ਧਾਰਮਿਕ ਕੇਂਦਰ ਹੈ, ਜਿਹਨਾਂ ਨੇ ਵੀ ਇਸ ਧਾਰਮਿਕ ਸਥਾਨ ਦੇ ਦਰਸ਼ਨ ਕੀਤੇ ਹਨ, ਕਹਿ ਉੱਠਦੇ ਹਨ 'ਡਿਠੈ ਸਭੇ ਥਾਵ ਨਹੀਂ ਤੁਧ ਜੇਹਿਆ- ਅੰਗ 1362



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਅੰਮ੍ਰਿਤਸਰ ਦਾ ਪਹਿਲਾ ਨਾਂ 'ਚੱਕ ਗੁਰੂ ਰਾਮਦਾਸ ਅਤੇ ਸਰੋਵਰ ਦਾ ਨਾਂ ਅਮਰਸਰ ਸੀ' ਜਿਸਨੂੰ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਕੀਤਾ। ਇੱਥੇ ਪਹਿਲਾਂ ਇਕ ਜਲ ਦੀ ਢਾਬ ਅਤੇ ਵਿਰਲਾ ਜੰਗਲ ਸੀ। ਇਸ ਰਮਣੀਕ ਸਥਾਨ ਨੂੰ ਵੇਖ ਕੇ ਗੁਰੂ ਨਾਨਕ ਦੇਵ ਜੀ ਨੇ ਰੱਬੀ ਬਾਣੀ ਦਾ ਮਨੋਹਰ ਕੀਰਤਨ ਕੀਤਾ। ਹੁਣ ਇਹ ਇਕ ਅਜਿਹਾ ਧਾਰਮਿਕ ਸਥਾਨ ਹੈ, ਜਿੱਥੇ ਅੱਠੇ ਪਹਿਰ ਗੁਰਬਾਣੀ ਕੀਰਤਨ ਦਾ ਪ੍ਰਵਾਹ ਚਲਦਾ ਹੈ।

ਸਮੇਂ ਦੀਆਂ ਹਕੂਮਤਾਂ ਨੇ ਸਿੱਖੀ ਦੀ ਵਧਦੀ ਹਰਮਨ ਪਿਆਰਤਾ ਨੂੰ ਢਾਹ ਲਾਉਣ ਦੀ ਹਮੇਸ਼ਾ ਤਾਕ ਰੱਖੀ। ਸਿੱਖੀ ਦੀ ਹਸਤੀ ਨੂੰ ਮਿਟਾਉਣ ਦੇ ਯਤਨਾਂ ਵਿਚ ਕਿ ਸਿੱਖਾਂ ਨੂੰ ਪ੍ਰੇਰਨਾ ਆਪਣੇ ਧਾਰਮਿਕ ਕੇਂਦਰ ਜੋ ਹਰਿਮੰਦਰ ਸਾਹਿਬ ਤੋਂ ਮਿਲਦੀ ਹੈ। ਮੁਗਲਾਂ ਦੀ ਸਾਜ਼ਿਸ਼ ਸੀ ਕਿ ਪਹਿਲਾਂ 1733 ਵਿਚ ਸਿੱਖਾਂ ਦੇ ਕਪੂਰ ਸਿੰਘ ਨੂੰ ਨਵਾਬੀ ਦਿੱਤੀ ਤੇ 1735 ਵਿਚ ਵਾਪਸ ਲੈ ਲਈ ਤਾਂ ਸਿੱਖਾਂ ਨੂੰ ਫਿਰ ਜੰਗਲਾਂ ਵਿਚ ਸ਼ਰਨ ਲੈਣੀ ਪਈ। ਭਾਈ ਮਨੀ ਸਿੰਘ ਜੀ 1737 ਵਿਚ ਸ਼ਹੀਦ ਕਰ ਦਿੱਤਾ। ਮੱਸੇ ਰੰਗੜ ਨੂੰ ਅੰਮ੍ਰਿਤਸਰ ਦਾ ਕਬਜ਼ਾ ਦੇ ਦਿੱਤਾ। ਉਸਨੇ ਸਰੋਵਰ ਦੀ ਪਵਿੱਤਰਤਾ ਭੰਗ ਕਰਦਿਆਂ ਸਰੋਵਰ ਹੀ ਪੂਰ ਦਿੱਤਾ। ਤੇ ਹਰਿਮੰਦਰ ਨੂੰ ਆਪਣੀ ਐਸ਼-ਗਾਹ ਬਣਾ ਲਿਆ। ਅਗਸਤ 11, 1740 ਨੂੰ ਮੀਰਾਂ ਕੋਟ ਦੇ ਭਾਈ ਮਹਿਤਾਬ ਸਿੰਘ ਤੇ ਮਾੜੀ ਕੰਬੋਕੀ ਦੇ ਭਾਈ ਸੁੱਖਾ ਸਿੰਘ ਨੇ ਮੱਸੇ ਰੰਗੜ ਦਾ ਸਿਰ ਜਾ ਵੱਢਿਆ। ਜਦ ਅੰਮ੍ਰਿਤਸਰ ਦਾ ਇਲਾਕਾ ਭੰਗੀ ਮਿਸਲ ਦੇ ਸਰਦਾਰ ਹਰੀ ਸਿੰਘ ਕੋਲ ਸੀ ਤਾਂ 1762 ਦੇ ਛੇਵੇਂ ਅਫ਼ਗਾਨ ਹਮਲੇ ਵੇਲੇ ਅਹਿਮਦਸ਼ਾਹ ਦੁਰਾਨੀ ਨੇ ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾ ਦਿੱਤਾ। ਦਸੰਬਰ 1764 ਨੂੰ ਸੱਤਵੇਂ ਹਮਲੇ ਦਾ ਟਾਕਰਾ ਕਰਦਿਆਂ ਸ. ਗੁਰਬਖਸ਼ ਸਿੰਘ ਤੇ 30 ਸਿੰਘ ਸ਼ਹੀਦ ਹੋਏ। ਸਿੰਘਾਂ ਨੇ ਪੈਸਾ ਇਕੱਠਾ ਕਰਕੇ ਹਰਿਮੰਦਰ ਸਾਹਿਬ ਫਿਰ ਉਸਾਰ ਲਿਆ।

ਗੁਰੂ ਰਾਮਦਾਸ ਜੀ ਨੇ ਆਪਣੇ 6 ਸਾਲ ਦੇ ਗੁਰੂ ਕਾਲ ਵਿਚ ਦਿਨ ਰਾਤ ਇਕ ਕਰਕੇ ਇਸ ਪਵਿੱਤਰ ਅਸਥਾਨ ਨੂੰ ਵਿਕਸਤ ਕੀਤਾ। ਗੁਰੂ ਹਰਿਗੋਬਿੰਦ ਜੀ ਨੇ ਅਕਾਲ ਤਖਤ ਸਾਹਿਬ ਅਤੇ ਲੋਹਗੜ੍ਹ ਦੀ ਸਥਾਪਨਾ ਕਰਕੇ ਇਸਨੂੰ ਹੋਰ ਵਿਸ਼ਾਲ ਅਤੇ ਆਜ਼ਾਦ ਬਣਾ ਦਿੱਤਾ। ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਦੀ ਰੌਣਕ ਵਧਾਉਣ ਲਈ ਦੂਰ-ਦੂਰ ਤੋਂ ਵੱਖ ਵੱਖ ਧੰਦਿਆਂ ਦੇ ਮਾਹਿਰ ਕਾਰੀਗਰਾਂ ਨੂੰ ਵਸਾਇਆ ਗਿਆ। ਜਿਸ ਨਾਲ ਇਹ ਇਕ ਅਜਿਹਾ ਸ਼ਹਿਰ ਬਣ ਗਿਆ ਕਿ ਇਸਦੀ ਸ਼ੋਭਾ ਦੇਸ਼ਾਂ-ਵਿਦੇਸ਼ਾਂ ਵਿਚ ਹੋਣ ਲੱਗੀ। ਇੱਥੇ 52 ਕਿਸਮ ਦੇ ਧੰਦਿਆਂ ਦੇ ਕਾਰੀਗਰ ਆਣ ਵੱਸੇ। ਦਰਸ਼ਕਾਂ ਦਾ ਇਸ ਸ਼ਾਂਤ ਵਾਤਾਵਰਣ ਵਿਚ ਆਉਣਾ ਜਾਣਾ ਹੋ ਗਿਆ। ਜਿਸ ਨਾਲ ਵਪਾਰ ਵਿਚ ਵਾਧਾ ਹੋਇਆ। ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਨੂੰ ਸੇਵਾ ਸੌਂਪ ਕੇ ਆਪ ਸਤੰਬਰ 1, 1581 ਨੂੰ ਗੋਇੰਦਵਾਲ ਜਾ ਕੇ ਜੋਤੀ ਜੋਤ ਸਮਾ ਗਏ।

ਇਸ ਮਹਾਨ ਸਿੱਖਾਂ ਦੇ ਧਾਰਮਿਕ ਕੇਂਦਰ ਨੂੰ ਸਥਾਪਤ ਕਰਨ ਸਮੇਂ ਗੁਰੂ ਸਾਹਿਬਾਨ ਨੇ ਭੂਗੋਲਿਕ ਤੌਰ ਤੇ ਪੰਜਾਬ ਦਾ ਕੇਂਦਰੀ ਇਲਾਕਾ ਚੁਣਿਆ। ਜੋ ਹੁਣ ਜਰਨੈਲੀ ਸੜਕ 'ਤੇ ਹੈ। ਪਹਿਲੇ ਸਮਿਆਂ ਵਿਚ ਕਦੀ ਸੜਕ ਤਰਨਤਾਰਨ ਤੋਂ ਗੋਇੰਦਵਾਲ ਹੋ ਕੇ ਲੰਘਦੀ ਸੀ। ਇੱਥੋਂ ਲੰਘ ਕੇ ਵਿਦੇਸ਼ੀ ਹਮਲਾਵਰ ਭਾਰਤ ਦੀ ਰਾਜਧਾਨੀ ਦਿੱਲੀ ਜਾ ਧਾਵਾ ਬੋਲਦੇ ਸਨ। ਗੁਰੂ ਸਾਹਿਬਾਨ ਨੇ ਰੱਖਿਆ ਲਈ ਇਸ ਮਾਰਗ ਤੇ ਵਿਦੇਸ਼ੀ ਹਮਲਾਵਰਾਂ ਦਾ ਟਾਕਰਾ ਕਰਨ ਲਈ ਅਸਥਾਨ ਬਣਾਉਣਾ ਚਾਹੁੰਦੇ ਸਨ। ਧਾਰਮਿਕ ਸੁਤੰਤਰਤਾ ਕਾਇਮ ਰੱਖਣ ਲਈ ਤਰਨਤਾਰਨ ਖਡੂਰ ਸਾਹਿਬ ਗੋਇੰਦਵਾਲ ਅਤੇ ਕਰਤਾਰਪੁਰ ਨਗਰ ਵਸਾਏ। ਇਸੇ ਕਰਕੇ ਹੀ ਤਾਂ ਸਿੰਘਾਂ ਨੇ ਸਿਕੰਦਰ ਦੀਆਂ ਫੌਜਾਂ ਅਤੇ ਅਹਿਮਦਸ਼ਾਹ ਅਬਦਾਲੀ ਦੀਆਂ ਫੌਜਾਂ ਦਾ ਮੁਕਾਬਲਾ ਕਰਕੇ ਆਪਣੀ ਬਹਾਦਰੀ ਦਾ ਸਬੂਤ ਦਿੱਤਾ। ਭਗਤੀ ਅਤੇ ਸ਼ਕਤੀ ਨੇ ਸਿੰਘਾਂ 'ਚੋਂ ਮੌਤ ਦਾ ਡਰ ਹੀ ਉਡਾ ਦਿੱਤਾ। ਸ. ਹਰੀ ਸਿੰਘ ਨਲੂਆ ਅਤੇ ਅਕਾਲੀ ਫੂਲਾ ਸਿੰਘ, ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ, ਬਾਬਾ ਦੀਪ ਸਿੰਘ ਜਿਹੇ ਬਹਾਦਰਾਂ ਨੇ ਜਾਲਮ ਦੇ ਮੂੰਹ ਮੋੜ ਦਿੱਤੇ। ਇਸ ਰੂਹਾਨੀ ਸ਼ਕਤੀ ਦੀ ਪ੍ਰੇਰਨਾ ਗੁਰਬਾਣੀ ਪ੍ਰਵਾਹ ਤੇ ਹਰਿਮੰਦਰ ਅੰਮ੍ਰਿਤਸਰ ਤੋਂ ਮਿਲੀ ਹੈ, ਜਿਸ ਵਿਚ ਬੱਚੇ-ਬੁੱਢੇ, ਔਰਤਾਂ-ਮਰਦਾਂ ਨੇ ਧਰਮ ਯੁੱਧ ਲਈ ਕੁਰਬਾਨੀਆਂ ਦਿੱਤੀਆਂ ਅਤੇ ਗਾਉਂਦੇ ਰਹੇ- ਸਿਰ ਜਾਏ ਤਾਂ ਜਾਏ ਮੇਰੀ ਸਿਖੀ ਸਿਦਕ ਨਾ ਜਾਏ।

ਅਫਗਾਨੀ, ਮੁਗਲਾਂ ਤੇ ਅੰਗਰੇਜ਼ਾਂ ਨੇ ਸਮੇਂ-ਸਮੇਂ ਅੰਮ੍ਰਿਤਸਰ 'ਤੇ ਕਈ ਵਾਰ ਹਮਲੇ ਕੀਤੇ। ਇਸਦੀ ਇਮਾਰਤ ਨੂੰ ਨਸ਼ਟ ਕੀਤਾ। ਹਰ ਵਾਰੀ ਇਸਨੂੰ ਮੁਕਤ ਕਰਾਉਣ ਲਈ ਅਤੇ ਇਸਦੀ ਪਵਿੱਤਰਤਾ ਨੂੰ ਬਹਾਲ ਕਰਨ ਲਈ ਸਿੰਘਾਂ ਨੇ ਸ਼ਹੀਦੀਆਂ ਦਿੱਤੀਆਂ। ਕਈ ਘੱਲੂਘਾਰੇ ਸਹੇੜਨੇ ਪਏ, ਜਿਹਨਾਂ ਵਿਚ ਸਿੰਘਾਂ ਨੂੰ ਤਸ਼ੱਦਦ ਸਹਿਣੇ ਪਏ। ਪਰ ਸਿੰਘਾਂ ਨੇ ਹਮੇਸ਼ਾ ਡੱਟ ਕੇ ਮੁਕਾਬਲਾ ਕੀਤਾ। ਅਸਾਵੀਆਂ ਜੰਗਾਂ ਤੇ ਜਿੱਤਾਂ ਪ੍ਰਾਪਤ ਕੀਤੀਆਂ। ਅੰਤ 1925 ਵਿਚ ਗੁਰਦੁਆਰਾ ਐਕਟ ਬਣਨ ਤੇ ਗੁਰਦੁਆਰਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਸੌਂਪ ਦਿੱਤਾ ਗਿਆ। ਜੂਨ 1984 ਵਿਚ ਭਾਰਤੀ ਫੌਜ ਨੇ 'ਨੀਲਾ ਤਾਰਾ' ਸਾਕਾ ਹੇਠ ਇਸ 'ਤੇ ਹਮਲਾ ਕੀਤਾ। ਇਮਾਰਤੀ ਨੁਕਸਾਨ, ਸਿੱਖ ਸਾਹਿਤ ਅਤੇ ਹਜ਼ਾਰਾਂ ਸ਼ਰਧਾਲੂ ਸ਼ਹੀਦ ਹੋਏ। ਵੈਰੀਆਂ ਦੀਆਂ ਲੱਖਾਂ ਕੋਝੀਆਂ ਹਰਕਤਾਂ ਅਤੇ ਫਰੇਬੀ ਚਾਲਾਂ ਨੇ ਸਿੱਖਾ ਨਾਲ ਟੱਕਰ ਲਈ ਪਰ ਸਿੱਖੀ ਦੇ ਗੁਰਧਾਮ ਵੱਸਦੇ ਰਹੇ।

ਝੂਲਤੇ ਨਿਸ਼ਾਨ ਰਹੇ ਗੁਰੂ ਮਹਾਰਾਜ ਕੇ- ਨਿੱਤ ਮੁਹਿੰਮਾਂ ਨੂੰ ਝੱਲਦੇ ਸਿੱਖ ਆਪਣੇ ਧਰਮ ਦੀ ਨਿਸ਼ਠਾ ਵਿਚ ਚੜ੍ਹਦੀ ਕਲਾ ਵਿਚ ਰਹੇ ਅਤੇ ਦੇਸ਼ਾਂ-ਵਿਦੇਸ਼ਾਂ ਵਿਚ ਗੁਰਦੁਆਰਾ ਸਥਾਪਤ ਕਰਕੇ ਉਨਤੀ ਕਰ ਰਹੇ ਹਨ। ਜਿਸ ਨਾਲ ਸਿੱਖਾਂ ਨੇ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਆਪਣੀ ਪਹਿਚਾਣ ਬਣਾ ਲਈ ਹੈ। ਗੁਰਦੁਆਰਾ ਗਿਆਨ ਦਾ ਕੇਂਦਰ ਹੈ ਧਰਮ ਤੇ ਸਮਾਜ ਦੀ ਉਸਾਰੀ ਦਾ ਕੇਂਦਰ ਹੈ। ਗੁਰਬਾਣੀ ਦਾ ਚਾਨਣ ਸਾਨੂੰ ਜੀਵਨ ਸੋਝੀ ਜੀਵਨ ਜਾਚ ਪ੍ਰਦਾਨ ਕਰਦਾ ਹੈ। ਗੁਰਦੁਆਰਿਆਂ ਰਾਹੀਂ ਗੁਰਬਾਣੀ ਨਾਲ ਜੁੜ ਕੇ ਸੋਝੀ ਪ੍ਰਾਪਤ ਹੁੰਦੀ ਹੈ।

# ਬਾਬਾ ਜੈ ਸਿੰਘ ਜੀ ਖਾਲਕਟ



ਹਰਦੀਪ ਸਿੰਘ ਚੁੰਬਰ
+91-94636-01616

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥

ਉਪਰੋਕਤ ਸ਼ਬਦ ਨੂੰ ਬਾਬਾ ਜੈ ਸਿੰਘ ਖਲਕਟ ਜੀ ਜਿਹੇ ਮਹਾਨ ਸ਼ਹੀਦਾ ਨੇ ਜੀਵਨ ਕੁਰਬਾਨ ਕਰਕੇ ਜਿੰਦਾ ਵੀ ਰਖਿਆ ਸਹੀ ਵੀ ਸਿਧ ਕੀਤਾ ਹੈ। ਸਮਾਂ ਸੀ ਜਦੋਂਅਹਿਮਦ ਸ਼ਾਹ ਦੁਰਾਨੀ ਨੇ ਮਹਾਰਾਜਾ ਦੀ ਗੈਰਹਾਜ਼ਰੀ ਵਿਚ ਬਰਨਾਲਾ 'ਤੇ ਹਮਲਾ ਕੀਤਾ, ਜਦੋਂ ਰਾਜਾ ਮੂਨਕ ਵਿਚ ਸੀ। ਉਸਨੇ ਮਹ-'ਰਾਜਾ ਨੂੰ ਚਾਰ ਲੱਖ ਰੁਪਏ ਦੇਣ ਲਈ ਮਜਬੂਰ ਕੀਤਾ।ਜਿਸ ਵਿਚੋਂ ਸਿਰਫ ਪੰਜਾਹ ਹਜ਼ਾਰ ਰੁਪਏ ਦੀ ਅਦਾਇਗੀ ਕੀਤੀ। ਦੁਰਾਨੀ ਰਾਜਾ ਨੇ ਉਸਨੂੰ "ਰਾਜਾ" ਦੀ ਉਪਾਧੀ ਦਿੱਤੀ ਅਤੇ ਉਸਨੂੰ 727 ਪਿੰਡਾਂ ਦਾ ਖੇਤਰ ਦਿੱਤਾ। ਆਲਾ ਸਿੰਘ 57 ਸਾਲ ਦੀ ਉਮਰ ਵਿੱਚ1763 ਈ। ਵਿਚ, ਪਟਿਆਲਾ ਸ਼ਹਿਰ ਦੀ ਨੀਂਹ ਰੱਖੀ।ਉਸੇ ਸਾਲ ਉਸਨੇ ਨਨੂ ਸਿੰਘ ਸੈਣੀ ਮੁਖੀਆ ਦੀ ਅਗਵਾਈ ਹੇਠ ਦੇ ਨਾਲ ਸਰਹਿੰਦ ਅਤੇ ਇਸ ਦੇ ਨਾਲ ਲੱਗਦੇ ਇਲਕੇ ਨੂੰ ਜਿੱਤ ਲਿਆ। ਉਹਨਾ ਦੇ ਤਿੰਨਾਂ ਹੀ ਪੁੱਤਰਾਂ ਦੀ ਮੌਤ ਪਹਿਲਾਂ ਹੀ ਹੋ ਚੁੱਕੀ ਸੀ। 1765 ਵਿਚ ਇਸਨੇ ਆਪਣੇ ਪੋਤੇ ਮਹਾਰਾਜਾ ਅਮਰ ਸਿੰਘ ਨੂੰ ਗੱਦੀ ਛੱਡ ਦਿੱਤੀ।

ਹਜਾਰਾਂ ਸਾਲਾਂ ਉੱਤਰ ਭਾਰਤ ਦੇ ਪ੍ਰਾਂਤ ਦੇ ਲੋਕਾਂ ਨੇ ਮੱਧ ਏਸ਼ੀਆ ਤੋਂ ਆਉਣ ਹਮਲਾਵਰਾਂ ਦੇ ਜ਼ੁੱਲਮਾਂ ਦਾ ਬਾਕੀ ਭਾਰਤ ਦੇ ਲੋਕਾਂ ਨਾਲੋਂ ਵੱਧ ਨੁਕਸਾਨ ਉਠ-ਾਉਣਾ ਪਿਆ ਹੈ। ਇਹ ਸਿਲਸਲਾ ਭਾਰਤ ਵਿੱਚ ਸਭ ਤੋਂ ਪਹਿਲਾ ਆਰੀਆ ਲੋਕਾਂ ਦੇ ਭਾਰਤ ਵਿੱਚ ਆਉਣ ਨਾਲ ਸੁਰੂ ਹੋਇਆ ਅਤੇ ਭਾਰਤ ਵਿੱਚ ਬਹੁਤ ਸਾਰੇ ਵਿਦੇਸ਼ੀ ਆਉਂਦੇ ਰਹੇ ਭਾਰਤ ਵਿੱਚ ਲੁੱਟ ਕਰਕੇ ਵਾਪਸ ਚਲੇ ਜਾਂਦੇ ਸਨ, ਪਰ ਹੌਲੀ ਹੌਲੀ ਉਹ ਭਾਰਤ ਵਿੱਚ ਹੀ ਪੱਕੇ ਤੌਰ ਉਤੇ ਵਸ ਗਏ। ਭਾਰਤ ਵਿੱਚ ਆਖਰੀ ਵਿਦੇਸ਼ੀ ਅੰ-ਗਰੇਜ਼ ਸਨ ਜੋ ਸਮੁੰਦਰ ਰਹੀਂ ਦੱਖਣ ਭਾਰਤ ਵਲੋਂ ਦਾਖਲ ਹੋਏ ਸਨ ਕੋਈ 200 ਕੁ ਸੌ ਸਾਲ ਭਾਰਤ ਵਿੱਚ ਰਹਿਕੇ ਵਾਪਸ ਵੀ ਗਏ।ਅੰਗਰੇਜ਼ ਹੀ ਇੱਕ ਐਸੀ ਕੌਮ ਹੈ ਜਿਸ ਨੇ ਵਿਦੇਸ਼ਾਂ ਉਤੇ ਰਾਜ ਵੀ ਕੀਤਾ ਆਪਣਾ ਦੇਸ਼ ਵੀ ਨਹੀਂ ਛੱਡਿਆ, ਆਪਣੇ ਦੇਸ਼ ਨੂੰ ਹਮੇਸ਼ਾ ਖੁਸ਼ਹਾਲ ਬਣਾਇਆ।ਅੰਗਰੇਜ਼ ਕੌਮ ਵਿਸ਼ਵ ਦੀਆਂ ਕੋਂਮਾਂ ਨਾਲੋਂ ਵੱਧ ਮਾਨ-ਵਤਾਵਾਦੀ ਅਤੇ ਡਸਿਪਲਨ ਵਾਲੀ ਕੌਮ ਹੈ। ਭਾਰਤ ਵਿੱਚ ਬਹੁਤ ਸਾਰੇ ਦੇਸ਼ੀ, ਵਿਦੇਸ਼ੀ ਵਸਦੇ ਹਨ, ਪਰ ਇੱਕ ਕੌਮ ਨਹੀ ਬਣ ਸਕੇ, ਭਾਰਤੀ ਆਪਸ ਵਿੱਚ ਦੂਜੇ ਤੋਂ ਸੁਪਰ ਕਹਾਉਣ ਦੂਜੇ ਨੂੰ ਗਿਰਾਉਣ ਵਿੱਚ ਗੁਲਤਾਨ ਹਨ।



18ਵੀਂ ਸਦੀ ਵਿੱਚ ਦੱਖਣ ਪੂਰਵ ਵਲੋਂ ਅੰਗਰੇਜ਼ ਭਾਰਤ ਵਿੱਚ ਪੈਰ ਪਸਾਰਦੇ ਆ ਰਹੇ ਸਨ। ਮੱਧ ਭਾਰਤ ਵਿੱਚ ਮਰਾਠੇ ਆਪਣੇ ਰਾਜ ਨੂੰ ਵਧਾਉਣ ਫੈਲਾਉਣ ਵਿੱਚ ਲਗੇ ਹੋਏ ਸਨ। ਉਤਰ ਵਿੱਚ ਦਿੱਲੀ ਦਾ ਮੁਗਲ ਰਾਜ ਕਮਜੋਰ ਹੋ ਚੁੱਕਾ ਸੀ। ਪੰਜਾਬ ਵਿੱਚ ਸਿੱਖ ਬਾਬਾ ਬੰਦਾ ਸਿੰਘ ਬਹਾਦਰ ਦੀ 1716 ਵਿੱਚ ਸ਼ਹਾਦਤ ਦੇ ਬਾਅਦ ਤਾਕਤ ਗੁਆ ਚੁੱਕੇ ਸਨ। ਅਫਗਾਨਿ-ਸਤਾਨ ਦੀ ਸੱਤਾ ਉਤੇ ਅਹਿਮਦਸ਼ਾਹ ਦੁੱਰਨੀ ਦਾ ਕਬਜੇ ਹੋ ਗਿਆ ਸੀ। ਉਸ ਨੇ ਲੁੱਚ ਖਸੁਟ ਕਰਨ ਲਈ ਭਾਰਤ ਵੱ.ਲ ਵਧਣਾ ਸੁਰੂ ਕੀਤਾ।

ਅਹਿਮਦ ਸ਼ਾਹ ਦੁੱਰਾਨੀ ਨੇ 1748 ਅਤੇ 1767 ਦੇ ਵਿਚਕਾਰ ਅੱਠ ਵਾਰ ਭਾਰਤ ਉੱਤੇ ਹਮਲਾ ਕੀਤਾ। ਨਾਦਿਰ ਸ਼ਾਹ ਦੀ ਹੱਤਿਆ ਤੋਂ ਬਾਅਦ, ਅਹਿਮਦ ਸ਼ਾਹ ਦੁੱਰਾਨੀ ਨੇ ਅਫਗਾਨਿਸਤਾਨ ਦੀ ਗੱਦੀ ਬੈਠਦਿਆਂ ਹੀ ਅਤੇ ਨੇੜਲੇ ਇਲਾਕਿਆਂ ਤੋਂ ਦੌਲਤ ਲੁੱਟਣ ਲੱਗਾ। ਉਹ ਭਾਰਤ ਵਿਚ "ਰਾਜਸੀ ਅਧਿਕਾਰ" ਸਥਾਪਤ ਕਰਨਾ ਵੀ ਚਾਹੁੰਦਾ ਸੀ। ਉਸ ਦੇ ਸਮੇਂ ਦੌਰਾਨ, ਮੁਗਲ ਸਾਮਰਾਜ ਦਾ ਢਹਿਢੇਰੀ ਹੋ ਰਿਹਾ ਸੀ ਅਤੇ ਉਹ "ਬਿਨਾਂ ਕਿਸੇ ਨੁਕਸਾਨ ਦੇ ਰਾਜਨੀਤਿਕ ਖਲਾਅ" ਨੂੰ ਭਰਨ ਲਈ " ਮੁਗਲ ਰਾਜ ਦੀਆਂ ਜੁੱਤੀਆਂ ਵਿੱਚ ਪੈਰ ਪਾਉਣ ਲਈ ਉਤਸੁਕ ਸੀ।"ਉਹ ਉਤਰੀ ਭਾਰਤ ਵਿੱਚ ਜਿੱਤ ਪਰਾਪਤ ਕਰ ਅੱਗੇ ਵਧ ਰਿਹਾ ਸੀ।

ਅਬਦੁਸ ਸਮਾਦ ਖ਼ਾਨ ਨੂੰ ਸਰਹਿੰਦ ਵਿਖੇ ਆਪਣੀ ਫ਼ੌਜ ਦਾ ਮੁਖੀ ਨਿਯੁਕਤ ਕੀਤਾ ਗਿਆ ਸੀ। ਹਰ ਕੋਈ ਉਸ ਦੇ ਬੇਰਹਿਮ ਅਤੇ ਵਹਿਸ਼ੀ ਵਿਵਹਾਰ ਤੋਂ ਬਹੁਤ ਦੁਖੀ ਅਤੇ ਨਾਰਾਜ਼ ਸੀ। ਸੰਨ 1757ਵਿਚ ਚੇਤ ਦੇ ਮਹੀਨੇ ਵਿਚ ਇਕ ਦਿਨ ਉਹ ਪਟਿਆਲੇ ਦੇ ਨੇੜੇ ਪਿੰਡ ਮੁਗਲਮਾਜਰਾ ਤੋਂ ਲੰਘ ਰਿਹਾ ਸੀ, ਉਹ ਭਾਈ ਜੈ ਸਿੰਘ ਕੋਲੋਂ ਲੰਘਿਆ ਪਰ ਭਾਈ ਜੈ ਸਿੰਘ ਆਪਣੇ ਖੂਹ ਦਾ ਸਿਮਰਨ ਕਰਨ ਵਿਚ ਰੁੱਝੇ ਹੋਏ ਸਨ। ਮੁਗਲ ਸੂਬੇਦਾਰ ਨੇ ਆਪਣੇ ਸਿਪਾਹੀਆਂ ਨੂੰ ਭਾਈ ਜੈ ਸਿੰਘ ਨੂੰ ਆਪਣੇ ਕੋਲ ਲਿਆਉਣ ਦਾ ਆਦੇਸ਼ ਦਿੱਤਾ ਅਤੇ ਗੁੱਸੇ ਨਾਲ ਪੁੱਛਿਆ ਕਿ ਉਸਨੇ ਉਸਨੂੰ ਸਲਾਮ ਕਿਉਂ ਨਹੀਂ ਕੀਤਾ। ਇਸ ਤੇ ਭਾਈ ਜੈ ਸਿੰਘ ਨੇ ਜਵਾਬ ਦਿੱਤਾ ਕਿ ਮੈਨੂੰ ਤੁਹਾਡੀ ਮੌਜੂਦਗੀ ਬਾਰੇ ਪਤਾ ਵੀ ਨਹੀਂ ਸੀ ਕਿਉਂਕਿ ਮੈਂ ਗੁਰਬਾਣੀ ਦੇ ਸਿਮਰਨ ਵਿਚ ਰੁੱਝਿਆ ਹੋਇਆ ਸੀ।

ਇਹ ਉਸ ਸਮੇਂ ਦੀ ਪਰੰਪਰਾ ਸੀ ਕਿ ਜਦੋਂ ਕੋਈ ਵੀ ਰਾਜਾ, ਨਵਾਬ ਕਿਸੇ ਇਲਾਕੇ ਵਿਚੋਂ ਲੰਘਦਾ ਸੀ ਤਾਂ ਵਸਨੀਕ ਸਤਿਕਾਰ ਨਾਲ ਉਸ ਅੱਗੇ ਝੁਕਕੇ ਮੱਥਾ ਟੇਕਦੇ ਸਨ। ਪਰੰਪਰਾ ਅਨੁਸਾਰ, ਉਹਨਾ ਦਾ ਸਮਾਨ ਸਥਾਨਕ ਲੋਕਾਂ ਦੁਆਰਾ ਇੱਕ ਪਿੰਡ ਤੋਂ ਅਗਲੇ ਪਿੰਡ ਲਿਜਾਇਆ ਜਾਂਦਾ ਸੀ। ਕੋਤਵਾਲ ਨਿ ਨਜ਼ਾਮੂਦੀਨ ਨੇ ਬਾਬਾ ਜੀ ਨੂੰਗਠੜੀ ਚੁੱਕਣ ਦਾ ਆਦੇਸ਼ ਦਿੱਤਾ ਜਿਸ ਵਿਚ ਤੰਬਾਕੂ ਅਤੇ ਇਕ ਹੁੱਕਾ ਦਿਖਾਈ ਦਿੰਦਾ ਸੀ। ਬਾਬਾ ਜੀ ਨੇ ਖਾਨ ਦੇ ਗਠੜੀ ਨੂੰ ਚੁੱਕਣ ਤੋਂ ਇਨਕਾਰ ਕਰ ਦਿੱਤਾ ਜਿਸ ਵਿਚ ਇਕ ਹੁੱਕਾ ਸੀ। ਉਸ ਨੰ ਕਿਹਾ ਕਿ ਉਹ ਅਮ੍ਰਿਤਧ-ਾਰੀ ਸਿੱਖ ਹੈ ਅਤੇ ਇਸ ਲਈ ਉਸਗਠੜੀ ਨੂੰ ਨਹੀਂ ਚੁੱਕ ਸਕਦਾ ਜਿਸ ਵਿਚ ਤੰਬਾਕੂ ਅਤੇ ਹੁੱਕਾ ਸੀ। ਉਸਨੇ ਅੱਗੇ ਕਿਹਾ ਕਿ ਸਾਡੇ ਗੁਰੂ ਸਾਹਿਬ ਨੇ ਸਾਨੂੰ ਤੰਬਾਕੂ ਨੂੰ ਛੂਹਣ ਤੋਂ ਵੀ ਵਰਜਿਆ ਹੈ। ਮੈਂ ਇਸ ਨੂੰ ਆਪਣੇ ਸਿਰ ਤੇ ਕਿਵੇਂ ਲੈ ਸਕਦਾ ਹਾਂ? ਕੋਤਵਾਲ ਗੁੱਸੇ ਵਿੱਚ ਆ ਗਿਆ ਅਤੇ ਉਸਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਉਸਨੂੰ ਇੱਕ ਲਚਕਦਾਰ ਸੋਟੀ ਨਾਲ ਕੁੱਟਿਆ ਜਾਵੇ, ਉਸਦੀ ਚਮੜੀ ਲਾਹ ਦਿਤੀ ਜਾਵੇ।


ਸਿੱਖ ਧਰਮ ਬੁੱਚ ਪੂਜਾ ਵਿੱਚ ਜਕੀਨ ਨਹੀਂ ਰਖਦਾ। ਬਾਬਾ ਜੀ ਤਸਵੀਰ ਉਲਟਾ ਲਟਕਾਕੇ ਚਮੜੀ ਉਤਾਰਿਆਂ ਦੀ ਹੀ ਉਪਲਭਦ ਹੈ, ਜਿਸ ਨੀ ਵੀ ਇਹ ਯਾਦਗਾਰ ਤਸਵੀਰ ਬਣਾਈ ਹੈ ਉਸ ਦਾ ਸਤਿਕਾਰ ਹੈ। ਇਸ ਤੋਂ ਬਾਬਾ ਜੀ ਦਾ ਚਿਹਰਾ ਠੀਕ ਦਿਖਾਈ ਨਹੀਂ ਦਿੰਦਾ। ਇੱਥੇ ਉਸੇ ਹੀ ਤਸਵੀਰ ਦਾ ਧੜ ਦੇ ਉਪਰ ਵਾਲਾ ਹਿੱਸਾ ਸਿੱਧਾ ਕਰਕੇ ਕੇਵਲ ਪਹਿਚਾਣ ਲਈ ਲਗਾਇਆ ਗਿਆ ਹੈ, ਇਸ ਵਿੱਚ ਕੋਈ ਬਦਲਾਉ ਨਹੀ ਹੈ।

ਮਈ 1757 ਕਿ ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਬੇਟੇ ਤੈਮੂਰ ਸ਼ਾਹ (1746-1793) ਨੂੰ ਪੰਜਾਬ ਦਾ ਵਾਈਸਰਾਏ ਅਤੇ ਜਹਾਨ ਖਾਨ ਨੂੰ ਕਮਾਂਡਰ-ਇਨ-ਚੀਫ਼ ਨਿਯੁਕਤ ਕੀਤਾ ਅਤੇ ਵਾਈਸਰਾਏ ਦਾ ਅਹੁਦਾ ਸੰਭਾਲਣ ਤੋਂ ਬਾਅਦ ਹੀ ਤੈਮੂਰ ਨੇ ਸਰਹਿੰਦ ਦੇ ਮੁਹੰਮਦ ਪਠਾਨ ਅਬਦੁੱਲ ਉਸ-ਸਮਦ ਖ਼ਾਨ ਨੂੰ ਰਾਜਪਾਲ ਨਿਯੁਕਤ ਕੀਤਾ। ਜਿਸ ਦੇ ਆਦੇਸ਼ਾਂ ਹੇਠ ਬਾਬਾ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਤੱਥ ਦੇ ਅਧਾਰ 'ਤੇ ਇਹ ਮੰਨਿਆ ਜਾ ਸਕਦਾ ਹੈ।

ਭਾਈ ਜੈ ਸਿੰਘ ਦਾ ਜਨਮ ਪਟਿਆਲਾ ਨੇੜੇ ਪਿੰਡ ਬਾਰਨਦੇ ਚਮਾਰ ਜਾਤੀ ਪ੍ਰਿਵਾਰ ਵਿਚ ਹੋਇਆ ਸੀ, ਪਿੰਡ ਦਾ ਨਾਮ ਮੁਗਲਮਾਜਰਾ ਸੀ। ਉਨ੍ਹਾਂ ਦੇ ਪਿਤਾ ਇਕ ਅੰਮ੍ਰਿਤਧਾਰੀ ਸਿੱਖ ਸਨ ਅਤੇ ਭਾਈ ਜੈ ਸਿੰਘ ਨੇ ਵੀ ਬਹੁਤ ਛੋਟੀ ਉਮਰ ਤੋਂ ਹੀ ਆਪਣੇ ਪਿਤਾ ਨਾਲ ਸਿੱਖ ਧਰਮ ਅਪਣਾਕੇ ਸੇਵਾ ਸਿਮਰਨ ਕਰਨਾ ਅਰੰਭ ਕਰ ਦਿੱਤਾ ਸੀ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਨ ਸਮਰਪਿਤ, ਇਮਾਨਦਾਰ ਅਤੇ ਮਿਹਨਤੀ ਗੁਰਸਿੱਖ ਸਨ। ਉਹਨਾ ਦਿਨਾਂ ਵਿੱਚ ਆਨੰਦਪੁਰ ਸਾਹਿਬ ਹੀ ਅੰਮ੍ਰਿਤ ਸ਼ਕਾਇਆ ਜਾਂਦਾ ਸੀ ਭਾਈ ਜੈ ਸਿੰਘ ਨੇ ਵੀ ਆਪਣੇ ਪਿਤਾ ਨਾਲ ਆਨੰਦਪੁਰ ਸਾਹਿਬ ਹੀ ਅੰਮ੍ਰਿਤ ਸ਼ਕਿਆ ਸੀ। ਭਾਈ ਜੈ ਸਿੰਘ ਦਾ ਸਾਰਾ ਗੁਰਸਿੱਖ ਪ੍ਰਿਵਾਰ ਸੀ।ਬਾਰਨ ਪਟਿਆਲੇ ਤੋਂ 7 ਕਿਲੋਮੀਟਰ ਸਰਹੰਦ ਰੋੜ ਉਪਰ ਸਥਿਤ ਹੈ।

ਖਾਨ ਨੇ ਇਹ ਵਿਕਲਪ ਵੀ ਦਿੱਤਾ ਸੀ ਕਿ ਜੇ ਉਸ ਦੇ ਪਰਿਵਾਰ ਦਾ ਕੋਈ ਮੈਂਬਰ ਆਪਣਾ ਸਮਾਨ ਪਟਿਆਲੇ ਲੈ ਜਾਂਦਾ ਹੈ ਤਾਂ ਉਸ ਦੀ ਸਜ਼ਾ ਮੁਆਫ਼ ਕੀਤੀ ਜਾਏਗੀ। ਬਾਬਾ ਜੈ ਸਿੰਘ ਜੀ ਨੇ ਬੜੇ ਨਿਮਰਤਾ ਨਾਲ ਜਵਾਬ ਦਿੱਤਾ ਸੀ ਕਿ ਅਸੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਹਾਂ ਕਿਸੇ ਤਰਾਂ ਦੇ ਵਿਚਾਰਾਂ ਨਾਲ ਕੋਈ ਭਰਮਾ ਨਹੀਂ ਸਕਦਾ ਅਤੇ ਨਾਕਿਵੇਂ ਲੁਭਾਇਆ ਜਾ ਸਕਦਾ ਹੈ। ਆਪਣੇ ਧਰਮ ਨੂੰ ਤਿਆਗਣ ਦੀ ਬਜਾਏ ਮੈਂ ਮੌਤ ਨੂੰ ਸਵੀਕਾਰ ਕਰ ਸਕਦਾ ਹਾਂ। ਪਰ ਉਸਦੇ ਪ੍ਰਵਾਰ ਦੇ ਸਾਰੇ ਮੈਂਬਰ ਆਪਣੀ ਧਾਰਮਿਕ ਦ੍ਰਿੜਤਾ ਤੇ ਅੜੇ ਰਹੇ ਅਤੇ ਉਹ ਸਮਾਨ ਚੁੱਕਣ ਤੋਂ ਇਨਕਾਰ ਕਰ ਦਿੱਤਾ ਜਿਸ ਵਿੱਚ ਹੁੱਕਾ ਵੀ ਸੀ। ਬਾਬਾ ਜੈ ਸਿੰਘ ਦਾ ਸਿੱਖ ਪੰਥ ਨੂੰ ਸਮਰਕਨ ਤੋਂ ਸਾਜੀ ਨੌ-ਜਵਾਨਾਂ ਨੂੰ ਸਿੱਖਣਾ ਬਣਦਾ ਹੈ।

ਇਹ ਦੇਖਦੇ ਹੋਏ ਕਿ ਬਾਬਾ ਜੈ ਸਿੰਘ ਜੀ ਆਪਣੇ ਫ਼ੈਸਲੇ ਤੇ ਅੜੇ ਹਨ, ਉਸਨੇ ਦੋ ਕਸਾਈ ਬੁਲਾਏ ਅਤੇ ਖੂਹ ਉਤੇ ਬੋਹੜ ਦੇ ਦਰੱਖਤ ਦੇ ਬੰਨ੍ਹ ਕੇ ਉਲਟਾ ਲਟਕਾ ਚਮੜੀ ਉਤਾਰਨ ਦਾ ਹੁਕਮ ਦਿੱਤਾ। ਦੋਨਾਂ ਕਸਾਈਆਂ ਨੇ ਸਭ ਤੋਂ ਪਹਿਲਾਂ ਉਸਦੀ ਕ੍ਰਿਪਾਨ ਅਤੇ ਕਪੜੇ ਉਤਾਰ ਦਿੱਤੇ, ਉਸਦੇ ਕਸ਼ਿਹਰੇ ਤੋਂ ਇਲਾਵਾ ਕੋਈ ਕਪੜਾ ਨਹੀਂ ਸੀ।ਉਸਦੀ ਚਮੜੀ ਨੂੰ ਕਸਾਈ ਉਤਾਰਦੇ ਰਹੇ ਬਾਬਾ ਜੀ ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ। ਇਹ ਬੋਹੜ ਦਾ ਰੁੱਖ ਅੱਜ ਵੀ ਬਾਰਨ ਵਿੱਚ ਮੌਜੂਦ ਹੈ। ਸ਼ਹਾਦਤ ਪਿੰਡ ਮੁਗਲਮਾਜਰਾ ਤੋਂ ਲਗਭਗ ਅੱਧਾ ਮੀਲ ਦੀ ਦੂਰੀ 'ਤੇ ਹੋਈ ਸੀ। ਬਾਬਾ ਜੀ ਦੀ ਪਤਨੀ ਮਾਤਾ ਧੰਨ ਕੌਰ ਜੀ ਅਤੇ ਉਨ੍ਹਾਂ ਦੇ ਦੋ ਪੁੱਤਰਾਂ ਵਿੱਚੋਂ ਵੱਡੇ ਪੁੱਤਰ ਕੜਕ ਸਿੰਘ ਜੀ ਅਤੇ ਛੋਟੇ ਪੁੱਤਰ ਖੜਕ ਸਿੰਘ ਜੀ, ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਅਤੇ ਫਿਰ ਭਾਈ ਕੜਕ ਸਿੰਘ ਜੀ ਦੀ ਪਤਨੀ ਬੀਬੀ ਅਮਰ ਕੌਰ ਦਾ ਵੀ ਕਤਲ ਕਰ ਦਿੱਤਾ ਗਿਆ।ਭਾਈ ਖੜਕ ਸਿੰਘ ਜੀ ਦੀ ਪਤਨੀ ਰਾਜ ਕੌਰ ਗਰਭਵਤੀ ਸੀ, ਉਹ ਅੰਬਾਲਾ ਵਿਖੇ ਰਿਸ਼ਤੇਦਾਰਾਂ ਕੋਲ ਗਈ ਹੋਈ ਸੀ ਜਿਥੇ ਉਸਨੇ ਇੱਕ ਪੁੱਤਰ ਨੂੰ ਜਨਮ ਦਿੱਤਾ, ਜਿਸਦੀ ਔਲਾਦ ਅੰਬਾਲਾ ਅਤੇ ਮੁਹਾਲੀ ਤਹਿਸੀਲ ਮੁਹਾਲੀ, ਜਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪੰਜਾਬ, ਵਿੱਚ ਰਹਿ ਰਹੇ ਹਨ।ਖਾਨ ਦੇ ਇਸ ਸਥਾਨ ਨੂੰ ਛੱਡਣ ਤੋਂ ਬਾਅਦ ਪਿੰਡ ਵਾ-ਸੀਆਂ ਨੇ ਪੰਜ ਸ਼ਹੀਦਾਂ ਦੀਆਂ ਦੇਹਾਂ ਦਾ ਸੰਸਕਾਰ ਕਰ ਦਿੱਤਾ ਅਤੇ ਸ਼ਹਾਦਤ ਦੇ ਸਥਾਨ 'ਤੇ ਉਨ੍ਹਾਂ ਦੀ ਯਾਦ ਵਿਚ ਇਕ ਛੋਟੀ ਜਿਹੀ ਮਟੀ ਵੀ ਬਣਾਈ ਗਈ।



ਜਦੋਂ ਇਲਾਕੇ ਦੇ ਪ੍ਰਮੁੱਖ ਸਿੱਖਾਂ ਨੂੰ ਇਸ ਸਾਰੀ ਘਟਨਾ ਬਾਰੇ ਪਤਾ ਲੱਗਿਆ, ਉਨ੍ਹਾਂ ਨੇ ਮੁਗਲਮਾਜਰਾ ਦੇ ਸਾਰੇ ਪਿੰਡ ਨੂੰ ਢਾਹ ਦਿੱਤਾ। ਬਾਅਦ ਵਿਚ, ਪਿੰਡ ਦੇ ਖੰਡਰਾਤ ਅਤੇ ਉਸ ਦੇ ਸ਼ਹੀਦਾਂ ਦੀ ਸਮਾਧੀ ਦੇ ਨੇੜੇ, ਪਿੰਡ ਬਾਰਨ ਦੇ ਨਾਮ ਦੀ ਸਥਾਪਨਾ ਕੀਤੀ ਗਈ।ਬਾਰਨ ਦੇ ਨਾਮ ਰਖਣ ਦੇ ਪਿੱਛੇ ਕਈ ਕਾਰਨ ਹੋ ਸਕਦੇ ਹਨ, ਪਰਕੁੱਝ ਲਗਦਾ ਹੈ, ਇਹ ਸਮਝ ਕੇ ਰਖਿਆ ਹੋਵੇ ਕਿ ਬਾਬਾ ਜੈ ਸਿੰਘ ਨੇ ਗੁਰੂ ਦੇ ਬਚਨ ਨਿਭਾਏ, ਮੌਕੇ ਤੇ ਮੌਜੂਦ ਸਾਰਾ ਪ੍ਰਿਵਾਰ ਹੀ ਵਾਰ ਦਿਤਾ, ਲੇਕਿਨ ਗੁਰੂ ਦੇ ਬਚਨ ਦੀ ਲਾਜ ਰਖ ਵਿਖਾਈ। ਸਿੱਖ ਕੌਮ ਦੇ ਆਉਣ ਵਾਲੇ ਸਮੇਂ ਲਈ ਬਾਬਾ ਜੀ ਦਿਲ ਦੀਆਂ ਗਹਿਰਾਈਆਂ ਨਾਲ ਯਾਦ ਰੱਖਣਗੇ ਅਤੇ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਨੂੰ ਸੱਚ ਸਿੱਖ ਮਾਰਗ ਦਿਖਾਉਣ ਲਈ ਉਹਨਾਂ ਦੇ ਰਿਣੀ ਰਹਿਣਗੇ।

ਬਾਬਾ ਜੈ ਸਿੰਘ ਜੀ ਖਾਲਕਟ ਅਤੇ ਉਨ੍ਹਾਂ ਦੇ ਪਰਵਾਰ ਦੇ ਮੈਂਬਰਾਂ ਦੀ ਸ਼ਹਾਦਤ ਦਾ ਸਥਾਨ ਸਮੇਂ ਨਾਲ ਡੂੰਘਾ ਹੋ ਗਿਆ ਸੀ। ਪਾਣੀ ਭਰ ਜਾਂਦਾ ਸੀ, ਸਮੇਂ ਦੇ ਬੀਤਣ ਨਾਲ ਜਦੋਂ ਪਾਣੀ ਸੁੱਕ ਗਿਆ। ਪਿੰਡ ਦੇ ਵਸਨੀਕ ਸਰਦਾਰ ਵਰਿਆਮ ਸਿੰਘ ਨੇ ਇਸ ਸਮਾਧ ਪੱਕਾ ਕਰ ਦਿੱਤਾ। ਪਰ ਹਰ ਬਰਸਾਤ ਦੇ ਮੌਸਮ ਵਿਚ ਨੀਵਾਂ ਇਲਾਕਾ ਹੋਣ ਕਰਕੇ ਸਮਾਧ ਪਾਣੀ ਵਿਚ ਭਰ ਜਾਂਦਾ ਰਿਹਾ ਸੀ। ਸੰਗਤ ਨੇ ਸਮਾਧ ਦੇ ਆਸ ਪਾਸ ਦਾ ਇਲਾਕਾ ਵਧਾ ਦਿੱਤਾ ਪਰ ਸਮਾਧ ਨੀਵੇਂ ਸਥਾਨ ਵਿੱਚ ਰਹੀ, ਕਿਉਂਕਿ ਪਿੰਡ ਵਾਸੀ ਆਪਣੇ ਆਪ ਇਸ ਸਮਾਧ ਵਿੱਚ ਕੋਈ ਵਿਗਾੜ ਪਾਉਣਾ ਨਹੀਂ ਚਾਹੁੰਦੇ ਸਨ।

18 ਵੀਂ ਸਦੀ ਦੌਰਾਨ ਸਿੱਖਾਂ ਨੂੰ ਇੰਨਾ ਤਸੀਹੇ ਦਿੱਤੇ ਗਏ ਕਿ ਉਨ੍ਹਾਂ ਦੀ ਸ਼ਹਾਦਤ ਦੀਆਂ ਘਟਨਾਵਾਂ ਉਨ੍ਹਾਂ ਦੇ ਰੋਜ਼ਾਨਾ ਅਰਦਾਸ ਦਾ ਹਿੱਸਾ ਬਣ ਗਈਆਂ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਬਹਾਦਰੀ ਅਤੇ ਕੁਰਬਾਨੀ ਦੇ ਕੰਮ ਸਿੱਖਾਂ ਦੁਆਰਾ ਅਰਦਾਸ ਵਿਚ ਦਰਜ ਕੀਤੇ ਗਏ। ਸਿੱਖਾਂ ਵਿਚ ਅਰਦਾਸ ਇਕ ਰਸਮ ਵਾਂਗ ਹੈ ਜੋ ਅਰੰਭ ਵਿਚ, ਸ੍ਰੀ ਗੁਰੂ ਗਰੰਥ ਸਾਹਿਬ ਦੇ ਪਾਠ ਦੇ ਅਖੀਰ ਵਿਚ ਅਰਦਾਸ ਕਰਦੇ ਰਹੇ ਹਨ, "ਚਰਖੜ੍ਹੀਆਂ ਤੇ ਚੜੇ, ਬੰਦ ਬੰਦ ਕਟਵਾਏ, ਖੋਪੜੀਆਂ ਲਹਾਈਆਂ, ਪੁਠੀਆਂ ਖੱਲਾਂ ਲਹਾਈਆਂ, ਸਿੱਖੀ ਸਿਦਕ ਨਹੀਂ ਹਰਿਆ, ਤਿਨਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ, ਬੋਲੋ ਜੀ ਵਾਹਿਗੁਰੂ!ਲੇਕਿਨ ਪਤਾ ਨਹੀਂ ਕਿਉਂ ਇਹ ਸਿੱਖ ਅਰਦਾਸ ਵਿੱਚੋ ਅੱਜ ਕੱਲ ਸੁਣਾਈ ਨਹੀ ਦਿੰਦਾ, ਇਹ ਅਰਦਾਸ ਦਿ ਹਿੱਸਾ ਰਹਿਣਾ ਚਾਹੀਦਾ ਸੀ।

ਕੁਝ ਸਮੇਂ ਬਾਅਦ ਪਿੰਡ ਦੇ ਸੂਝਵਾਨ ਵਾਸੀਆਂ ਨੇ ਯਾਦਗਾਰ ਨੂੰ ਵਧਾਉਣ ਦੇ ਉਪਰਾਲੇ ਕੀਤੇ। ਉਹਨਾ ਰਾੜਾ ਸਾਹਿਬ ਅਤੇ ਲੁਧਿਆਣਾ ਦੇ ਸੰਤ ਬਾਬਾ ਈਸ਼ਰ ਸਿੰਘ ਜੀ ਦੇ ਪੈਰੋਕਾਰਾਂ, ਬਾਬਾ ਸੁਖਦੇਵ ਸਿੰਘ ਜੀ ਅਲ-ਾਉਹਾਰਨ ਵਾਲੇ ਦੀ ਸਲਾਹ ਮੰਗੀ ਜਿਸ ਨੇ ਸੁਝਾਅ ਦਿੱਤਾ ਕਿ ਮੌਜੂਦਾ ਸਮਾਧ ਦੇ ਉਪਰੰਤ ਉਨ੍ਹਾਂ ਨੂੰ ਉੱਚ ਪੱਧਰੀ ਵੱਡੀ ਸਮਾਧ ਉਸਾਰਨੀ ਚਾਹੀਦੀ ਹੈ ਅਤੇ ਇਸ ਤੇ ਇਕ ਗੁਰਦੁਆਰਾ ਸਾਹਿਬ ਉਸਾਰਨਾ ਚਾਹੀਦਾ ਹੈ। ਬਾਬਾ ਸੁਖਦੇਵ ਸਿੰਘ ਜੀ ਦੀ ਸਲਾਹ ਅਨੁਸਾਰ, ਇਸ ਅਸਥਾਨ 'ਤੇ ਗੁਰਦੁਆਰਾ ਬਾਬਾ ਜੈ ਸਿੰਘ ਜੀ ਦੇ ਨਾਂ ਨਾਲ ਖਾਲਕਟ ਲਗਦਾ ਹੈ। ਇਹ ਉਹਨਾ ਦੀ ਸ਼ਹੀਦੀ ਜੋ ਉਹਨਾ ਦੀ ਚਮੜੀ ਉਤਾਰ ਕੇ ਕੀਤੀ ਗਈ ਸੀ। ਬਾਬਾ ਜੀ ਦੇ ਸਥਾਨ ਉਤੇ ਕਮੇਟੀ ਅਤੇ ਪੰਚਾਇਤ ਮੈਂਬਰਾਂ ਨੇ ਇਕ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ। ਹਰ ਸਾਲ ਸੁਦੀ ਦਾਸਵਿਨ (ਦੇਸੀ ਮਹੀਨੇ ਫੱਗਣ ਵਿਚ ਆਉਣ ਵਾਲਾ ਚੰਦਰਮਾ ਮਹੀਨੇ ਦੇ ਦਸਵੇਂ ਦਿਨ ਦਾ ਫਰਵਰੀ ਜੋ ਅੱਧ ਫਰਵਰੀ ਤੋਂ ਅੱਧ ਮਾਰਚ ਤੱਕ ਮੇਲ ਖਾਂਦਾ ਹੈ) ਜੋੜ-ਮੇਲਾ ਸ਼ਹੀਦ ਬਾਬਾ ਜੈ ਸਿੰਘ ਜੀ ਖਾਲਕਟ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਆਯੋਜਿਤ ਕੀਤਾ ਜਾਂਦਾ ਹੈ।

ਐਸਾ ਨਹੀਂ ਹੈ ਕਿ ਉਹਨਾ ਦਿਨਾ ਵਿੱਚ ਬਾਬਾ ਜੈ ਸਿੰਘ ਖਲਕਟ ਜੀ ਇੱਕਲੇ ਹੀ ਮੌਤ ਦੇ ਘਾਟ ਉਤਾਰੇ ਗਏ, ਹਜਾਰਾਂ ਨਹੀਂ ਲੱਖਾਂ ਹੀ ਲੋਕ ਮਾਰੇ ਗਏ ਸਨ। ਗਲ ਹੈ ਮੌਤ ਦੇ ਕਾਰਨ ਬਣਨ ਦੀ ਹੈ ਅਤੇ ਮੌਤ ਨੂੰ ਸਾਹਮਣੇ ਦੇਖਕੇ ਵੀ ਆਪਣੇ ਗੁਰੂ ਨੂੰ ਦਿਤੇ ਬਚਨ ਉਤੇ ਪੱਕੇ ਰਹਿਣ ਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਤੰਬਾਕੂਨੋਸ਼ੀ ਤੋ ਵਰਜਿਆਂ ਸੀ। ਬਾਬਾ ਜੈ ਸਿੰਘ ਜੀ ਉਸ ਦਾ ਸਿੰਘ ਉਸ ਦੇ ਹੁਕਮ ਉਤੇ ਅਟੱਲ ਖੜਾ ਸੀ। ਨਸ਼ਿਆਂ ਤੋਂ ਸਿੰਘਾ ਨੂੰ ਰੋਕਿਆ ਹੈ ਤਾਂ ਬਾਬਾ ਜੈ ਸਿੰਘ ਜੀ ਗੁਰੂ ਦਾ ਸਿੰਘ ਉਸ ਦੀ ਉਲੰਘਣਾ ਨਹੀਂ ਕਰੇਗਾ।

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥

ਪੰਜਾਬ ਗੁਰੂਆਂ ਦੇ ਖੂਨ ਨਾਲ ਸਿੰਜਿਆ ਦੇਸ਼ ਹੈ ਜਿਸ ਦੀ ਆਨ ਬਾਨ ਸ਼ਾਨ ਦੇ ਲਈ ਉਹਨਾ ਆਪਣਾ ਪ੍ਰਿਵਾਰ ਤਕ ਸ਼ਹੀਦ ਕਰਵਾ ਦਿਤਾ। ਅੱਜ ਉਸ ਦੇ ਸਿੰਘ ਕਿਦਾਂ ਨਸ਼ਾਖੋਰੀ ਨੂੰ ਪੰਜਾਬ ਵਿੱਸ ਸਥਾਨ ਦੇ ਸਕਦੇ ਹਨ। ਨਸ਼ੇ ਦਾ ਆਦੀ ਮਨੁੱਖ ਜਿੱਥੇ ਆਰਥਿਕ ਤੌਰ ਤੇ ਕਮਜ਼ੋਰ ਹੋ ਜਾਂਦਾ ਹੈ, ਉੱਥੇ ਸਮਾਜਿਕ ਤੌਰ ਤੇ ਹੀਣ ਭਾਵਨਾਂ ਦਾ ਸ਼ਿਕਾਰ ਹੋ ਕੇ ਮਾਨਸਿਕ ਗੁਲਾਮੀ ਵਿੱਚ ਜਕੜਿਆ ਜਾਂਦਾ ਹੈ ਤੇ ਸਰੀਰਕ ਤੌਰ ਤੇ ਕਮਜ਼ੋਰ ਹੋ ਜਾਂਦਾ ਹੈ। ਦੇਸ਼ ਕੌਮ ਬਾਰੇ ਤਾਂ ਉਸਨੇ, ਉਸਾਰੂ ਸੋਚ ਕੀ ਰੱਖਣੀ ਹੁੰਦੀ ਹੈ, ਉਹ ਆਪਣੇ ਬਾਰੇ ਅਤੇ ਆਪਣੇ ਪਰਿਵਾਰ ਬਾਰੇ ਵੀ ਨਹੀ ਸੋਚਦਾ।ਇਹ ਜਾਣਦਾ ਹੋਇਆ ਕਿ ਉਹ ਮੌਤ ਦੇ ਮੂੰਹ ਵੱਲ ਜਾ ਰਿਹਾ ਹੈ, ਇਸ ਤੋਂ ਛੁਟਕਾਰਾ ਪਾਉਂਣ ਦੀ ਬਜ਼ਾਏ ਆਪਣੇ ਨਾਲ ਸਮੂਹ ਪਰਿਵਾਰ ਨੂੰ ਨਰਕ ਭੋਗਣ ਲਈ ਮਜਬੂਰ ਕਰਦਾ ਹੈ।ਬਾਬਾ ਜੀ ਦੀ ਸ਼ਹਾਦਤ ਨੂੰ ਪ੍ਰਚਾਰ ਪਸਾਰ ਕਰਦੇ ਹੋਏ ਪੰਜਾਬ ਸਰਕਾਰ ਅਤੇ ਪੰਜਾਬ ਦੀ ਸਮੁੱਚੀ ਨੌਜਵਾਨ ਪੀੜ੍ਹੀ ਹੀ ਇਸ ਨੂੰ ਠੱਲ ਪਾਉਣ ਦੇ ਕੰਮ ਲਈ ਮੂਹਰੇ ਆਵੇ ਤਾਂ ਪੰਜਾਬ ਦੀ ਜਵਾਨੀ ਨੂੰ ਅਤੇ ਪੰਜਾਬ ਨੂੰ ਬਚਾਇਆ ਜਾ ਸਕਦਾ ਹੈ। ਬਾਬਾ ਜੈ ਸਿੰਘ ਖਲਕਟ ਜੀ ਦੀ ਸ਼ਹਾਦਤ ਪੰਜਾਬੀਆਂ ਲਈ ਚਾਨਣ ਮੁਨਾਰੇ ਦਾ ਕੰਮ ਕਰਦੀ ਰਹੇਗੀ।

# ਯਾਦਾਂ ਦਾ ਇਤਿਹਾਸ

ਲਾਲ ਸਿੰਘ ਸੁਲਹਾਣੀ ਕਿਸੇ ਲੰਬੀ ਚੌੜੀ ਜਾਣ ਪਛਾਣ ਦਾ ਮੁਥਾਜ ਨਹੀਂ ਹੈ। ਇਹ ਲਗਭਗ ਅੱਧੀ ਸਦੀ ਤੋਂ ਲੋਕਾਂ ਵਿਚਕਾਰ ਇਸ ਤਰ੍ਹਾਂ ਵਿਚਰਿਆ ਹੈ ਕਿ ਉਹ ਆਪਣੇ ਵਿਸ਼ਾਲ ਤਜਰਬੇ ਸਦਕਾ ਇਕ ਚੰਗੇ ਆਗੂ ਦੇ ਨਾਲ ਨਾਲ ਅੱਜ ਇੱਕ ਵਧੀਆ ਲੇਖਕ ਵੀ ਸਥਾਪਿਤ ਹੋ ਚੁੱਕਿਆ ਹੈ। ਮੈਂ ਉਸ ਨੂੰ ਇਕ ਮਿਹਨਤੀ ਕਾਰਕੁਨ ਦੇ ਤੌਰ ਤੇ ਕੰਮ ਕਰਦਿਆਂ ਵੀ ਤੱਕਿਆ ਹੈ ਤੇ ਲੰਬੀ ਸੋਚ ਦੀਆਂ ਉਡਾਰੀਆਂ ਭਰਦਿਆਂ ਵਿਚਾਰ ਵਟਾਂਦਰਾ ਕਰਦਿਆਂ ਵੀ ਤੱਕਿਆ ਹੈ ਅਤੇ ਕਲਮ ਵਾਹੁਣ ਦੇ ਮੁੱਢਲੇ ਦਿਨਾਂ ਵਿੱਚ ਉਸ ਦੇ ਦਿਲ ਦੀਆਂ ਤਰੰਗਾਂ ਨੂੰ ਪੋਟਿਆਂ ਰਾਹੀਂ ਥਿਰਕਦਿਆਂ ਵੀ ਮਹਿਸੂਸ ਕੀਤਾ ਹੈ।

ਇਹ ਸੱਤਰਵਿਆਂ ਦੀ ਗੱਲ ਹੈ ਜਦੋਂ ਮੈਂ ਕਾਂਸ਼ੀ ਰਾਮ ਜੀ ਦੇ ਸੰਪਰਕ ਵਿਚ ਆ ਕੇ ਉਹਨਾਂ ਦੇ ਸ਼ੁਰੂ ਕੀਤੇ ਫੂਲੇ ਅੰਬੇਡਕਰੀ ਅੰਦੋਲਨ ਨੂੰ ਫੈਲਾਉਣ ਹਿਤ ਪ੍ਰੋ ਗੁਰਨਾਮ ਸਿੰਘ ਮੁਕਤਸਰ ਨੂੰ ਇਸ ਦਾ ਹਿੱਸਾ ਬਣਾਉਣ ਲਈ ਇਕ ਵਖਰਾ ਸੰਘਰਸ਼ ਕਰ ਰਿਹਾ ਸੀ। ਗੁਰਨਾਮ ਸਿੰਘ ਮੇਰਾ ਪੁਰਾਣਾ ਦੋਸਤ ਸੀ ਪਰ ਉਦੋਂ ਤੱਕ ਉਹ ਕਿਸੇ ਹੋਰ ਵਿਚਾਰਧਾਰਾ ਵਿੱਚ ਸ਼ਾਮਲ ਹੋਕੇ ਬਹੁਤ ਡੂੰਘਾ ਉੱਤਰ ਚੁੱਕਾ ਸੀ। ਇਸੇ ਲਈ ਉਸ ਨੂੰ ਕਾਂਸ਼ੀ ਰਾਮ ਜੀ ਦੇਅੰਦੋਲਨ ਵਿਚ ਲਿਆਉਣ ਲਈ ਮੈਨੂੰ ਲੰਬਾ ਸਮਾਂ ਲੱਗ ਗਿਆ। ਅਖੀਰ ਜਦੋਂ ਮੈਨੂੰ ਕਾਮਯਾਬੀ ਮਿਲੀ ਤਾਂ ਗੁਰਨਾਮ ਸਿੰਘ ਨੇ ਅੱਗੋਂ ਆਪਣੇ ਮੁੱਢਲੇ ਸਾਥੀਆਂ ਦੀ ਜੋ ਸੂਚੀ ਤਿਆਰ ਕੀਤੀ ਤਾਂ ਉਸ ਵਿੱਚ ਲਾਲ ਸਿੰਘ ਸੁਲਹਾਣੀ ਦਾ ਨਾਂ ਵੀ ਸ਼ਾਮਲ ਸੀ। ਫਿਰ ਜਦੋਂ ਮੈਨੂੰ ਕਾਂਸ਼ੀ ਰਾਮ ਜੀ ਨੇ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤੇ ਜਾਣ ਵਾਲੇ 'ਸਪਤਾਹਿ ਕ ਬਹੁਜਨ ਸੰਦੇਸ਼' ਦੀ ਜ਼ਿਮੇਵਾਰੀ ਸੌਂਪੀ ਤਾਂ ਮੈਂ ਲਾਲ ਸਿੰਘ ਸੁਲਹਾਣੀ ਦੀ ਕਲਮ ਦਾ ਸਫ਼ਰ ਤੱਕਿਆ। ਪ੍ਰੋਫੈਸਰ ਗੁਰਨਾਮ ਸਿੰਘ ਤੋਂ ਬਾਅਦ ਲਾਲ ਸਿੰਘ ਸੁਲਹਾਣੀ ਦੀਆਂ ਹੀ ਵੱਧ ਲਿਖਤਾਂ ਛਪਣ ਲਈ ਆਉਂਦੀਆਂ ਸਨ। ਦੋਹਾਂ ਲੇਖਕਾਂ ਦਾ ਇਸ ਖੇਤਰ ਵਿੱਚ ਭਾਵੇਂ ਮੁੱਢਲਾ ਦੌਰ ਸੀ ਪਰ ਫਿਰ ਵੀ ਵੱਡੀ ਦੇਣ ਸੀ।

ਉਹਨਾਂ ਦਿਨਾਂ ਵਿੱਚ ਹੀ ਮੈਂ ਲਾਲ ਸਿੰਘ ਸੁਲਹਾਣੀ ਨੂੰ ਵਿਚਾਰ ਚਰਚਾ ਕਰਦਿਆਂ ਵੇਖਿਆ ਹੈ। ਫਿਰ ਜਦੋਂ ਸਾਰੇ ਭਾਰਤ ਵਿਚੋਂ ਚਾਰੇ ਪਾਸਿ ' ਦਿੱਲੀ ਜਾਣ ਲਈ ਜੋ ਸਾਇਕਲ ਮਾਰਚ ਦਾ ਪਰੋਗਰਾਮ ਕਾਂਸ਼ੀ ਰਾਮ ਜੀ ਵੱਲੋਂ ਦਿੱਤਾ ਗਿਆ, ਉਸ ਵਿੱਚ ਸ਼ਾਮਲ ਹੋਣ ਲਈ ਮਾਲਵੇ ਵਿੱਚੋਂ ਜਾਣ ਵਾਲਾ ਕਾਫ਼ਲਾ ਮੇਰੀ ਦੇਖ ਰੇਖ ਵਿਚ ਗੁਰਨਾਮ ਸਿੰਘ ਵਲੋਂ ਤਿਆਰ ਕੀਤਾ ਗਿਆ ਤਾਂ ਉਸ ਵਿੱਚ ਲਾਲ ਸਿੰਘ ਸੁਲਹਾਣੀ ਦਾ ਨਾਂ ਸੱਭ ਤੋਂ ਉੱਤੇ ਸੀ। ਉਦੋਂ ਮੈਂ ਸੁਲਹਾਣੀ ਦੀ ਸੰਘਰਸ਼ ਕਰਨ ਦੀ ਸਮਰੱਥਾ



ਲਾਲ ਸਿੰਘ ਸੁਲਹਾਣੀ 91-98721-55120

ਵੇਖੀ ਸੀ।

ਹੱਥਲੀ ਪੁਸਤਕ "ਕਾਂਸ਼ੀ ਰਾਮ ਤੇ ਪੰਥਕ ਆਗੂ" ਵਿਚ ਲੇਖਕ ਨੇ ਉਪਰੋਕਤ ਤਾਣੇ ਪੇਟੇ ਵਿਚ ਜੋ ਕੁਝ ਵੇਖਿਆ, ਮਹਿਸੂਸ ਕੀਤਾ ਅਤੇ ਅਮਲੀ ਤੌਰ ਤੇ ਹੰਢਾਇਆ, ਉਹਨਾਂ ਹੀ ਘਟਨਾਵਾਂ, ਦੁਰਘਟਨਾਵਾਂ ਦਾ ਜ਼ਿਕਰ ਕੀਤਾ ਹੈ। ਇੰਜ ਇਹ ਪੁਸਤਕ ਜਿੱਥੇ ਲੇਖਕ ਦੀ ਜੀਵਨੀ ਦਾ ਵੀ ਮਹੱਤਵਪੂਰਨ ਹਿੱਸਾ ਬਣਦੀ ਹੈ ਉੱਥੇ ਇਸ ਵਿਚ ਦਰਜ ਯਾਦਾਂ ਬਹੁਜਨ ਸਮਾਜ ਦੇ ਇਤਿਹਾਸ ਦਾ ਹਿੱਸਾ ਵੀ ਬਣਦੀਆਂ ਹਨ। ਬਹੁਜਨ ਸਮਾਜ ਨੇ



**ਫਤਿਹਜੰਗ ਸਿੰਘ**

ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ, 91-98726-70278

ਸਦੀਆਂ ਤੋਂ ਅਸਹਿ ਅਤੇ ਅਕਹਿ ਕਸ਼ਟ ਸਹਾਰੇ ਹਨ, ਅਣਮਨੁੱਖੀ ਜ਼ੁਲਮ ਅਤੇ ਅਤਿਆਚਾਰਾਂ ਨੂੰ ਝੱਲਿਆ ਹੈ, ਭੁੱਖੇ ਪੇਟ ਅਤੇ ਨੰਗੇ ਪਿੰਡੇ ਦਾਵਾਨਲ ਵਾਲਾ ਦਰਿਆ ਤੈਰਿਆ ਹੈ, ਕੰਡਿਆਲੇ ਰਾਹਾਂ ਵਾਲਾ ਡਗਰ ਪਾਰ ਕੀਤਾ ਹੈ। ਇਸ ਖ਼ੂਨੀ ਸਫ਼ਰ ਤੋਂ ਰਾਹਤ ਦਿਵਾਉਣ ਲਈ ਤਥਾਗਤ ਬੁੱਧ ਤੋ ਲੈਕੇ ਬਾਬਾ ਸਾਹਿਬ ਅੰਬੇਡਕਰ ਤੱਕ ਜਿਹਨਾਂ ਮਹਾਂ ਪੁਰਸ਼ਾਂ ਨੇ ਕੰਮ ਕੀਤਾ ਉਨ੍ਹਾਂ ਦੀ ਵਿਚਾਰਧਾਰਾ ਦੇ ਸਮੁੱਚੇ ਰੂਪ ਨੂੰ ਅਮਲੀ ਜਾਮਾ ਪਹਿਨਾਉਣ ਲਈ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਤੋਂ ਸਾਹਿਬ ਕਾਂਸ਼ੀ ਰਾਮ ਜੀ ਨੇ ਜੋ ਬਹੁਜਨ ਅੰਦੋਲਨ ਸ਼ੁਰੂ ਕੀਤਾ ਲਾਲ ਸਿੰਘ ਸੁਲਹਾਣੀ ਨੇ ਉਸ ਵਿੱਚ ਪੂਰੀ ਤਰ੍ਹਾਂ ਸਮਰਪਿਤ ਹੋਕੇ ਤਿਆਗ ਭਾਵਨਾ ਨਾਲ ਦਿਨ ਰਾਤ ਕੰਮ ਕੀਤਾ। ਉਸ ਨੂੰ ਇਸ ਮਹਾਂ ਯੱਗ ਵਿੱਚ ਭਾਵੇਂ ਆਪਣੀ ਨੌਕਰੀ ਦੀ ਆਹੂਤੀ ਦੇਣੀ ਪਈ, ਆਰਥਿਕ ਤੰਗੀਆਂ ਨਾਲ ਜੂਝਣਾ ਪਿਆ, ਬੱਚਿਆਂ ਦੇ ਪਾਲਣ ਪੋਸ਼ਣ ਵਿਚ ਕਟੌਤੀ ਮਾਰਨੀ ਪਈ ਪਰ ਉਸ ਨੇ ਫਿਰ ਪਿੱਛੇ ਮੁੜ ਕੇ ਨਹੀਂ ਵੇਖਿਆ।

ਕਾਂਸ਼ੀ ਰਾਮ ਜੀ ਦੇ ਸ਼ੁਰੂ ਕੀਤੇ ਇਸ ਅੰਦੋਲਨ ਵਿੱਚ ਸਿੱਖ ਇਨਕਲਾਬ ਦਾ ਇੱਕ ਮਹੱਤਵਪੂਰਨ ਸਥਾਨ ਰਿਹਾ ਹੈ। ਇਥੋਂ ਤਾਂਈਂ ਕਿ ਕਾਂਸ਼ੀ ਰਾਮ ਜੀ ਨੇ ਇਹ ਵੀ ਕਈ ਵਾਰੀ ਆਖਿਆ ਕਿ ਉਹਨਾਂ ਦੀ ਪਾਰਟੀ ਦਾ ਚੋਣ ਮਨੋਰਥ ਹੀ ਗੁਰੂ ਗ੍ਰੰਥ ਸਾਹਿਬ ਹੈ। ਲਾਲ ਸਿੰਘ ਸੁਲਹਾਣੀ ਦੀ ਸਿੱਖ ਮਿਸ਼ਨਰੀ ਦੀ ਕੀਤੀ ਪੜ੍ਹਾਈ ਨੇ ਇਸ ਵਿੱਚ ਵਰਨਣ ਯੋਗ ਹਿੱਸਾ ਪਾਇਆ। ਨਤੀਜੇ ਵਜੋਂ ਜਦੋਂ ਉਸ ਨੂੰ ਸਿੱਖ ਆਗੂਆਂ ਦੀਆਂ ਸਫ਼ਾਂ ਵਿੱਚ ਵਿਚਰਨ ਦਾ ਮੌਕਾ ਮਿਲਿਆ ਤਾਂ ਕਈ ਆਗੂਆਂ ਨੂੰ ਪ੍ਰਭਾਵਿਤ ਕੀਤਾ। ਜੇ ਸਮਾਂ ਸਾਥ ਦਿੰਦਾ ਤਾਂ ਸਿੱਖ ਹਲਕਿਆਂ ਵਿੱਚ ਵੱਡੀ ਹਲਚਲ ਦੇ ਨਾਲ ਵੱਡੇ ਧਮਾਕੇ ਹੋਣ ਦੀ ਆਸ ਸੀ। ਇਸ ਸੱਭ ਕੁੱਝ ਦਾ ਵਰਨਣ ਵਿਸਥਾਰ ਪੂਰਵਕ ਹੱਥਲੀ ਪੁਸਤਕ ਵਿੱਚ ਦਰਜ ਹੈ ਜੋ ਉਸ ਦੇ ਜੀਵਨ ਦੀਆਂ ਅਜਿਹੀਆਂ ਯਾਦਾਂ ਹਨ ਜੋ ਇਤਿਹਾਸ ਬਣਨ ਦੀ ਸਮਰੱਥਾ ਰੱਖਦੀਆਂ ਹਨ। ਆਸ ਹੈ ਇਹ ਪੁਸਤਕ ਲਾਲ ਸਿੰਘ ਸੁਲਹਾਣੀ ਦੀ ਜੀਵਨੀ ਦੇ ਨਾਲ ਨਾਲ ਬਹੁਜਨ ਸਮਾਜ ਦੇ ਇਤਿਹਾਸ ਵਜੋਂ ਵੀ ਦਿਲਚਸਪੀ ਨਾਲ ਪੜ੍ਹੀ ਜਾਵੇਗੀ। ਨਿਸ਼ਚੇ ਹੀ ਇਹ ਪੁਸਤਕ ਬਹੁਜਨ ਅੰਦੋਲਨ ਦੀਆਂ ਜੜ੍ਹਾਂ ਬਨਾਉਣ ਦਾ ਕੰਮ ਵੀ ਕਰੇਗੀ ਅਤੇ ਅੰਦੋਲਨ ਦੇ ਰਾਹੀਆਂ ਨੂੰ ਦਿਸ਼ਾ ਨਿਰਦੇਸ਼ ਵੀ ਦੇਂਦੀ ਰਹੇਗੀ।

ਲਾਲ ਸਿੰਘ ਸੁਲਹਾਣੀ ਦੀ ਇਸ ਪਲੇਠੀ ਪੁਸਤਕ ਨੂੰ ਖੁਸ਼ ਆਮਦੀਦ ਦੇ ਨਾਲ ਉਨ੍ਹਾਂ ਨੂੰ ਇਹ ਤਾਕੀਦ ਵੀ ਹੈ ਕਿ ਉਹ ਇਸ ਤਰ੍ਹਾਂ ਦੀਆਂ ਹੋਰ ਪੁਸਤਕਾਂ ਵੀ ਸਮਾਜ ਨੂੰ ਅਰਪਿਤ ਕਰਨ। **- ਫਤਹਿ ਜੰਗ ਸਿੰਘ**

### 10 ਜਨਵਰੀ, 202੫ ਨੂੰ ਜਨਮ ਦਿਨ ਤੇ ਵਿਸ਼ੇਸ

# ਜੈਤੋ ਦੇ ਵਿਸ਼ਵ ਪ੍ਰਸਿੱਧ ਲੇਖਕ ਪਦਮਸ਼੍ਰੀ ਗਿਆਨਪੀਠ ਨਾਵਲਕਾਰ ਪ੍ਰੋ: ਗੁਰਦਿਆਲ ਸਿੰਘ

ਜੈਤੋ ਮੰਡੀ ਦਾ ਨਾਮ ਬਤੌਰ ਲੇਖਕ ਦੁਨੀਆਂ ਭਰ ਵਿੱਚ ਰੋਸ਼ਨ ਕਰਨ ਵਾਲੇ ਸਮਾਜ ਦੇ ਹਾਸ਼ੀਆਗਤ ਵਰਗਾਂ ਦੇ ਹਮਦਰਦ, ਕਿਰਤੀ ਕਾਮਿਆਂ ਨੂੰ ਅਦਬੀ ਆਭਾ ਪ੍ਰਦਾਨ ਕਰਨ ਵਾਲੇ ਅਤੇ ਆਪਣੀ ਵੱਡਮੁੱਲੀ ਸਾਹਿਤਕ ਘਾਲਣਾ ਦੀ ਬਦੌਲਤ ਸਾਹਿਤ ਜਗਤ ਦਾ ਵੱਕਾਰੀ ਪੁਰਸਕਾਰ ਗਿਆਨਪੀਠ ਮਾਂ ਬੋਲੀ ਪੰਜਾਬੀ ਦੀ ਝੋਲੀ ਪੁਆਉਣ ਵਾਲੇ ਪੰਜਾਬੀ ਸਾਹਿਤ ਜਗਤ ਦੇ ਅਜ਼ੀਮ ਹਸਤਾਖਰ ਵਿਸ਼ਵ ਪ੍ਰਸਿਧ ਲੇਖਕ ਪਦਮਸ਼੍ਰੀ ਨਾਵਲਕਾਰ ਪ੍ਰੋਫ਼ੈਸਰ ਗੁਰਦਿਆਲ ਸਿੰਘ ਗਿਆਨਪੀਠ ਪੁਰਸਕਾਰ ਵਿਜੇਤਾ ਦਾ ਜਨਮ ਮਿਤੀ 10 ਜਨਵਰੀ, 1933 ਨੂੰ ਪਿਤਾ ਜਗਤ ਸਿੰਘ ਅਤੇ ਮਾਤਾ ਨਿਹਾਲ ਕੌਰ ਦੀ ਕੁੱਖੋਂ ਹੋਇਆ। ਇਹਨਾਂ ਦੀ ਸ਼ਾਦੀ 13 ਸਾਲ ਦੀ ਉਮਰ ਵਿੱਚ ਬਲਵੰਤ ਕੌਰ ਨਾਲ ਹੋਈ ਅਤੇ 16 ਅਗਸਤ,2016 ਨੂੰ ਉਹ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ਼ ਗਏ ਸਨ। ਉਹ ਪਰਿਵਾਰ 'ਚ ਪਤਨੀ ਬਲਵੰਤ ਕੌਰ,ਬੇਟਾ ਰਵਿੰਦਰ ਸਿੰਘ ਰਾਹੀ, ਦੋ ਬੇਟੀਆਂ ਮਨਜੀਤੀ ਅਤੇ ਸੁਮੀਤੀ ਅਤੇ ਪੋਤਰਿਆਂ ਨੂੰ ਛੱਡ ਗਏ ਹਨ। ਉਹਨਾਂ ਨੇ ਮੁਢਲੀ ਸਿੱਖਿਆ ਜੈਤੋ ਦੇ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ, ਫਿਰ ਉਹਨਾਂ ਨੇ ਗਿਆਨੀ,ਬੀ.ਏ ਅਤੇ ਐਮ.ਏ (ਪੰਜਾਬੀ) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪਾਸ ਕੀਤੀ। ਉਹ 1945 ਤੋਂ 1953 ਤੱਕ ਕਾਰਪੇਂਟਰ ਦਾ ਕੰਮ ਕਰਦੇ ਰਹੇ,ਫਿਰ 1954 ਤੋਂ 62 ਤੱਕ ਪ੍ਰਾਇਮਰੀ ਸਕੂਲ ਦੇ ਅਧਿਆਪਕ,1963 ਤੋਂ 1970 ਤੱਕ ਸਰਕਾਰੀ ਸਕੂਲਾਂ ਵਿੱਚ ਪੰਜਾਬੀ ਟੀਚਰ, 1970 ਤੋਂ 86 ਤੱਕ ਸਰਕਾਰੀ ਬਰਜਿੰਦਰਾ ਕਾਲਜ ਫਰੀਦਕੋਟ ਵਿਖੇ ਪੰਜਾਬੀ ਲੈਕਚਰਾਰ, 1987 ਤੋਂ 1992 ਤੱਕ ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਬਠਿੰਡਾ ਵਿਖੇ ਰੀਡਰ,1992 ਤੋਂ 1995 ਤੱਕ ਉੱਥੇ ਹੀ ਪੰਜਾਬੀ ਦੇ ਪ੍ਰੋਫੈਸਰ ਰਹੇ। ਉਹ ਭਾਰਤ ਦੇ ਮਹਾਨ ਲੇਖਕ ਸਨ ਜਿਨ੍ਹਾਂ ਨੂੰ ਨਾਵਲ ਲਿਖਣ ਤੇ ਭਾਰਤ ਦੇ ਪ੍ਰਸਿੱਧ ਗਿਆਨ ਪੀਠ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਅਤੇ ਭਾਰਤ ਦੇ ਰਾਸ਼ਟਰਪਤੀ ਵੱਲੋ ਉਹਨਾਂ ਨੂੰ ਪਦਮ ਸ਼੍ਰੀ ਐਵਾਰਡ ਨਾਲ ਵੀ ਨਿਵਾਜਿਆ ਗਿਆ, 'ਜਵਾਹਰ ਲਾਲ ਨਹਿਰੂ' ਐਵਾਰਡ ਸਮੇਤ ਅਨੇਕਾਂ ਕੌਮੀ ਤੇ ਕੌਮਾਂਤਰੀ ਪੁਰਸਕਾਰਾਂ ਨਾਲ ਸੁਸਜਤ ਮਾਂ-ਬੋਲੀ ਦੇ ਸਮਰੱਥ ਨਾਵਲਕਾਰ ਗੁਰਦਿਆਲ ਸਿੰਘ ਦੇ ਅੰਦਰਲੇ ਕਲਾਕਾਰ ਨੂੰ ਬਹੁਤ ਚਿਰ ਰਚਨਾਤਮਿਕ ਆਪੇ ਦੇ ਪ੍ਰਗਟਾਵੇ ਦਾ ਮਾਧਿਅਮ ਨਹੀਂ ਮਿਲਿਆ। ਉਨ੍ਹਾਂ ਚਿਤਰਕਾਰੀ ਆਰੰਭੀ ਤੇ ਇਸ ਉਪਰੰਤ ਉਨ੍ਹਾਂ ਗਾਇਕੀ ਸ਼ੁਰੂ ਕੀਤੀ ਤੇ ਆਪਣੇ ਨਗਰ ਜੈਤੋ ਦੇ ਗੁਰਦੁਆਰਾ ਗੰਗਸਰ ਵਿਚ ਉਹ ਕੀਰਤਨ ਵੀ ਕਰਦੇ ਰਹੇ। ਇੱਥੇ ਵੀ ਜਦ ਉਨ੍ਹਾਂ ਦੀ ਤ੍ਰਿਪਤੀ ਨਾ ਹੋਈ ਤਾਂ ਉਹ ਲਿਖਣ ਕਲਾ ਵੱਲ ਮੁੜੇ ਤੇ 'ਰਾਹੀ' ਦੇ ਤਖ਼ੱਲਸ ਨਾਲ ਲਿਖਣਾ ਆਰੰਭਿਆ। ਉਨ੍ਹਾਂ ਦੀ ਪਹਿਲੀ ਪੁਸਤਕ ਸੀ 'ਗੰਗਸਰ ਦੇ ਸ਼ਹੀਦ'। ਕਲਮ ਨਾਲ ਉਨ੍ਹਾਂ ਦਾ ਸਬੰਧ ਜੁੜਿਆ ਤਾਂ ਇਹ ਸਦੀਵੀ ਬਣ ਗਿਆ ਤੇ ਉਨ੍ਹਾਂ ਜੋ ਵੀ ਲਿਖਿਆ ਉਸਨੇ ਆਲੋਚਕ ਅਤੇ ਪਾਠਕ ਜਗਤ ਵਿਚ ਮਾਣ-ਮੱਤੀਆਂ ਤਰੰਗਾਂ ਛੇੜੀਆਂ। ਉਨ੍ਹਾਂ ਦੇ ਪਹਿਲੇ ਕਹਾਣੀ-ਸੰਗ੍ਰਿਹ 'ਸੱਗੀ ਫ਼ੁੱਲ' ਨਾਲ ਉਹ ਕਹਾਣੀਕਾਰ ਤੇ 'ਸੱਗੀ-ਫ਼ੁੱਲ ਵਾਲਾ ਗੁਰਦਿਆਲ ਸਿੰਘ' ਬਣ ਗਏ। ਉਨ੍ਹਾਂ ਦੀਆਂ ਅਨੇਕਾਂ ਕਹਾਣੀਆਂ ਲਗਾਤਾਰ ਉਸ



ਵੇਲੇ ਦੇ ਨਾਮਵਰ ਰਸਾਲਿਆਂ ਵਿਚ ਛਪਦੀਆਂ ਰਹੀਆਂ। 1964 ਵਿਚ ਉਨ੍ਹਾਂ ਦਾ ਪਲੇਠਾ ਨਾਵਲ 'ਮੜ੍ਹੀ ਦਾ ਦੀਵਾ' ਪ੍ਰਕਾਸ਼ਿਤ ਹੋਇਆ ਜਿਸਨੂੰ ਡਾ. ਨਾਮਵਰ ਸਿੰਘ, ਡਾ. ਅਤਰ ਸਿੰਘ, ਡਾ. ਅਮਰੀਕ ਸਿੰਘ ਅਤੇ ਡਾ. ਜੋਗਿੰਦਰ ਸਿੰਘ ਰਾਹੀ ਵਰਗੇ ਸਮਰੱਥ ਆਲੋਚਕਾਂ ਨੇ ਪੰਜਾਬੀ ਨਾਵਲਕਾਰੀ ਵਿਚ 'ਟ੍ਰੈਂਡ ਸੈੱਟਰ' ਕਰਾਰ ਦਿੱਤਾ। ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ ਰੂਸੀ ਭਾਸ਼ਾ ਵਿਚ ਇਸਦੀਆਂ ਪੰਜ ਲੱਖ ਕਾਪੀਆਂ ਵਿਕੀਆਂ। ਉਨ੍ਹਾਂ ਦੇ ਨਾਵਲ 'ਅੱਧ ਚਾਨਣੀ ਰਾਤ' ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਨਾਵਲ 'ਅੰਨ੍ਹੇ ਘੋੜੇ ਦਾ ਦਾਨ' 'ਤੇ ਆਧਾਰਿਤ ਪਹਿਲੀ ਪੰਜਾਬੀ ਫ਼ਿਲਮ ਹੈ ਜਿਹੜੀ 68 ਸਾਲਾਂ ਬਾਅਦ ਇਟਲੀ ਦੇ ਅੰਤਰ-ਰਾਸ਼ਟਰੀ ਫ਼ਿਲਮ ਮੇਲੇ ਵਿਚ ਵਿਖਾਈ ਗਈ। ਇਸ ਤੋਂ ਇਲਾਵਾ ਪੰਜ ਹੋਰ ਦੇਸ਼ਾਂ ਵਿਚ ਪ੍ਰਦਰਸ਼ਿਤ ਕੀਤੀ ਜਾ ਚੁੱਕੀ ਹੈ।

ਅਤਿ ਨਿਮਨ ਪੇਂਡੂ ਵਰਗ ਦੇ ਜੀਵਨ ਅਤੇ ਉਸਨੂੰ ਦਰਪੇਸ਼ ਦੀਰਘ ਮੁਸ਼ਕਲਾਂ ਦੇ ਚਿਤੇਰੇ ਗੁਰਦਿਆਲ ਸਿੰਘ ਨੇ ਸਦਾ ਇਕ ਪ੍ਰਤੀਬੱਧ ਲੇਖਕ ਵੱਜੋਂ ਆਪਣਾ ਅਕਸ ਬਰਕਰਾਰ ਰੱਖਿਆ। ਉਨ੍ਹਾਂ ਦੇ ਨਾਵਲ 'ਅਣਹੋਏ', 'ਕੁਵੇਲਾ', 'ਪਹੁ ਫ਼ੁਟਾਲੇ ਤੋਂ ਪਹਿਲਾਂ', 'ਪਰਸਾ', 'ਰੇਤੇ ਦੀ ਇਕ ਮੁੱਠੀ' ਅਤੇ 'ਆਹਣ' ਤੋਂ ਇਲਾਵਾ ਕਈ ਕਹਾਣੀ-ਸੰਗ੍ਰਹਿਾਂ ਨੂੰ ਵੀ ਪੰਜਾਬੀ ਪਾਠਕਾਂ ਦਾ ਭਰਪੂਰ ਪਿਆਰ ਮਿਲਿਆ ਹੈ। ਮਾਂ-ਬੋਲੀ ਦੀ ਝੋਲੀ ਵਿਚ 'ਗਿਆਨਪੀਠ ਪੁਰਸਕਾਰ' ਪਾਉਣ ਵਾਲੇ ਪੰਜਾਬੀ ਦੇ ਉਹ ਦੂਜੇ ਮਾਣਯੋਗ ਲੇਖਕ ਸਨ। ਉਨ੍ਹਾਂ ਸੰਸਾਰ ਸਾਹਿਤ ਦੀਆਂ ਕਈ ਉਚਤਮ ਕਿਰਤਾਂ ਦੇ ਪੰਜਾਬੀ ਅਨੁਵਾਦ ਕਰਕੇ ਪਾਠਕਾਂ ਦੀ ਭੇਟ ਕੀਤੇ। ਹਾਲ ਹੀ ਵਿਚ ਉਨ੍ਹਾਂ ਦੀ ਸਵੈ-ਜੀਵਨੀ 'ਨਿਆਣਮੱਤੀਆਂ' ਅੰਗਰੇਜ਼ੀ ਵਿਚ ਅਨੁਵਾਦ ਹੋ ਕੇ ਛਪੀ ਹੈ। ਭਾਰਤ ਸਰਕਾਰ ਨੇ ਉਨ੍ਹਾਂ ਨੂੰ 'ਪਦਮ ਸ਼੍ਰੀ' ਦੇ ਵੱਕਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ।

ਮੈਂ 2002 ਵਿੱਚ ਐਮ. ਐਸ.ਸੀ (ਆਈ .ਟੀ) ਕਰਨ ਦੌਰਾਨ ਆਪਣਾ ਪ੍ਰੋਜੈਕਟ ਤਿਆਰ ਕਰਨਾ ਸੀ ਤਾਂ ਮੇਰੇ ਖਿਆਲ ਵਿੱਚ ਆਇਆ ਕਿ ਕਿਉਂ ਨਾ ਸਾਡੀ ਜੈਤੋ ਮੰਡੀ ਦਾ ਨਾਮ ਪੂਰੇ ਸੰਸਾਰ ਵਿੱਚ ਪ੍ਰਸਿੱਧ ਕਰਨ ਵਾਲੇ ਪ੍ਰੋ: ਗੁਰਦਿਆਲ ਸਿੰਘ ਜੀ ਦੀ ਜੀਵਣੀ ਤੇ ਹੀ ਪ੍ਰੋਜੈਕਟ ਤਿਆਰ ਕੀਤਾ ਜਾਵੇ ਤਾਂ ਮੈਂ ਆਪਣੇ ਸਾਥੀ ਪੰਕਜ ਮਿੱਤਲ ਨਾਲ ਰਲ ਕੇ ਇਹ ਪ੍ਰੋਜੈਕਟ ਤਿਆਰ ਕਰਨ ਸਬੰਧੀ ਪ੍ਰੋ. ਗੁਰਦਿਆਲ ਸਿੰਘ ਜੀ ਨੂੰ ਮਿਲੇ 'ਤੇ ਉਹਨਾਂ ਦੀ ਸਹਿਮਤੀ ਲਈ। ਉਨਾਂ ਸਾਨੂੰ ਆਪਣੀ ਪੂਰੀ ਜੀਵਣੀ,ਪ੍ਰਾਪਤੀਆਂ,ਲਿਟਰੇਚਰ ਵਰਕ ਆਦਿ ਸਬੰਧੀ ਭਰਪੂਰ ਜਾਣਕਾਰੀ, ਫੋਟੋ ਆਦਿ ਮੁਹੱਈਆ ਕਰਵਾਏ। ਅਸੀਂ ਜਦੋਂ ਵੀ ਉਹਨਾਂ ਨੂੰ ਮਿਲਣ ਜਾਣਾ ਤਾਂ ਉਹ ਹਰ ਵਕਤ ਆਪਣੇ ਘਰ ਦੇ ਉੱਪਰ ਬਣੇ ਚੁਬਾਰੇ ਵਿੱਚ ਲਿਖ ਰਹੇ ਹੁੰਦੇ ਸਨ ਜਿੱਥੇ ਕਿ ਅੱਜ ਕੱਲ ਪ੍ਰੋ. ਗੁਰਦਿਆਲ ਸਿੰਘ ਮਿਊਜ਼ੀਅਮ ਖੋਲਿਆ ਹੋਇਆ ਹੈ।

ਉਹ ਬੜੇ ਹੀ ਪਿਆਰ ਨਾਲ ਹੋਲੀ ਹੋਲੀ ਬੋਲ ਕੇ ਸਾਡੇ ਨਾਲ ਗੱਲਾਂ ਕਰਦੇ ਤੇ ਨਸੀਹਤ ਦਿੰਦੇ ਸਨ ਤੇ ਉਹਨਾਂ ਦੀ ਧਰਮ ਪਤਨੀ ਮਾਤਾ ਬਲਵੰਤ ਕੌਰ ਜੀ ਸਾਨੂੰ ਸਵਾਦ ਜਿਹੀ ਚਾਹ ਤੇ ਘਰ ਦੀ ਬਣੀ ਬਰਫੀ ਖਵਾਏ ਬਿਨਾਂ ਘਰੋਂ ਜਾਣ ਨਹੀਂ ਦਿੰਦੇ ਸਨ। ਜਦੋਂ ਸਾਡਾ ਇਹ ਪ੍ਰੋਜੈਕਟ "ਬਾਇਓਗ੍ਰਾਫੀ ਆਫ ਪ੍ਰੋ. ਗੁਰਦਿਆਲ ਸਿੰਘ" ਯੂਨੀਵਰਸਿਟੀ ਵਿੱਚ ਸਬਮਿਟ ਕਰਵਾਇਆ ਗਿਆ ਤਾਂ ਨਤੀਜਾ ਆਉਣ ਤੇ ਇਸ ਪ੍ਰੋਜੈਕਟ ਵਿੱਚੋਂ ਅਸੀਂ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ। ਨਤੀਜੇ ਵਜੋਂ ਅੱਜ ਅਸੀਂ ਦੋਨੋਂ ਸਾਥੀ ਸਰਕਾਰੀ ਅਧਿਆਪਕ ਦੀ ਨੌਕਰੀ ਕਰ ਰਹੇ ਹਾਂ।



**ਪ੍ਰਮੋਦ ਧੀਰ**

91-98550-31081

ਇੱਕ ਘਟਨਾ ਹੋਰ ਮੈਂ ਆਪ ਜੀ ਨਾਲ ਸਾਂਝੀ ਕਰਨੀ ਚਾਹਾਂਗਾ ਕਿ ਇੱਕ ਵਾਰ ਅਸੀਂ ਕੁਝ ਸਾਥੀਆਂ ਨੇ ਰਲ ਕੇ 2006 ਵਿੱਚ ਇੱਕ ਸੈਮੀਨਾਰ ਕਰਵਾਇਆ ਜਿਸ ਦੇ ਮੁੱਖ ਮਹਿਮਾਨ ਅਤੇ ਬੁਲਾਰੇ ਪ੍ਰੋ. ਗੁਰਦਿਆਲ ਸਿੰਘ ਜੀ ਸਨ, ਸਮਾਗਮ ਵਾਲੇ ਦਿਨ ਇਹਨਾਂ ਨੂੰ ਘਰੋਂ ਲੈ ਕੇ ਆਉਣ ਤੇ ਛੱਡਣ ਦੀ ਜਿੰਮੇਵਾਰੀ ਮੇਰੀ ਲਗਾਈ ਗਈ। ਮੈਂ ਉਹਨਾਂ ਨੂੰ ਪੁੱਛਿਆ ਕਿ ਸਰ ਤੁਹਾਨੂੰ ਘਰੋਂ ਲੈ ਜਾਂ ਆਕੇ?

ਉਹਨਾਂ ਕਿਹਾ ਬੇਟਾ ਲੈ ਜੋ ਪਰ ਕੋਈ ਸਪੈਸ਼ਲ ਖੇਚਲ ਨਹੀਂ ਕਰਨੀ ਜੋ ਤੁਹਾਡੇ ਕੋਲ ਆਪਣਾ ਸਾਧਨ ਹੈ ਉਸੇ ਤੇ ਆ ਕੇ ਲੈ ਜਾਵੋ ਮੈਨੂੰ ਕੋਈ ਫੋਰਮੈਲਟੀ ਦੀ ਲੋੜ ਨਹੀਂ ਤਾਂ ਮੈਂ ਦੱਸਿਆ ਕਿ ਸਰ ਮੇਰੇ ਕੋਲ ਤਾਂ ਆਪਣਾ ਮੋਟਰ ਸਾਈਕਲ ਹੈ ਜੀ ਤਾਂ ਉਹ ਮੇਰੇ ਨਾਲ ਬੈਠ ਕੇ ਬਾਈਕ ਤੇ ਹੀ ਚਲੇ ਗਏ ਤੇ ਵਾਪਸੀ ਤੇ ਵੀ ਬਾਈਕ ਤੇ ਹੀ ਆਏ, ਨਹੀਂ ਤਾਂ ਅਸੀਂ ਦੇਖਦੇ ਹਾਂ ਕਿ ਅੱਜ ਕੱਲ ਦੇ ਮੁੱਖ ਮਹਿਮਾਨ ਕਾਰ ਤੋਂ ਘੱਟ ਗੱਲ ਨੀਂ ਕਰਦੇ। ਪ੍ਰੋਫ਼ੈਸਰ ਗੁਰਦਿਆਲ ਸਿੰਘ ਨੇ ਜੈਤੋ ਮੰਡੀ ਦਾ ਨਾਮ ਪੂਰੇ ਸੰਸਾਰ ਵਿੱਚ ਪ੍ਰਸਿੱਧ ਕੀਤਾ ਜਿਸ ਤੇ ਸਮੂਹ ਇਲਾਕਾ ਨਿਵਾਸੀਆਂ ਨੂੰ ਮਾਣ ਹੈ।

ਪ੍ਰੋ ਗੁਰਦਿਆਲ ਸਿੰਘ ਜੀ ਦਾ ਜਨਮ ਦਿਹਾੜਾ ਅੱਜ ਮਿਤੀ 10 ਜਨਵਰੀ 2025 ਨੂੰ ਹਰ ਸਾਲ ਦੀ ਤਰ੍ਹਾਂ ਗੁਰਦਿਆਲ ਸਿੰਘ ਦਿਵਸ ਵਜੋਂ ਮਨਾਇਆ ਜਾਵੇਗਾ। ਇਸ ਮੌਕੇ ਨਾਮਦੇਵ ਭਵਨ ਬਠਿੰਡਾ ਰੋੜ, ਜੈਤੋ ਵਿਖੇ ਸਵੇਰੇ 11 ਵਜੇ ਵਿਸ਼ੇਸ਼ ਇਕੱਤਰਤਾ ਕੀਤੀ ਜਾਵੇਗੀ ਤੇ ਡਾ. ਰਵਿੰਦਰ ਰਵੀ (ਯੂਨੀਵਰਸਿਟੀ ਕਾਲਜ ਘਨੌਰ) ਮੁੱਖ ਬੁਲਾਰੇ ਵਜੋਂ ਗੁਰਦਿਆਲ ਸਿੰਘ ਜੀ ਦੀ ਜੀਵਨ ਘਾਲਣਾ ਤੇ ਲੇਖਣੀ ਦੀ ਸਾਰਥਿਕਤਾ ਬਾਰੇ ਵਿਚਾਰ ਸਾਂਝੇ ਕਰਨਗੇ। ਇਹ ਪ੍ਰੋਗਰਾਮ ਪੀ.ਐਸ.ਯੂ (ਸ਼ਹੀਦ ਰੰਧਾਵਾ), ਸ਼ਹੀਦ ਭਗਤ ਸਿਘ ਵਿਚਾਰ ਮੰਚ ਜੈਤੋ, ਪੰਜਾਬ ਖੇਤ ਮਜ਼ਦੂਰ ਯੂਨੀਅਨ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾ) ਵੱਲੋਂ ਸਾਂਝੇ ਤੌਰ ਤੇ ਕਰਵਾਇਆ ਜਾ ਰਿਹਾ ਹੈ।

# ਕੀ ਵਿਗਿਆਨੀ ਮਰੇ ਹੋਏ ਵਿਅਕਤੀ ਦੇ ਦਿਮਾਗ ਤੋਂ ਯਾਦਾਂ ਨੂੰ ਮੁੜ ਪ੍ਰਾਪਤ ਕਰ ਸਕਦੇ ਹਨ?



**ਵਿਜੈ ਗਰਗ (ਪੀ.ਈ.ਐਸ.)**
**ਸਾਬਕਾ ਪ੍ਰਿੰਸੀਪਲ**

ਯਾਦਦਾਸ਼ਤ ਦਾ ਗਠਨ ਮਨੁੱਖੀ ਦਿਮਾਗ ਵਿਚ ਸਭ ਤੋਂ ਗੁੰਝਲਦਾਰ ਪ੍ਰਕਿਰਿਆਵਾਂ ਵਿੱਚੋਂ ਇੱਕ ਹੈ। ਸਾਇੰਸ ਨਿਊਜ਼ ਜਦੋਂ ਕਿਸੇ ਅਜ਼ੀਜ਼ ਦੀ ਮੌਤ ਹੋ ਜਾਂਦੀ ਹੈ, ਤਾਂ ਉਨ੍ਹਾਂ ਦਾ ਨਿੱਜੀ ਸਮਾਨ ਪਰਿਵਾਰਕ ਮੈਂਬਰਾਂ ਦੁਆਰਾ ਸੁਰੱਖਿਅਤ ਰੱਖਿਆ ਜਾ ਸਕਦਾ ਹੈ, ਪਰ ਉਨ੍ਹਾਂ ਦੀਆਂ ਯਾਦਾਂ ਦਾ ਕੀ? ਕੀ ਅਸੀਂ ਇੱਕ ਦਿਨ ਮੌਤ ਤੋਂ ਬਾਅਦ ਕਿਸੇ ਵਿਅਕਤੀ ਦੇ ਦਿਮਾਗ ਵਿੱਚੋਂ ਉਸ ਦੇ ਜੀਵਨ ਦੇ ਵਿਚਾਰਾਂ, ਅਨੁਭਵਾਂ ਅਤੇ ਪਲਾਂ ਨੂੰ ਮੁੜ ਪ੍ਰਾਪਤ ਕਰ ਸਕਦੇ ਹਾਂ? ਹਾਲਾਂਕਿ ਇਹ ਵਿਚਾਰ ਇੱਕ ਵਿਗਿਆਨਕ ਗਲਪ ਨਾਵਲ ਵਿੱਚੋਂ ਕੁਝ ਵਰਗਾ ਜਾਪਦਾ ਹੈ, ਤੰਤੂ ਵਿਗਿਆਨੀ ਮੰਨਦੇ ਹਨ ਕਿ ਇਹਨਾਂ ਵਿੱਚੋਂ ਕੁਝ ਯਾਦਾਂ ਨੂੰ ਅੰਸ਼ਕ ਤੌਰ 'ਤੇ ਐਕਸੈਸ ਕਰਨ ਲਈ ਇੱਕ ਤਰੀਕਾ ਹੋ ਸਕਦਾ ਹੈ - ਇੱਕ ਮੁਸ਼ਕਲ ਅਤੇ ਗੁੰਝਲਦਾਰ ਇੱਕ - ਹਾਲਾਂਕਿ। ਪਰ ਇਹ ਪ੍ਰਕਿਰਿਆ ਸਧਾਰਨ ਤੋਂ ਬਹੁਤ ਦੂਰ ਹੈ, ਅਤੇ ਇਸ ਨੂੰ ਹਕੀਕਤ ਬਣਨ ਤੋਂ ਪਹਿਲਾਂ ਦੂਰ ਕਰਨ ਲਈ ਬਹੁਤ ਸਾਰੀਆਂ ਰੁਕਾਵਟਾਂ ਹਨ। ਮੈਮੋਰੀ ਦਾ ਵਿਗਿਆਨ ਯਾਦਦਾਸ਼ਤ ਦਾ ਗਠਨ ਮਨੁੱਖੀ ਦਿਮਾਗ ਵਿੱਚ ਸਭ ਤੋਂ ਗੁੰਝਲਦਾਰ ਪ੍ਰਕਿਰਿਆਵਾਂ ਵਿੱਚੋਂ ਇੱਕ ਹੈ। ਲਾਈਵ ਸਾਇੰਸ ਨੂੰ ਇੱਕ ਇੰਟਰਵਿਊ ਵਿੱਚ, ਦੱਖਣੀ ਕੈਲੀਫੋਰਨੀਆ ਯੂਨੀਵਰਸਿਟੀ ਤੋਂ ਨਿਊਰੋਸਾਇੰਟਿਸਟ ਡੌਨ ਅਰਨੋਲਡ ਨੇ ਦੱਸਿਆ ਕਿ ਯਾਦਾਂ ਨਿਊਰੋਨਸ ਦੇ ਸਮੂਹਾਂ ਦੁਆਰਾ ਏਨਕੋਡ ਕੀਤੀਆਂ ਜਾਂਦੀਆਂ ਹਨ, ਸੈੱਲ ਜੋ ਉਦੋਂ ਕਿਰਿਆਸ਼ੀਲ ਹੁੰਦੇ ਹਨ ਜਦੋਂ ਅਸੀਂ ਕਿਸੇ ਚੀਜ਼ ਦਾ ਅਨੁਭਵ ਕਰਦੇ ਹਾਂ ਜਾਂ ਯਾਦ ਕਰਦੇ ਹਾਂ। ਖਾਸ ਤੌਰ 'ਤੇ, ਥੋੜ੍ਹੇ ਸਮੇਂ ਦੀਆਂ ਅਤੇ ਲੰਬੇ ਸਮੇਂ ਦੀਆਂ ਯਾਦਾਂ ਹਿਪੋਕੈਂਪਸ ਵਿੱਚ ਬਣੀਆਂ ਹੁੰਦੀਆਂ ਹਨ, ਜਦੋਂ ਕਿ ਹੋਰ ਸੰਵੇਦੀ ਵੇਰਵੇ ਵੱਖ-ਵੱਖ ਖੇਤਰਾਂ ਜਿਵੇਂ ਕਿ ਪੈਰੀਟਲ ਲੋਬ ਅਤੇ ਸੰਵੇਦੀ ਕਾਰਟੈਕਸ ਵਿੱਚ ਸਟੋਰ ਕੀਤੇ ਜਾਂਦੇ ਹਨ। ਜਦੋਂ ਇਹ ਨਿਊਰੋਨ ਇਕੱਠੇ ਕੰਮ ਕਰਦੇ ਹਨ, ਤਾਂ ਉਹ "ਐਨਗ੍ਰਾਮ" ਨਾਮਕ ਇੱਕ ਭੌਤਿਕ ਟਰੇਸ ਬਣਾਉਂਦੇ ਹਨ, ਜੋ ਮੈਮੋਰੀ ਦੇ ਜੈਵਿਕ ਪੈਰਾਂ ਦੇ ਨਿਸ਼ਾਨ ਵਜੋਂ ਕੰਮ ਕਰਦਾ ਹੈ। ਇਸ ਧਾਰਨਾ ਦਾ ਜਾਨਵਰਾਂ ਵਿੱਚ ਵਿਆਪਕ ਤੌਰ 'ਤੇ ਅਧਿਐਨ ਕੀਤਾ ਗਿਆ ਹੈ, ਖੋਜਕਰਤਾਵਾਂ ਨੇ ਚੂਹਿਆਂ ਦੇ ਦਿਮਾਗਾਂ ਵਿੱਚ ਐਨਗ੍ਰਾਮ ਦੀ ਸਫਲਤਾਪੂਰਵਕ ਪਛਾਣ ਕੀਤੀ ਹੈ। ਉਦਾਹਰਨ ਲਈ, ਕੁਦਰਤ ਵਿੱਚ ਪ੍ਰਕਾਸ਼ਿਤ ਇੱਕ 2012 ਦਾ ਅਧਿਐਨ ਡਰ ਦੀ ਯਾਦਦਾਸ਼ਤ ਨਾਲ ਜੁੜੇ ਖਾਸ ਦਿਮਾਗ ਦੇ ਸੈੱਲਾਂ ਦਾ ਖੁਲਾਸਾ ਕਰਦਾ ਹੈ। ਪਰ, ਅਰਨੋਲਡ ਦਾ ਕਹਿਣਾ ਹੈ, ਦਿਮਾਗ ਦੀ ਗੁੰਝਲਤਾ ਦੇ ਕਾਰਨ ਮਨੁੱਖਾਂ ਵਿੱਚ ਇਹਨਾਂ ਮੈਮੋਰੀ ਟਰੇਸਾਂ ਦੀ ਪਛਾਣ ਕਰਨਾ ਬਹੁਤ ਮੁਸ਼ਕਲ ਹੈ। ਮੈਮੋਰੀ ਮੁੜ ਪ੍ਰਾਪਤੀ ਲਈ ਰੁਕਾਵਟਾਂ ਕਿਸੇ ਮਰੇ ਹੋਏ ਵਿਅਕਤੀ ਦੇ ਦਿਮਾਗ ਤੋਂ ਇੱਕ ਮੈਮੋਰੀ ਪ੍ਰਾਪਤ ਕਰਨ ਲਈ, ਵਿਗਿਆਨੀਆਂ ਨੂੰ ਪਹਿਲਾਂ ਉਸ ਮੈਮੋਰੀ ਨਾਲ ਜੁੜੇ ਨਿਊਰੋਨਸ ਦੇ ਖਾਸ ਸਮੂਹ ਦਾ ਪਤਾ ਲਗਾਉਣ ਦੀ ਲੋੜ ਹੋਵੇਗੀ। ਇਸ ਪ੍ਰਕਿਰਿਆ ਲਈ ਦਿਮਾਗ ਦੇ ਵੱਖ-ਵੱਖ ਹਿੱਸਿਆਂ ਨੂੰ ਫੈਲਾਉਣ ਵਾਲੇ ਨਯੂਰੋਨਸ-ਕੁਨੈਕਸ਼ਨਾਂ ਦੇ ਵਿਚਕਾਰ ਕਨੈਕਸ਼ਨਾਂ ਦੇ ਗੁੰਝਲਦਾਰ ਵੈੱਬ ਨੂੰ ਸਮਝਣ ਦੀ ਵੀ ਲੋੜ ਹੋਵੇਗੀ। ਕੰਮ ਹੋਰ ਵੀ ਗੁੰਝਲਦਾਰ ਹੋ ਜਾਂਦਾ ਹੈ ਜਦੋਂ ਤੁਸੀਂ ਇਸ ਤੱਥ ਨੂੰ ਧਿਆਨ ਵਿਚ ਰੱਖਦੇ ਹੋ ਕਿ ਯਾਦਾਂ ਸਥਿਰ ਨਹੀਂ ਹਨ। ਜਿਵੇਂ ਕਿ ਅਰਨੋਲਡ ਦੱਸਦਾ ਹੈ, ਯਾਦਾਂ ਸਮੇਂ ਦੇ ਨਾਲ ਵਿਕਸਤ ਹੁੰਦੀਆਂ ਹਨ ਅਤੇ ਦਿਮਾਗ ਦੇ ਵੱਖ-ਵੱਖ ਖੇਤਰਾਂ ਵਿੱਚ ਬਦਲ ਸਕਦੀਆਂ ਹਨ ਕਿਉਂਕਿ ਉਹ ਇਕਸਾਰ ਹੁੰਦੀਆਂ ਹਨ। ਅਰਨੋਲਡ ਕਹਿੰਦਾ ਹੈ, "ਸ਼ੁਰੂਆਤ ਵਿੱਚ, ਮੂਲ ਘਟਨਾ ਦੇ ਦੌਰਾਨ ਸਰਗਰਮ ਨਾਈਰੋਨਸ ਇੱਕ ਐਂਗ੍ਰਾਮ ਬਣਾਉਂਦੇ ਹਨ।" "ਪਰ ਸਮੇਂ ਦੇ ਨਾਲ, ਇਸ ਗੱਲ ਦਾ ਸਬੂਤ ਹੈ ਕਿ ਯਾਦਾਂ ਵੱਖੋ-ਵੱਖਰੇ ਸਥਾਨਾਂ 'ਤੇ ਚਲੀਆਂ ਜਾਂਦੀਆਂ ਹਨ ਕਿਉਂਕਿ ਉਹ ਦਿਮਾਗ ਵਿਚ ਇਕਸਾਰ ਹੁੰਦੀਆਂ ਹਨ।" ਦੂਜੇ ਸ਼ਬਦਾਂ ਵਿੱਚ, ਯਾਦਾਂ ਇੱਕ ਥਾਂ 'ਤੇ ਬੰਦ ਨਹੀਂ ਹੁੰਦੀਆਂ-ਉਹ ਤਰਲ ਹੁੰਦੀਆਂ ਹਨ, ਜਿਸ ਨਾਲ ਮੁੜ ਪ੍ਰਾਪਤੀ ਨੂੰ ਹੋਰ ਵੀ ਚੁਣੌਤੀਪੂਰਨ ਬਣਾਇਆ ਜਾਂਦਾ ਹੈ। ਇੱਕ ਦੂਰ ਦਾ ਸੁਪਨਾ ਵਰਤਮਾਨ ਵਿੱਚ, ਤੰਤੂ-ਵਿਗਿਆਨੀਆਂ ਕੋਲ ਮਨੁੱਖੀ ਦਿਮਾਗ ਦਾ ਪੂਰਾ ਨਕਸ਼ਾ ਨਹੀਂ ਹੈ, ਇਸ ਲਈ ਕਿਸੇ ਖਾਸ ਮੈਮੋਰੀ ਦੀ ਸਹੀ ਸਥਿਤੀ ਦਾ ਪਤਾ ਲਗਾਉਣਾ ਅਸੰਭਵ ਹੈ। ਪਰ ਭਾਵੇਂ ਉਹਨਾਂ ਨੇ ਕੀਤਾ, ਇੱਕ ਮੈਮੋਰੀ ਨੂੰ ਮੁੜ ਪ੍ਰਾਪਤ ਕਰਨਾ ਕੰਪਿਊਟਰ ਉੱਤੇ ਇੱਕ ਫਾਈਲ ਨੂੰ ਖਿੱਚਣ ਜਿੰਨਾ ਸੌਖਾ ਨਹੀਂ ਹੈ। ਇੱਕ ਲਈ, ਯਾਦਾਂ ਪਿਛਲੀਆਂ ਘਟਨਾਵਾਂ ਦੀ ਸੰਪੂਰਨ ਰਿਕਾਰਡਿੰਗ ਨਹੀਂ ਹਨ। ਕੈਲੀਫੋਰਨੀਆ ਯੂਨੀਵਰਸਿਟੀ, ਡੇਵਿਸ ਵਿਖੇ ਮੈਮੋਰੀ ਅਤੇ ਪਲਾਸਟਿਕ ਪ੍ਰੋਗਰਾਮ ਦੇ ਨਿਰਦੇਸ਼ਕ ਚਰਨ ਰੰਗਨਾਥ ਦੱਸਦੇ ਹਨ ਕਿ ਯਾਦਦਾਸ਼ਤ ਕੁਦਰਤੀ ਤੌਰ 'ਤੇ ਪੁਨਰ ਨਿਰਮਾਣ ਹੈ। ਰੰਗਨਾਥ ਲਾਈਵ ਸਾਇੰਸ ਨੂੰ ਕਹਿੰਦਾ ਹੈ, "ਮੈਮੋਰੀ ਬਹੁਤ ਪੁਨਰ ਗਠਨਸ਼ੀਲ ਹੁੰਦੀ ਹੈ, ਮਤਲਬ ਕਿ ਤੁਸੀਂ ਕਿਸੇ ਘਟਨਾ ਦੇ ਬਿੱਟ ਅਤੇ ਟੁਕੜੇ ਯਾਦ ਰੱਖਦੇ ਹੋ, ਪਰ ਤੁਹਾਨੂੰ ਅਸਲ ਵਿੱਚ ਪੂਰੀ ਚੀਜ਼ ਨਹੀਂ ਮਿਲਦੀ," ਰੰਗਨਾਥ ਲਾਈਵ ਸਾਇੰਸ ਨੂੰ ਕਹਿੰਦਾ ਹੈ। ਇਸਦਾ ਮਤਲਬ ਇਹ ਹੈ ਕਿ ਭਾਵੇਂ ਵਿਗਿਆਨੀ ਇੱਕ ਮੈਮੋਰੀ ਨਾਲ ਜੁੜੇ ਨਿਊਰੋਨਸ ਦੀ ਪਛਾਣ ਕਰ ਸਕਦੇ ਹਨ, ਉਹ ਸਹੀ ਅਨੁਭਵ ਨੂੰ ਦੁਬਾਰਾ ਨਹੀਂ ਬਣਾ ਸਕਣਗੇ ਜਿਵੇਂ ਕਿ ਇਹ ਜੀਵਿਤ ਸੀ। ਉਦਾਹਰਨ ਲਈ, ਜਨਮਦਿਨ ਦੀ ਪਾਰਟੀ ਦੀ ਯਾਦ ਨੂੰ ਲ । ਇੱਕ ਵਿਅਕਤੀ ਨੂੰ ਚਾਕਲੇਟ ਕੇਕ ਖਾਣਾ ਅਤੇ ਟੈਗ ਖੇਡਣਾ ਯਾਦ ਹੋ ਸਕਦਾ ਹੈ, ਪਰ ਉਹ ਸ਼ਾਇਦਸਾਰੇ ਮਹਿਮਾਨਾਂ ਨੂੰ ਯਾਦ ਨਹੀਂ ਹੋਵੇਗਾ ਜਾਂ ਕੀ ਉਸ ਦਿਨ ਮੀਂਹ ਪੈ ਰਿਹਾ ਸੀ। ਦਿਮਾਗ ਮੌਜੂਦਾ ਗਿਆਨ ਦੀ ਵਰਤੋਂ ਕਰਕੇ ਇਹਨਾਂ ਅੰਤਰਾਲਾਂ ਨੂੰ ਭਰਦਾ ਹੈ, ਘਟਨਾ ਦੀ ਛਾਪ ਛੱਡਦਾ ਹੈ, ਪਰ ਪੂਰੇ, ਸਹੀ ਅਨੁਭਵ ਨੂੰ ਨਹੀਂ। ਮੈਮੋਰੀ ਖੋਜ ਦਾ ਭਵਿੱਖ ਤਕਨਾਲੋਜੀ ਵਿੱਚ ਤਰੱਕੀ ਦੇ ਬਾਵਜੂਦ, ਇੱਕ ਮ੍ਰਿਤਕ ਵਿਅਕਤੀ ਦੇ ਦਿਮਾਗ ਤੋਂ ਯਾਦਾਂ ਨੂੰ ਮੁੜ ਪ੍ਰਾਪਤ ਕਰਨ ਲਈ ਇੱਕ ਮਸ਼ੀਨ ਸਿਖਲਾਈ ਮਾਡਲ ਬਣਾਉਣ ਦੀ ਸੰਭਾਵਨਾ ਬਹੁਤ ਦੂਰ ਹੈ। ਰੰਗਨਾਥ ਸੁਝਾਅ ਦਿੰਦਾ ਹੈ ਕਿ ਅਜਿਹੇ ਕੰਮ ਲਈ ਸਮਰੱਥ ਨਿਊਰਲ ਨੈੱਟਵਰਕ ਨੂੰ ਦਿਮਾਗ਼ ਦੇ ਸਕੈਨ ਦੀ ਇੱਕ ਵਿਆਪਕ ਉਮਰ ਦੀ ਲੋੜ ਹੋਵੇਗੀ, ਜਿਸ ਵਿੱਚ ਇੱਕ ਵਿਅਕਤੀ ਆਪਣੀ ਯਾਦਦਾਸ਼ਤ ਪ੍ਰਣਾਲੀ ਦਾ ਮਾਡਲ ਬਣਾਉਣ ਲਈ ਆਪਣੇ ਤਜ਼ਰਬਿਆਂ ਨੂੰ ਵਾਰ-ਵਾਰ ਯਾਦ ਕਰਦਾ ਹੈ। ਇਹ, ਹਾਲਾਂਕਿ, ਇਹ ਮੰਨਦਾ ਹੈ ਕਿ ਯਾਦਾਂ ਇੱਕ ਹਾਰਡ ਡਰਾਈਵ 'ਤੇ ਸਟੋਰ ਕੀਤੀਆਂ ਸਥਿਰ ਫਾਈਲਾਂ ਵਾਂਗ ਹੁੰਦੀਆਂ ਹਨ-ਇੱਕ ਵਿਸ਼ਵਾਸ ਜਿਸ 'ਤੇ ਲਗਾਤਾਰ ਸਵਾਲ ਕੀਤੇ ਜਾ ਰਹੇ ਹਨ। ਰੰਗਨਾਥ ਦੱਸਦਾ ਹੈ, "ਅਸੀਂ ਆਪਣੀਆਂ ਯਾਦਾਂ ਨੂੰ ਹਰ ਤਰ੍ਹਾਂ ਦੇ ਅਰਥ ਅਤੇ ਦ੍ਰਿਸ਼ਟੀਕੋਣ ਨਾਲ ਇਸ ਤਰੀਕੇ ਨਾਲ ਰੰਗਦੇ ਹਾਂ ਜੋ ਜ਼ਰੂਰੀ ਤੌਰ 'ਤੇ ਘਟਨਾ ਦਾ ਪ੍ਰਤੀਬਿੰਬਤ ਨਹੀਂ ਹੁੰਦਾ।" "ਅਸੀਂ ਅਤੀਤ ਨੂੰ ਦੁਬਾਰਾ ਨਹੀਂ ਖੇਡਦੇ, ਅਸੀਂ ਸਿਰਫ ਕਲਪਨਾ ਕਰਦੇ ਹਾਂ ਕਿ ਅਤੀਤ ਕਿਵੇਂ ਹੋ ਸਕਦਾ ਸੀ।" ਹੁਣ ਲਈ, ਘੱਟੋ ਘੱਟ, ਅਜਿਹਾ ਲਗਦਾ ਹੈ ਕਿ ਜ਼ਿੰਦਗੀ ਜੀਉਣ ਦੀਆਂ ਯਾਦਾਂ ਉਸ ਵਿਅਕਤੀ ਦੇ ਅੰਦਰ ਸੀਲ ਰਹਿਣਗੀਆਂ ਜਿਸ ਨੇ ਉਨ੍ਹਾਂ ਦਾ ਅਨੁਭਵ ਕੀਤਾ ਹੈ। ਅਤੇ ਇੱਕ ਵਾਰ ਜਦੋਂ ਉਹ ਵਿਅਕਤੀ ਚਲਾ ਜਾਂਦਾ ਹੈ, ਤਾਂ ਅਤੀਤ ਦੇ ਉਹ ਟੁਕੜੇ ਸੰਭਾਵਤ ਤੌਰ 'ਤੇ ਉਨ੍ਹਾਂ ਦੇ ਨਾਲ ਅਲੋਪ ਹੋ ਜਾਣਗੇ। ਜਦੋਂ ਕਿ ਯਾਦਦਾਸ਼ਤ ਪ੍ਰਾਪਤ ਕਰਨਾ ਇੱਕ ਦਿਲਚਸਪ ਸੰਭਾਵਨਾ ਹੈ, ਇਹ ਨਿਊਰੋਸਾਇੰਸ ਦੇ ਖੇਤਰ ਵਿੱਚ ਇੱਕ ਦੂਰ ਦਾ ਸੁਪਨਾ ਹੈ। ਫਿਲਹਾਲ, ਕਿਸੇ ਅਜ਼ੀਜ਼ ਦੀਆਂ ਯਾਦਾਂ ਨੂੰ ਸੁਰੱਖਿਅਤ ਰੱਖਣ ਦਾ ਇੱਕੋ ਇੱਕ ਤਰੀਕਾ ਹੈ ਉਹਨਾਂ ਕਹਾਣੀਆਂ, ਫੋਟੋਆਂ ਅਤੇ ਵਿਰਾਸਤਾਂ ਦੁਆਰਾ ਜੋ ਉਹ ਪਿੱਛੇ ਛੱਡ ਜਾਂਦੇ ਹਨ।

# ਸੂਰਜ ਗੁੰਝਲਦਾਰ ਰਹੱਸਾਂ ਨੂੰ ਪ੍ਰਗਟ ਕਰਦਾ ਹੈ

**ਵਿਜੈ ਗਰਗ**

ਸੂਰਜ ਇੱਕ ਬ੍ਰਹਿਮੰਡੀ ਸਰੀਰ ਹੈ ਜਿਸ ਦੁਆਰਾ ਸਾਡੀ ਧਰਤੀ ਉੱਤੇ ਜੀਵਨ ਕੰਬਦਾ ਹੈ। ਵਿਗਿਆਨ ਦੀ ਡੂੰਘਾਈ ਵਿੱਚ ਜਾਓ, ਸੂਰਜ ਅਸਲ ਵਿੱਚ ਇੱਕ ਡਾਇਨਾਮੋ ਦੀ ਤਰ੍ਹਾਂ ਕੰਮ ਕਰ ਰਿਹਾ ਹੈ, ਜਿਸ ਤਰ੍ਹਾਂ ਇੱਕ ਡਾਇਨਾਮੋ ਵਿੱਚ ਮਕੈਨੀਕਲ ਊਰਜਾ ਬਿਜਲੀ ਵਿੱਚ ਬਦਲ ਜਾਂਦੀ ਹੈ, ਉਸੇ ਤਰ੍ਹਾਂ ਸੂਰਜ ਦੀ ਸਤਹ 'ਤੇ, ਊਰਜਾ ਦਾ ਇੱਕ ਰੂਪ ਦੂਜੇ ਵਿੱਚ ਬਦਲਦਾ ਰਹਿੰਦਾ ਹੈ। ਪਰ ਇਸਦੇ ਲੱਖਾਂ ਮੀਲ ਦੀ ਦੂਰੀ ਅਤੇ ਇਸਦੇ ਨੇੜੇ ਆਉਣ ਵਾਲੀ ਹਰ ਚੀਜ਼ ਨੂੰ ਪਿਘਲਣ ਅਤੇ ਸਾੜਨ ਦੀ ਸਮਰੱਥਾ ਦੇ ਕਾਰਨ, ਇਸਦੇ ਬਹੁਤ ਸਾਰੇ ਭੇਦ ਅਜੇ ਵੀ ਸਾਡੇ ਲਈ ਅਣਜਾਣ ਹਨ, ਹਾਲ ਹੀ ਵਿੱਚ, ਈਐਸਏ ਦੀ ਵਰਤੋਂ ਸੂਰਜ ਦਾ ਅਧਿਐਨ ਕਰਨ ਲਈ ਕੀਤੀ ਗਈ ਹੈ। ਪ੍ਰੋਬਾ-3 ਮਿਸ਼ਨ ਨੂੰ 5 ਦਸੰਬਰ, 2024 ਨੂੰ ਭਾਰਤ ਦੇ ਸ਼੍ਰੀਹਰੀਕੋਟਾ ਸਥਿਤ ਸਤੀਸ਼ ਧਵਨ ਪੁਲਾੜ ਕੇਂਦਰ ਤੋਂ ਇਸਰੋ ਦੇ ਰਾਕੇਟ PSLV-C95 'ਤੇ ਸਫਲਤਾਪੂਰਵਕ ਲਾਂਚ ਕੀਤਾ ਗਿਆ ਸੀ। ਇਸ ਲਈ ਬੋਲਣ ਲਈ, ਈਐਸਏ ਪ੍ਰੋਬਾ-3 ਮਿਸ਼ਨ ਇੱਕ ਯੂਰਪੀਅਨ ਮਿਸ਼ਨ ਹੈ। ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੀ ਸੈਟੇਲਾਈਟ ਲਾਂਚ ਸਮਰੱਥਾ ਅਤੇ ਘੱਟ ਲਾਗਤ ਦੇ ਮੱਦੇਨਜ਼ਰ ਯੂਰਪੀਅਨ ਸਪੇਸ ਏਜੰਸੀ (ਈਐਸਏ) ਨੇ ਇਸ ਵਿੱਚ ਭਾਰਤ ਦਾ ਸਹਿਯੋਗ ਲਿਆ ਹੈ। ਭਾਰਤੀ ਰਾਕੇਟ PSSV-C95 'ਤੇ ਪੁਲਾੜ ਵਿੱਚ ਲਾਂਚ ਕੀਤੇ ਗਏ ਮਿਸ਼ਨ ਪ੍ਰੋਬਾ-3 ਦਾ ਉਦੇਸ਼ ਸੂਰਜ ਦੇ ਬਾਹਰੀ ਹਿੱਸੇ - ਕੋਰੋਨਾ ਤੋਂ ਫਟਣ ਦਾ ਨਿਰੀਖਣ ਕਰਨਾ ਹੈ। ਇਸਦਾ ਉਦੇਸ਼ ਰੇਡੀਏਸ਼ਨ ਅਤੇ ਸੂਰਜੀ ਭੜਕਣ ਦਾ ਅਧਿਐਨ ਕਰਨਾ ਹੈ। ਭਾਰਤ ਖੁਦ ਵੀ ਸੂਰਜ ਦੇ ਅਧਿਐਨ ਵਿੱਚ ਦਿਲਚਸਪੀ ਰੱਖਦਾ ਹੈ।



ਦਰਅਸਲ, ਇਸਦੀ ਸ਼ੁਰੂਆਤ ਸਤੰਬਰ 2023 ਵਿੱਚ ਦੇਸ਼ ਦੇ ਪਹਿਲੇ ਸੋਲਰ ਮਿਸ਼ਨ - 'ਆਦਿਤਿਆ-ਐਲ1' ਨਾਲ ਹੋ ਚੁੱਕੀ ਹੈ। ਸਫਲ ਲਾਂਚਿੰਗ ਦੇ ਕਰੀਬ ਚਾਰ ਮਹੀਨੇ ਬਾਅਦ ਇਹ ਪੁਲਾੜ ਯਾਨ ਧਰਤੀ ਤੋਂ 15 ਲੱਖ ਕਿਲੋਮੀਟਰ ਦੀ ਦੂਰੀ 'ਤੇ -1 ਬਿੰਦੂ 'ਤੇ ਪਹੁੰਚ ਗਿਆ ਹੈ ਅਤੇ ਉੱਥੇ ਰਹਿ ਕੇ ਇਹ ਸੂਰਜੀ ਮੰਡਲ ਦੇ ਇਕਲੌਤੇ ਤਾਰੇ ਯਾਨੀ ਕਿ ਦੇ ਸਾਰੇ ਵੇਰਵਿਆਂ ਦਾ ਅਧਿਐਨ ਕਰ ਰਿਹਾ ਹੈ।

**ਸੂਰਜ-** ਚੰਦਰਯਾਨ ਦੀ ਤਰ੍ਹਾਂ ਇਸਰੋ ਨੂੰ ਵੀ ਆਦਿਤਿਆ-ਐਲ1 ਮਿਸ਼ਨ ਤੋਂ ਸਾਰੀ ਜਾਣਕਾਰੀ ਮਿਲਣ ਦੀ ਉਮੀਦ ਹੈ ਜਿਸ ਦੇ ਆਧਾਰ 'ਤੇ ਭਾਰਤ ਪੁਲਾੜ ਦੇ ਖੇਤਰ ਵਿੱਚ ਆਪਣੇ ਆਪ ਨੂੰ ਮਜ਼ਬੂਤੀ ਨਾਲ ਸਥਾਪਿਤ ਕਰ ਸਕਦਾ ਹੈ। ਕਿਹਾ ਜਾ ਸਕਦਾ ਹੈ ਕਿ ਚੰਦਰਮਾ ਦੇ ਨਾਲ ਸੂਰਜ ਦੇ ਵਿਹੜੇ ਵਿੱਚ ਇਸਰੋ ਦੀ ਇਹ ਦਸਤਕ ਭਾਰਤ ਦੇ ਭਵਿੱਖ ਦੀ ਨਵੀਂ ਨੀਂਹ ਰੱਖ ਰਹੀ ਹੈ। ਭਾਰਤ ਦਾ ਸੂਰਜ ਮਿਸ਼ਨ ਆਦਿਤਿਆ-1 ਸਪੇਸ ਵਿੱਚ ਇੱਕ ਖਾਸ ਬਿੰਦੂ ਜਾਂ ਸਥਾਨ 'ਤੇ ਹੈ, ਜਿਸ ਨੂੰ ਲੈਗਰੇਂਜ ਪੁਆਇੰਟ (-1) ਕਿਹਾ ਜਾਂਦਾ ਹੈ, ਜਿਸਦਾ ਨਾਮ ਫਰਾਂਸੀਸੀ ਗਣਿਤ-ਸ਼ਾਸਤਰੀ ਜੋਸੇਫ ਲੂਈ ਲੈਗਰੇਂਜ ਦੇ ਨਾਮ 'ਤੇ ਰੱਖਿਆ ਗਿਆ ਹੈ, ਜਿੱਥੇ ਸੂਰਜ ਅਤੇ ਧਰਤੀ ਦੀਆਂ ਗੁਰੂਤਾ ਸ਼ਕਤੀਆਂ ਸੰਤੁਲਿਤ ਹਨ। ਇਸ ਸਥਾਨ 'ਤੇ ਇਕ ਕਿਸਮ ਦਾ 'ਨਿਊਟਰਲ ਪੁਆਇੰਟ' ਵਿਕਸਿਤ ਹੁੰਦਾ ਹੈ, ਜਿੱਥੇ ਪੁਲਾੜ ਯਾਨ ਦੇ ਈਂਧਨ ਦੀ ਸਭ ਤੋਂ ਘੱਟ ਖਪਤ ਹੁੰਦੀ ਹੈ।, ਅਠਾਰ੍ਹਵੀਂ ਸਦੀ ਵਿੱਚ ਜੋਸਫ਼ ਲੂਈ ਲੈਗਰੇਂਜ ਨੇ ਇਸ ਬਿੰਦੂ ਦੀ ਖੋਜ ਕੀਤੀ ਸੀ। ਇਹ ਸਥਾਨ ਧਰਤੀ ਤੋਂ 15 ਲੱਖ ਕਿਲੋਮੀਟਰ ਦੂਰ ਹੈ। ਸੂਰਜ ਸਾਡੀ ਧਰਤੀ ਤੋਂ 15 ਕਰੋੜ ਕਿਲੋਮੀਟਰ ਦੂਰ ਹੈ। ਅਜਿਹੀ ਸਥਿਤੀ ਵਿੱਚ, ਥੋੜਾ ਅੱਗੇ ਜਾ ਕੇ ਆਦਿਤਿਆ-ਐਲ1 ਤੋਂ ਸੂਰਜ ਬਾਰੇ ਬਹੁਤ ਕੁਝ ਜਾਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜੋ ਕਿ ਅਜੇ ਤੱਕ ਸਾਹਮਣੇ ਨਹੀਂ ਆਇਆ ਹੈ। ਜਿਵੇਂ ਕਿ ਸੂਰਜੀ ਪ੍ਰਵਾਹ (ਸੂਰਜੀ ਹਵਾ), ਸੂਰਜ ਅਤੇ ਸੂਰਜੀ ਅੰਦੋਲਨਾਂ ਦੇ ਕਾਰਨ ਇਲੈਕਟ੍ਰੋਮੈਗਨੈਟਿਕ ਵਿਵਹਾਰ, ਧਰਤੀ ਦੇ ਮੌਸਮ ਜਾਂ ਜਲਵਾਯੂ 'ਤੇ ਪ੍ਰਭਾਵ ਦਾ ਸਹੀ ਮੁਲਾਂਕਣ ਕਰਨਾ ਅਤੇ ਮਾਪਣਾ ਮਹੱਤਵਪੂਰਨ ਹੈ।ਇਹ ਇੱਕ ਚੁਣੌਤੀ ਹੈ। ਆਦਿਤਿਆ-1 'ਤੇ ਮੌਜੂਦ ਇਲੈਕਟ੍ਰੋਮੈਗਨੈਟਿਕ ਅਤੇ 'ਪਾਰਟੀਕਲ ਫੀਲਡ ਡਿਟੈਕਟਰਾਂ' ਦੀ ਮਦਦ ਨਾਲ ਸੂਰਜ ਦੀ ਬਾਹਰੀ ਸਤ੍ਹਾ ਯਾਨੀ ਫੋਟੋਸਫੇਅਰ ਅਤੇ ਕ੍ਰੋਮੋਸਫੀਅਰ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇਗੀ ਅਤੇ ਇਹ ਪਤਾ ਲਗਾਇਆ ਜਾਵੇਗਾ ਕਿ ਉਹ ਧਰਤੀ 'ਤੇ ਊਰਜਾ ਦੇ ਸੰਚਾਰ ਅਤੇ ਹਰਕਤਾਂ 'ਚ ਕੀ ਭੂਮਿਕਾ ਨਿਭਾਉਂਦੇ ਹਨ। ਸਪੇਸ ਵਿੱਚ ਹੈ। ਆਦਿਤਿਆ ਐਲ-1 'ਤੇ ਮੌਜੂਦ ਸੱਤ ਪੇਲੋਡਾਂ ਰਾਹੀਂ ਸੂਰਜੀ ਰੇਡੀਏਸ਼ਨ ਦੀ ਨਜ਼ਦੀਕੀ ਖੋਜ ਲਈ ਯਤਨ ਵੀ ਕੀਤੇ ਜਾਣਗੇ। ਸੂਰਜ ਦੇ ਹੋਰ ਵੀ ਕਈ ਰਹੱਸ ਹਨ, ਜਿਨ੍ਹਾਂ ਨੂੰ ਆਦਿਤਯ ਐਲ-1 ਤੋਂ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇਗੀ। 'ਕੋਰੋਨਲ ਮਾਸ ਇਜੈਕਸ਼ਨ', 'ਸੋਲਰ ਫਲੇਅਰ' ਅਤੇ ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂਇਸਰੋ ਨੂੰ ਅਗਲੇ ਪੰਜ ਸਾਲਾਂ ਤੱਕ ਪੁਲਾੜ ਵਿੱਚ ਰਹਿਣ ਦੌਰਾਨ ਆਦਿਤਿਆ ਐਲ-1 ਬਾਰੇ ਕਈ ਅਹਿਮ ਜਾਣਕਾਰੀਆਂ ਮਿਲਣ ਦੀ ਉਮੀਦ ਹੈ। ਈਐਸਏ ਦਾ ਪ੍ਰੋਬਾ-3 ਵੀ ਇਸ ਕੰਮ ਵਿੱਚ ਵਿਸ਼ੇਸ਼ ਸਹਿਯੋਗੀ ਭੂਮਿਕਾ ਨਿਭਾਏਗਾ। ਵੱਡੇ ਆਧੁਨਿਕ ਤਰੀਕੇ ਨਾਲ ਸੂਰਜੀ ਭੜਕਣ ਦੇ ਡੂੰਘਾਈ ਨਾਲ ਅਧਿਐਨ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸ ਮੁਹਿੰਮ ਦੇ ਤਹਿਤ, ਈਐਸਏ ਨੇ ਸੈਂਕੜੇ ਵਾਰ ਕੁੱਲ ਸੂਰਜ ਗ੍ਰਹਿਣ ਨੂੰ ਨਕਲੀ ਤੌਰ 'ਤੇ ਦੇਖਣ ਲਈ ਆਪਣੇ ਦੋ ਉਪਗ੍ਰਹਿ- ਕਰੋਨਾਗ੍ਰਾਫ ਅਤੇ ਓਕਲਟਰ - ਭੇਜੇ ਹਨ। ਅਜਿਹਾ ਕਰਕੇ ਵਿਗਿਆਨੀ ਸੂਰਜ ਦੇ ਬਾਹਰੀ ਵਾਯੂਮੰਡਲ ਯਾਨੀ ਕੋਰੋਨਾ ਦੇ ਰਹੱਸਾਂ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਨਗੇ। ਪੂਰਾ ਸੂਰਜ ਗ੍ਰਹਿਣ ਦੌਰਾਨ ਸੂਰਜ ਦੇ ਦੁਆਲੇ ਦਿਖਾਈ ਦੇਣ ਵਾਲਾ ਚਮਕਦਾਰ ਚਿੱਟਾ ਚੱਕਰ ਅਸਲ ਵਿੱਚ ਕੋਰੋਨਾ ਹੁੰਦਾ ਹੈ, ਜੋ ਆਮ ਸਥਿਤੀਆਂ ਵਿੱਚ ਦਿਖਾਈ ਨਹੀਂ ਦਿੰਦਾ। ਵਰਤਮਾਨ ਵਿੱਚ, ਅਜਿਹਾ ਕੁਦਰਤੀ ਇਤਫ਼ਾਕ ਬਹੁਤ ਦੁਰਲੱਭ ਹੈ ਅਤੇ ਕਈ ਸਾਲਾਂ ਵਿੱਚ ਸਿਰਫ ਇੱਕ ਵਾਰ ਵਾਪਰਦਾ ਹੈ। ਸਮੱਸਿਆ ਇਹ ਹੈ ਕਿ ਪੂਰਨ ਸੂਰਜ ਗ੍ਰਹਿਣ ਗ੍ਰਹਿਣ ਦੀ ਇੱਕ ਅਵਸਥਾ ਹੈ ਜੋ ਸਿਰਫ ਕੁਝ ਪਲਾਂ ਲਈ ਰਹਿੰਦੀ ਹੈ, ਜਿਸ ਵਿੱਚ ਇੱਕ ਕਰੋਨਾ ਵਰਗੀ ਰਿੰਗ ਹੀਰੇ ਵਾਂਗ ਚਮਕਦੀ ਦਿਖਾਈ ਦਿੰਦੀ ਹੈ। ਕੁਝ ਪਲਾਂ ਦੇ ਇਸ ਸਮੇਂ ਵਿੱਚ ਕਾਫ਼ੀ ਵਿਗਿਆਨਕ ਨਿਰੀਖਣਾਂ ਨੂੰ ਇਕੱਠਾ ਕਰਨਾ ਅਸੰਭਵ ਹੈ। ਪ੍ਰੋਬਾ-3 ਰਾਹੀਂ ਇਸ ਅਸੰਭਵ ਕੰਮ ਨੂੰ ਸੰਭਵ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ।ਹੈ। ਦਰਅਸਲ, ਜਦੋਂ ਧਰਤੀ ਦੇ ਇੱਕ ਨਿਸ਼ਚਿਤ ਚੱਕਰ ਵਿੱਚ ਸਥਾਪਿਤ ਕੀਤਾ ਜਾਂਦਾ ਹੈ, ਤਾਂ ਪ੍ਰੋਬਾ-3 ਦੇ ਇਹ ਦੋਵੇਂ ਉਪਗ੍ਰਹਿ (ਕੋਰੋਨਾਗ੍ਰਾਫ ਅਤੇ ਆਕੂਲਟਰ) ਇੱਕ ਦੂਜੇ ਤੋਂ ਲਗਭਗ 150 ਮੀਟਰ ਦੀ ਦੂਰੀ 'ਤੇ ਉੱਡਦੇ ਰਹਿਣਗੇ। ਇਸ ਤਰ੍ਹਾਂ, ਇਹ ਦੋਵੇਂ ਉਪਗ੍ਰਹਿ ਅਗਲੇ ਦੋ ਸਾਲਾਂ ਵਿਚ ਸੈਂਕੜੇ ਵਾਰ ਅਜਿਹੀ ਸਥਿਤੀ ਵਿਚ ਹੋਣਗੇ ਜਦੋਂ ਇਹ ਇਕ ਦੂਜੇ ਤੋਂ 492 ਫੁੱਟ ਦੀ ਦੂਰੀ 'ਤੇ ਆਉਣਗੇ, ਤਾਂ ਜੋ ਇਕ ਉਪਗ੍ਰਹਿ 'ਤੇ ਸਥਾਪਿਤ ਕੀਤੀ ਗਈ ਡਿਸਕ 'ਤੇ ਸਥਾਪਿਤ ਟੈਲੀਸਕੋਪ ਨੂੰ ਕਾਸਟ ਕਰ ਸਕੇ। ਇਸਦੇ ਪਰਛਾਵੇਂ ਵਿੱਚ ਹੋਰ ਉਪਗ੍ਰਹਿ। ਜਦੋਂ ਅਜਿਹਾ ਪਰਛਾਵਾਂ ਪੈਂਦਾ ਹੈ, ਤਾਂ ਇੱਕ ਸੰਪੂਰਨ ਨਕਲੀ ਕੁੱਲ ਸੂਰਜ ਗ੍ਰਹਿਣ ਬਣਾਇਆ ਜਾਵੇਗਾ। ਪ੍ਰੋਬਾ-3 ਉਪਗ੍ਰਹਿ ਸੈਂਕੜੇ ਗੁਣਾ ਜ਼ਿਆਦਾ ਨਕਲੀ ਹਨ ਸੂਰਜ ਗ੍ਰਹਿਣ ਲੱਗਣਗੇ, ਜਿਨ੍ਹਾਂ ਵਿੱਚੋਂ ਹਰ ਇੱਕ ਛੇ ਘੰਟੇ ਤੱਕ ਚੱਲੇਗਾ। ਅਜਿਹੀ ਸਥਿਤੀ ਵਿੱਚ, ਵਿਗਿਆਨੀ ਆਪਣੇ ਉਪਕਰਣਾਂ ਨਾਲ ਵਿਆਪਕ ਨਿਰੀਖਣ ਕਰਕੇ ਕੋਰੋਨਾ ਦੀ ਚੰਗੀ ਤਰ੍ਹਾਂ ਜਾਂਚ ਕਰਨ ਵਿੱਚ ਸਫਲ ਹੋ ਸਕਦੇ ਹਨ। ਕੋਰੋਨਾ, ਜੋ ਕਈ ਗੁਣਾ ਜ਼ਿਆਦਾ ਗਰਮ ਹੁੰਦਾ ਹੈ, ਜ਼ਿਆਦਾ ਤਾਪਮਾਨ ਹੋਣ ਦੇ ਬਾਵਜੂਦ ਘੱਟ ਰੋਸ਼ਨੀ ਫੈਲਾਉਂਦਾ ਹੈ। ਇਹ ਇੱਕ ਰਹੱਸ ਹੈ ਜਿਸ ਨੂੰ ਵਿਗਿਆਨੀ ਹੱਲ ਕਰਨਾ ਚਾਹੁੰਦੇ ਹਨ। ਇਸ ਤੋਂ ਇਲਾਵਾ ਵਿਸਫੋਟ ਦੇ ਰੂਪ 'ਚ ਨਿਕਲਣ ਵਾਲੀਆਂ ਸੂਰਜੀ ਅੱਗਾਂ ਯਾਨੀ 'ਕੋਰੋਨਲ ਮਾਸ ਇਜੈਕਸ਼ਨ' (ਸੀ.ਐੱਮ.ਈ.) ਨੂੰ ਸਮਝਣ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਕਿਉਂਕਿ ਇਸ ਵਿਸਫੋਟ ਦੌਰਾਨ ਯਾਨੀ CME, ਵੱਡੀ ਮਾਤਰਾ ਵਿੱਚ ਕੋਰੋਨਾ ਜਦੋਂ ਸੂਰਜ ਦੀ ਸਤ੍ਹਾ ਤੋਂ ਪਲਾਜ਼ਮਾ ਅਤੇ ਚੁੰਬਕੀ ਰੇਡੀਏਸ਼ਨ ਨਿਕਲਦੀ ਹੈ, ਤਾਂ ਇਹ ਸਾਡੀ ਧਰਤੀ ਨੂੰ ਪ੍ਰਭਾਵਿਤ ਕਰਦੀ ਹੈ। ਇਹ ਰੇਡੀਏਸ਼ਨ ਖਾਸ ਤੌਰ 'ਤੇ ਦੂਰਸੰਚਾਰ ਨੈਟਵਰਕ, ਸੰਚਾਰ ਉਪਗ੍ਰਹਿ ਅਤੇ ਪਾਵਰ ਗਰਿੱਡ ਦੇ ਸੰਚਾਲਨ ਵਿੱਚ ਵਿਘਨ ਦਾ ਕਾਰਨ ਬਣਦੀ ਹੈ। ਅਜਿਹੇ 'ਚ ਜੇਕਰ ਕੋਰੋਨਾ ਅਤੇ ਇਸ ਤੋਂ ਪੈਦਾ ਹੋਣ ਵਾਲੇ ਵਿਸਫੋਟਕ ਰੇਡੀਏਸ਼ਨ ਦਾ ਰਹੱਸ ਸੁਲਝਾ ਲਿਆ ਜਾਵੇ ਤਾਂ ਸੂਰਜੀ ਅੱਗ ਤੋਂ ਬਚਾਅ ਦੇ ਕਾਰਗਰ ਤਰੀਕੇ ਵੀ ਲੱਭੇ ਜਾ ਸਕਦੇ ਹਨ।

# ਘੱਟ ਸਮੇਂ ਵਿੱਚ ਬੋਰਡ ਪ੍ਰੀਖਿਆਵਾਂ ਲਈ ਪ੍ਰਭਾਵਸ਼ਾਲੀ ਢੰਗ ਨਾਲ ਅਧਿਐਨ ਕਰਨ ਲਈ ਸੁਝਾਅ

ਜੇਕਰ ਤੁਸੀਂ ਆਉਣ ਵਾਲੀ ਪ੍ਰੀਖਿਆ ਲਈ ਅਧਿਐਨ ਕਰਨਾ ਹੈ, ਪਰ ਤੁਹਾਡੇ ਕੋਲ ਤਿਆਰੀ ਲਈ ਘੱਟ ਸਮਾਂ ਹੈ, ਤਾਂ ਪ੍ਰੀਖਿਆ ਲਈ ਚੰਗੀ ਤਰ੍ਹਾਂ ਅਧਿਐਨ ਕਰਨ ਲਈ ਇਹਨਾਂ ਟਿਪਸ ਅਤੇ ਟ੍ਰਿਕਸ ਦੀ ਪਾਲਣਾ ਕਰੋ। ਘੱਟ ਸਮੇਂ ਵਿੱਚ ਇਮਤਿਹਾਨਾਂ ਲਈ ਅਧਿਐਨ ਕਰਨ ਲਈ ਇੱਥੇ ਕੁਝ ਮਹੱਤਵਪੂਰਨ ਸੁਝਾਅ ਜਾਣੋ। ਫਾਈਨਲ ਇਮਤਿਹਾਨਾਂ ਲਈ ਡੇਟ ਸ਼ੀਟਾਂ ਦਾ ਐਲਾਨ ਕੀਤਾ ਜਾ ਰਿਹਾ ਹੈ, ਵਿਦਿਆਰਥੀ ਪ੍ਰੀਖਿਆਵਾਂ ਵਿੱਚ ਵਧੀਆ ਅੰਕ ਹਾਸਲ ਕਰਨ ਲਈ ਆਪਣੇ ਆਪ ਨੂੰ ਤਿਆਰ ਕਰ ਰਹੇ ਹਨ। ਹਾਲਾਂਕਿ, ਜ਼ਿਆਦਾਤਰ ਵਿਦਿਆਰਥੀ ਇਸ ਗੱਲ ਨੂੰ ਲੈ ਕੇ ਉਲਝਣ ਵਿੱਚ ਹਨ ਕਿ ਇਮਤਿਹਾਨਾਂ ਦੀ ਤਿਆਰੀ ਕਿਵੇਂ ਕੀਤੀ ਜਾਵੇ ਕਿਉਂਕਿ ਉਨ੍ਹਾਂ ਨੂੰ ਕੁਝ ਹਫ਼ਤਿਆਂ ਵਿੱਚ ਇੱਕ ਸਾਲ ਦਾ ਪੂਰਾ ਸਿਲੇਬਸ ਪੂਰਾ ਕਰਨਾ ਹੁੰਦਾ ਹੈ। ਚਿੰਤਾ ਨਾ ਕਰੋ! ਜੇਕਰ ਤੁਸੀਂ ਆਉਣ ਵਾਲੀ ਪ੍ਰੀਖਿਆ ਲਈ ਅਧਿਐਨ ਕਰਨਾ ਹੈ, ਪਰ ਤੁਹਾਡੇ ਕੋਲ ਤਿਆਰੀ ਲਈ ਘੱਟ ਸਮਾਂ ਹੈ, ਤਾਂ ਪ੍ਰੀਖਿਆ ਲਈ ਚੰਗੀ ਤਰ੍ਹਾਂ ਅਧਿਐਨ ਕਰਨ ਲਈ ਇਹਨਾਂ ਟਿਪਸ ਅਤੇ ਟ੍ਰਿਕਸ ਦੀ ਪਾਲਣਾ ਕਰੋ। ਇਹ ਸੁਝਾਅ ਮਦਦਗਾਰ ਹੁੰਦੇ ਹਨ ਭਾਵੇਂ ਤੁਹਾਡੇ ਕੋਲ ਕੁਝ ਮਹੀਨੇ ਹਨ ਜਾਂ ਜੇ ਤੁਹਾਡੇ ਕੋਲ ਪ੍ਰੀਖਿਆਵਾਂ ਲਈ ਕੁਝ ਦਿਨ ਹਨ। ਘੱਟ ਸਮੇਂ ਵਿੱਚ ਇਮਤਿਹਾਨਾਂ ਲਈ ਅਧਿਐਨ ਕਰਨ ਲਈ ਇੱਥੇ ਸੁਝਾਅ-

**1. ਪਿਛਲੇ ਸਾਲਾਂ ਦੇ ਪ੍ਰਸ਼ਨ ਪੱਤਰਾਂ ਦਾ ਵਿਸ਼ਲੇਸ਼ਣ ਕਰੋ -** ਤੁਹਾਡੇ ਕੋਲ ਹਰ ਚੀਜ਼ ਦਾ ਅਧਿਐਨ ਕਰਨ ਲਈ ਪਹਿਲਾਂ ਹੀ ਘੱਟ ਸਮਾਂ ਬਚਿਆ ਹੈ, ਇਸ ਲਈ ਪ੍ਰੀਖਿਆਵਾਂ ਵਿੱਚ ਚੰਗੇ ਅੰਕ ਪ੍ਰਾਪਤ ਕਰਨ ਲਈ, ਤੁਹਾਨੂੰ ਆਪਣੇ ਸਮੇਂ ਦੀ ਕੁਸ਼ਲਤਾ ਨਾਲ ਵਰਤੋਂ ਕਰਨ ਦੀ ਲੋੜ ਹੈ। ਤੁਹਾਨੂੰ ਆਪਣੀਆਂ ਆਉਣ ਵਾਲੀਆਂ ਪ੍ਰੀਖਿਆਵਾਂ ਲਈ ਸਿਲੇਬਸ ਦੇ ਅਨੁਸਾਰ ਪਿਛਲੇ ਸਾਲਾਂ ਦੇ ਪ੍ਰਸ਼ਨ ਪੱਤਰਾਂ ਦੇ ਵਿਸ਼ਲੇਸ਼ਣ ਨਾਲ ਸ਼ੁਰੂ ਕਰਨ ਦੀ ਜ਼ਰੂਰਤ ਹੈ। ਇਸਦੇ ਲਈ ਤੁਹਾਨੂੰ ਹੇਠ ਲਿਖੇ ਕੰਮ ਕਰਨੇ ਪੈਣਗੇ- ਘੱਟੋ-ਘੱਟ 5-10 ਸਾਲਾਂ ਲਈ ਪਿਛਲੇ ਸਾਲਾਂ ਦੇ ਪ੍ਰਸ਼ਨ ਪੱਤਰ ਇਕੱਠੇ ਕਰੋ ਵੱਖ-ਵੱਖ ਅਧਿਆਵਾਂ ਤੋਂ ਪ੍ਰਸ਼ਨਾਂ ਦੇ ਭਾਰ ਦੀ ਜਾਂਚ ਕਰੋ, ਤਾਂ ਜੋ ਅਧਿਆਵਾਂ ਨੂੰ ਵਧੇਰੇ ਭਾਰ ਅਤੇ ਘੱਟ ਮਹੱਤਵਪੂਰਨ ਅਧਿਆਵਾਂ ਦੀ ਪਛਾਣ ਕੀਤੀ ਜਾ ਸਕੇ ਤੁਸੀਂ ਉਹਨਾਂ ਪ੍ਰਸ਼ਨਾਂ ਅਤੇ ਅਧਿਆਵਾਂ ਨੂੰ ਜਾਣੋਗੇ ਜੋ ਔਖੇ, ਔਸਤ ਅਤੇ ਆਸਾਨ ਪੱਧਰ ਦੇ ਹਨ। ਇਹ ਤੁਹਾਨੂੰ ਹਰ ਅਧਿਆਏ ਦੇ ਮਹੱਤਵਪੂਰਨ ਵਿਸ਼ਿਆਂ ਨੂੰ ਸਮਝਣ ਵਿੱਚ ਮਦਦ ਕਰੇਗਾ ਜਿਨ੍ਹਾਂ ਦਾ ਤੁਹਾਨੂੰ ਇਮਤਿਹਾਨਾਂ ਲਈ ਅਧਿਐਨ ਕਰਨਾ ਚਾਹੀਦਾ ਹੈ।

**2. ਪਹਿਲ ਦੇ ਅਨੁਸਾਰ ਇੱਕ ਅਧਿਐਨ ਅਨੁਸੂਚੀ ਸੈਟ ਕਰੋ-** ਹੁਣ ਤੁਹਾਨੂੰ ਪ੍ਰਸ਼ਨਾਂ ਦੀ ਗਿਣਤੀ, ਅੰਕਾਂ ਦੇ ਭਾਰ ਅਤੇ ਮੁਸ਼ਕਲ ਪੱਧਰ ਦੇ ਅਨੁਸਾਰ ਮਹੱਤਵਪੂਰਨ ਅਧਿਆਵਾਂ ਲਈ ਤਰਜੀਹ ਨਿਰਧਾਰਤ ਕਰਨ ਦੀ ਲੋੜ ਹੈ। ਤਰਜੀਹੀ ਸੂਚੀ ਦੇ ਅਨੁਸਾਰ ਹਰੇਕ ਅਧਿਆਏ ਲਈ ਸਮਾਂ ਨਿਰਧਾਰਤ ਕਰੋ ਅਤੇ ਅਧਿਆਵਾਂ ਨੂੰ ਵਧੇਰੇ ਭਾਰ ਜਾਂ ਆਸਾਨ ਅਧਿਆਵਾਂ ਨਾਲ ਸ਼ੁਰੂ ਕਰੋ, ਤਾਂ ਜੋ ਤੁਸੀਂ ਮੁਸ਼ਕਲ ਅਧਿਆਵਾਂ ਦੀ ਤਿਆਰੀ ਲਈ ਆਪਣਾ ਸਮਾਂ ਅਤੇ ਮਿਹਨਤ ਬਚਾ ਸਕੋ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ, ਆਪਣੇ ਟਾਈਮ ਟੇਬਲ/ਸਟੱਡੀ ਪਲਾਨ ਵਿੱਚ ਅਕਸਰ ਬਦਲਾਅ ਨਾ ਕਰੋ। ਸਿਰਫ਼ ਤਰਜੀਹੀ ਸੂਚੀ ਦੇ ਅਨੁਸਾਰ ਅਧਿਐਨ ਦਾ ਸਮਾਂ ਨਿਰਧਾਰਤ ਕਰੋ ਅਤੇ ਬਿਹਤਰ ਨਤੀਜਿਆਂ ਲਈ ਇਸ ਦੀ ਪਾਲਣਾ ਕਰੋ।

**3. ਅਧਿਐਨ ਕਰਦੇ ਸਮੇਂ ਅੰਕ ਬਣਾਓ-** ਜਦੋਂ ਤੁਸੀਂ ਆਪਣੀ ਤਿਆਰੀ ਸ਼ੁਰੂ ਕਰਦੇ ਹੋ, ਤਾਂ ਉਸ ਵਿਸ਼ੇ ਨੂੰ ਪੜ੍ਹੋ ਜੋ ਤੁਹਾਨੂੰ ਸਿੱਖਣ ਦੀ ਲੋੜ ਹੈ, ਅਤੇ ਫਿਰ ਆਸਾਨੀ ਨਾਲ ਸਿੱਖਣ ਲਈ ਪੁਆਇੰਟਰ ਵਾਕ ਬਣਾ । ਇਸ ਨੂੰ ਸਰਲ ਬਣਾਉਣ ਲਈ, ਤੁਸੀਂ ਜਵਾਬਾਂ ਅਤੇ ਸੰਬੰਧਿਤ ਵਿਸ਼ਿਆਂ ਨੂੰ ਦਰਸਾਉਣ ਲਈ ਬੁਲੇਟ, ਨੰਬਰਿੰਗ, ਵਿਸ਼ੇਸ਼ ਚਿੰਨ੍ਹ, ਜਾਂ ਮਾਈਂਡ ਮੈਪਿੰਗ ਯਾਨੀ ਡਾਇਗ੍ਰਾਮ ਦੀ ਵਰਤੋਂ ਕਰ ਸਕਦੇ ਹੋ।

**4. ਪੜ੍ਹਾਈ ਦੌਰਾਨ ਸਿਰਫ਼ ਉਹੀ ਚੀਜ਼ਾਂ ਰੱਖੋ ਜਿਨ੍ਹਾਂ ਦੀ ਤੁਹਾਨੂੰ ਜ਼ਰੂਰਤ ਹੁੰਦੀ ਹੈ-** ਆਮ ਤੌਰ 'ਤੇ, ਅਜਿਹਾ ਹੁੰਦਾ ਹੈ ਕਿ ਵਿਦਿਆਰਥੀ ਪੜ੍ਹਾਈ ਦੌਰਾਨ ਆਪਣੇ ਮੋਬਾਈਲ, ਲੈਪਟਾਪ, ਟੈਬਲੇਟ ਆਪਣੇ ਨਾਲ ਲੈ ਜਾਂਦੇ ਹਨ ਜੋ ਲਗਾਤਾਰ ਉਨ੍ਹਾਂ ਦਾ ਧਿਆਨ ਭਟਕਾਉਂਦੇ ਹਨ। ਤੁਹਾਨੂੰ ਪੜ੍ਹਾਈ ਦੇ ਦੌਰਾਨ ਕਦੇ ਵੀ ਅਜਿਹੇ ਉਪਕਰਣ ਨਹੀਂ ਰੱਖਣੇ ਚਾਹੀਦੇ, ਇਸ ਨਾਲ ਤੁਹਾਡੀ ਇਕਾਗਰਤਾ ਪ੍ਰਭਾਵਿਤ

**(ਬਾਕੀ ਅਗਲੇ ਸਫੇ 'ਤੇ)**



ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

## ਬਲਬੀਰ ਟਾਂਡਾ ਦਾ ਗਿਲਾ ਦਿਲਜੀਤ ਨਹੀਂ ਲੈਂਦਾ ਨਾਮ

ਨਾਰਵੇ ਵਾਲੇ ਪੰਜਾਬੀ ਫ਼ਿਲਮਾਂ ਦੇ ਨਿਰਮਾਤਾ ਬਲਬੀਰ ਟਾਂਡਾ ਨੂੰ ਇਸ ਗੱਲ ਦਾ ਭਾਰੀ ਗਿਲਾ ਹੈ ਕਿ ਉਸ ਨੇ "ਲਾਈਨ ਆਫ ਪੰਜਾਬ" ਫ਼ਿਲਮ ਗੁੱਡੂ ਧਨੋਆ ਦੇ ਨਿਰਦੇਸ਼ਨ ਵਿੱਚ ਬਣਾਈ ਤੇ ਇਸ ਦਾ ਹੀਰੋ ਦਿਲਜੀਤ ਦੋਸਾਂਝ ਸੀ ਤੇ ਤਦ ਦਿਲਜੀਤ ਦੇ ਕੈਰੀਅਰ ਲਈ ਇਹ ਅਹਿਮ ਫ਼ਿਲਮ ਸੀ ਪਰ ਦਿਲਜੀਤ ਦੋਸਾਂਝ ਕਦੇ ਵੀ ਉਹਨਾਂ ਦਾ ਜ਼ਿਕਰ ਨਹੀਂ ਕਰਦਾ ਕਿ ਬਲਬੀਰ ਟਾਂਡਾ ਦੀ ਫ਼ਿਲਮ ਉਹਨਾਂ ਸ਼ੁਰੂਆਤੀ ਦਿਨਾਂ ਵਿੱਚ ਕੀਤੀ ਸੀ। ਦਿਲਜੀਤ ਦੋਸਾਂਝ ਅੱਜ ਇੰਟਰਨੈਸ਼ਨਲ ਚਿਹਰਾ ਨੇ ਤੇ ਟਰੂਡੋ ਤੋਂ ਬਾਅਦ ਪੀ ਐਮ ਨਰਿੰਦਰ ਮੋਦੀ ਨਾਲ ਹ ਮਿਲੇ ਹਨ। ਬਲਬੀਰ ਟਾਂਡਾ ਨੇ "ਵੈਰੀ "ਤੋਂ "ਧੀ ਜੱਟ ਦੀ" "ਤਬਾਹੀ ਰਿਲੋਡਡ" ਤੱਕ ਕਈ ਮੂਵੀਜ਼ ਬਣਾਈਆਂ ਨੇ ਤੇ ਕਾਮਯਾਬ ਨਿਰਮਾਤਾ ਹਨ। ਨੇਕ ਇਨਸਾਨ ਤੇ ਨਿਰਮਾਤਾ ਬਲਬੀਰ ਟਾਂਡਾ ਹੈ ਤੇ ਸਹੀ ਪਰ ਸਾਬ ਨੂੰ ਕੌਣ ਆਖੇ ਇੰਜ ਨਹੀਂ ਇੰਜ ਕਰ।




## ਮਨਜੀਤ ਸਰਾਂ ਨੇ ਪੰਜਾਬ ਨਵਾਂ ਸਾਲ ਨਵੇਂ ਕੰਮ

ਮਨਜੀਤ ਸਰਾਂ "ਕਬਜ਼ਾ" "ਵਾਰਿਸ" ਫ਼ਿਲਮਾਂ ਦੇ ਨਿਰਦੇਸ਼ਕ ਤੇ ਅੱਜ ਕੱਲ ਚੋਟੀ ਦੇ ਲੇਖਕ ਹਨ ਟੋਰਾਂਟੋ ਆਪਣਾ ਫ਼ਿਲਮ ਸਟੂਡੀਓ ਚਲਾ ਰਹੇ ਹਨ, ਆਪਣੇ ਵਤਨ ਪੰਜਾਬ ਹਨ। ਘਰੇਲੂ ਖੁਸ਼ੀਆਂ ਉਹਨਾਂ ਦੇ ਘਰੇ ਆ ਰਹੀਆਂ ਹਨ। ਕੋਰੋਟਾਣਾ ਪਿੰਡ ਉਹਨਾਂ ਦੀਆਂ ਖੁਸ਼ੀਆਂ ਦਾ ਗਵਾਹ ਬਣ ਰਿਹਾ ਹੈ। ਸਰਾਂ ਹੁਣ ਜਲਦੀ ਵੇਹਲੇ ਹੋ ਕਿ ਵੱਡੇ ਇਤਿਹਾਸਕ ਦੁਖਾਂਤ ਤੇ ਸ਼ਾਨਦਾਰ ਪੀਰਿਯਡ ਫ਼ਿਲਮ ਕਰਨ ਜਾ ਰਹੇ ਹਨ। ਸਟਾਰ ਬਾਲੀਵੁੱਡ ਤੇ ਪਾਲੀਵੁੱਡ ਤੋਂ ਹੋਣਗੇ। ਮਨਜੀਤ ਸਰਾਂ ਦੀ ਇਹ ਨਵੀਂ ਫ਼ਿਲਮ ਇੱਕ ਇਤਿਹਾਸ ਦਾ ਸੁਨਹਿਰੀ ਵਰਕਾ ਬਣੇਗੀ। ਮਨਜੀਤ ਸਰਾਂ ਕਲ ਦੇ ਪਤਰਕਾਰ, ਅੱਜ ਦੇ ਫ਼ਿਲਮਸਾਜ਼ ਤੇ ਭਵਿੱਖ ਦੇ ਪੰਜਾਬ, ਪੰਜਾਬੀ ਪੰਜਾਬੀਅਤ ਦੇ ਚਿੰਤਕ ਫ਼ਿਲਮ ਅਜਿਹੀ ਦੇਣ ਜਾ ਰਹੇ ਹਨ ਕਿ ਲੋਕ ਕਿਹਾ ਕਰਨਗੇ ਕਯਾ ਬਾਤ ਹੈ, ਬਾਕੀ ਨਹੀਂ ਯਕੀਨ ਤਾਂ ਲਿਖ ਕਿ ਲੈ ਲ ।




## ਲਵ ਕੌਰ ਦੇ "ਰਿਸ਼ਤੇ ਨਾਤੇ" ਕਹਿਣ ਕੁੜੀ ਬਣੂੰ ਸਟਾਰ

25 ਜਨਵਰੀ ਨੂੰ ਆ ਰਹੀ ਫ਼ਿਲਮ "ਰਿਸ਼ਤੇ ਨਾਤੇ"ਦੀ ਕਲਾਕਾਰ ਲਵ ਕੌਰ ਆਖਦੀ ਹੈ ਕਿ ਨਵੇਂ ਸਾਲ ਉਸ ਦਾ ਕੈਰੀਅਰ ਚੋਟੀ ਵੱਲ ਵਧਣ ਵਾਲਾ ਹੈ ਤੇ ਨਿਰਦੇਸ਼ਕ ਨਸੀਬ ਰੰਧਾਵਾ ਦੀ ਉਹ ਧੰਨਵਾਦੀ ਹੈ ਜਿਸ ਉਸ ਨੂੰ ਫ਼ਿਲਮ ਲਈ ਸਹੀ ਚੋਣ ਮੰਨਿਆ ਤੇ ਸ਼ਾਨਦਾਰ ਕੰਮ ਕਰਵਾਇਆ ਹੈ। ਲਵ ਮਾਡਲ ਰਹੀ ਹੈ ਤੇ ਕੁੱਝ ਫ਼ਿਲਮਾਂ ਤੇ ਵੈੱਬ ਸੀਰੀਜ਼ ਉਸ ਨੇ ਕੀਤੀਆਂ ਹਨ। ਲਵ ਕੌਰ ਨਾਲ ਫ਼ਿਲਮ ਵਿੱਚ ਮਲਕੀਤ ਰੌਣੀ ਜਿਹੇ ਸਟਾਰ ਕਲਾਕਾਰਾਂ ਦਾ ਵੀ ਕੰਮ ਹੈ। ਲਵ ਅਨੁਸਾਰ ਯੂ ਕੇ ਵਿਖੇ ਇਹ ਫ਼ਿਲਮ ਸ਼ੂਟ ਕੀਤੀ ਗਈ ਤੇ ਉਸ ਨੇ ਇਸ ਫ਼ਿਲਮ ਦੇ ਸੈਟ ਤੇ ਪੂਰਾ ਮਜ਼ਾ ਲਿਆ ਤੇ ਨਸੀਬ ਰੰਧਾਵਾ ਨੇ ਹਰ ਸਹੂਲਤ ਉਸ ਨੂੰ ਮੁੱਹਈਆ ਕਾਰਵਾਈ। "ਰਿਸ਼ਤੇ ਨਾਤੇ* ਦੀ ਰਲੀਜ਼ ਬਾਅਦ ਲਵ ਕੌਰ ਦਾ ਫ਼ਿਲਮੀ ਕੈਰੀਅਰ ਕਿਸ ਪਾਸੇ ਜਾਣਾ ਹੈ, ਇਹ ਦੇਖਣਾ ਬਾਕੀ ਹੈ।



## ਕੁੜਤੀ ਮਲਮਲ ਦੀ "ਮੱਟੂ ਨੇ ਬਣਾਈ, ਸੰਧੂ ਦੀ ਸੁਨੇਹਾ ਨੂੰ ਪੁਆਈ

ਵਿਜੇ ਮੱਟੂ ਫਿਲਮੀ ਨਿਰਦੇਸ਼ਕ ਹਨ ਤੇ ਮੁੱਢ ਤੋਂ ਉਹ ਗਾਇਕ ਹਨ। ਕਈ ਫ਼ਿਲਮਾਂ ਲਈ ਗਾ ਚੁੱਕੇ ਮੱਟੂ ਨੇ ਨਵੇਂ ਸਾਲ ਆਪਣੀ ਗਾਇਕੀ ਉੱਚ ਪੱਧਰੀ ਬਣਾਉਣ ਲਈ ਰਮਣੀਕ ਗੀਤ "ਕੁੜਤੀ ਮਲਮਲ ਦੀ" ਰਲੀਜ਼ ਪਰਲ ਮਿਊਜ਼ਿਕ ਤੋ ਕਰਵਾਇਆ ਹੈ। ਇਸ ਐਲਬਮ ਗਾਣੇ ਵਿੱਚ ਫ਼ਿਲਮ ਅਦਾਕਾਰ ਗੁਰਦੀਪ ਸੰਧੂ ਨੂੰ ਰਿਸ਼ੀ ਕਪੂਰ ਦੀ ਤਰਾਂ ਰੋਮਾਂਟਿਕ ਮਾਡਲ ਲਿਆ ਹੈ ਤੇ ਨਾਲ ਬੰਗਲਾ ਫ਼ਿਲਮਾਂ ਦੀ ਨਾਇਕਾ ਸੁਨੇਹਾ ਘੋਸ਼ ਹੈ। ਸੰਜੀਵ ਸੂਦ ਨੇ "ਕੁੜਤੀ ਮਲਮਲ ਦੀ" ਵਿਜੇ ਮੱਟੂ ਤੋ ਲੈਣ ਬਾਅਦ ਅਜਿਹੀ ਮਾਰਕੀਟ ਵਿੱਚ ਪੇਸ਼ ਕੀਤੀ ਹੈ ਕਿ ਗ੍ਰਾਹਕੀ ਵਾਧੂ ਹੈ। ਗੁਰਦੀਪ ਸੰਧੂ ਚੜ੍ਹਦੇ ਸਾਲ ਹੀ ਰੋਮਾਂਟਿਕ ਇਮੇਜ ਵਿੱਚ ਛਾ ਗਏ ਹਨ।



## ਆਤਮਾ ਬੁੱਢੇਵਾਲ ਵੀ ਹੀਰੋ ਹੈ ਰਾਮ ਜੀ ਦੀ ਕਿਰਪਾ ਨਾਲ

ਆਤਮਾ ਤੇ ਰੋਜ਼ੀ ਨਾਮ ਹੌਟ ਕੇਕ ਦੀ ਤਰਾਂ ਵਿਕਿਆ, ਖੈਰ ਭਾਂਡੇ ਖੜਕ ਹੀ ਪੈਂਦੇ ਨੇ ਪਰ ਆਪਣੇ ਆਪਣੇ ਰਾਹ ਆਤਮਾ ਬੁੱਢੇਵਾਲ ਸੈਟ ਹਨ। ਵਿਸ਼ਵ ਸੰਗੀਤ ਕੰਪਨੀ ਆਰ ਜੇ ਬੀਟਸ ਨੇ ਐਸ ਕੌਰ ਨਾਲ ਲਖਵਿੰਦਰ ਤੇ ਨਰੇਸ਼ ਦੀ ਨਿਰਦੇਸ਼ਕ ਜੋੜੀ ਤੋਂ ਗਾਣਾ ਆਤਮਾ ਬੁੱਢੇਵਾਲ ਨੂੰ ਲੈਣ ਬਾਅਦ ਵੀਡਿਓ ਬਣਾ ਲਿਆ ਹੈ। ਗਾਣੇ ਦੇ ਪੇਸ਼ਕਾਰ ਰਾਮ ਜੀ ਭੋਗਪੁਰ ਹਨ ਤੇ ਉਹਨਾਂ ਅਨੁਸਾਰ "ਵਿਰਲਾ ਜੱਟ" ਨਾਂ ਤੇ ਇਹ ਗੀਤ ਆਏਗਾ। ਵਿਸ਼ਵ ਪੱਧਰ ਤੇ ਆਤਮਾ ਬੁੱਢੇਵਾਲ ਦਾ ਇਹ ਟਰੈਕ ਚਰਚਿਤ ਕਰਨ ਲਈ ਬੰਨੀ ਸ਼ਰਮਾ ਤੇ ਮਨੀਸ਼ ਸ਼ਰਮਾ ਦੀਆਂ ਸੇਵਾਵਾਂ ਰਾਮ ਜੀ ਨੇ ਲਈਆਂ ਹਨ। ਐਸ ਕੌਰ ਦੀ ਜਾਣੀਏ ਤਾਂ ਆਤਮਾ ਬੁੱਢੇਵਾਲ ਨਾਲ ਗਾਉਣਾ ਵਧੀਆ ਲੱਗਦਾ ਹੈ ਤੇ ਆਤਮਾ ਅਨੁਸਾਰ "ਵਿਰਲਾ ਜੱਟ,"ਸੁਣ ਕੋਈ ਵਿਰਲਾ ਹੀ ਹੋਊ ਜਿਹੜਾ ਕਹੇ ਕਿ ਕਾਸ਼ ਉਹ ਇਹ ਗਾਣਾ ਤਿਆਰ ਹੁੰਦੇ ਦੇਖਦਾ ਵਰਨਾ ਸਾਰੇ ਆਖਣਗੇ ਕਿ ਲੱਗਦਾ ਜਿਵੇਂ ਗਾਣਾ ਹੀ ਉਹਨਾਂ ਤੇ ਹੋਏ।



## ਰਾਸ਼ੀ ਮਿਲਗੀ ਅਸ਼ੋਕ ਪੁਰੀ ਤੇ ਅਵਿਨਾਸ਼ ਰਾਏ ਖੰਨਾ ਦੀ

ਅਵਿਨਾਸ਼ ਰਾਏ ਭਾਜਪਾ ਦੇ ਰਾਸ਼ਟਰੀ ਨੇਤਾ ਤੇ ਸੰਸਦ ਮੈਂਬਰ ਹਨ ਤੇ ਸਾਹਿਤਕਾਰ ਵੀ ਨੇ ਤੇ "ਗੋਲਡ ਮੈਡਲ ਦਾ ਦਹੇਜ" ਉਹਨਾਂ ਦੀ ਕਹਾਣੀ ਤੇ ਉਹਨਾਂ ਦੀ ਰਾਸ਼ੀ ਮੇਖ ਦੇ ਅਸ਼ੋਕ ਪੁਰੀ ਨੇ ਵੈੱਬ ਫ਼ਿਲਮ ਬਣਾਈ ਹੈ। ਸਭ ਸਹੀ ਰਿਹਾ ਤਾਂ ਬੇਟੀ ਬਚਾਓ ਬੇਟੀ ਪੜ੍ਹਾ ਤੇ ਇਹ ਫ਼ਿਲਮ ਦੂਰਦਰਸ਼ਨ ਤੇ ਪ੍ਰਸਾਰਿਤ ਹੋਏਗੀ । ਵੈਸੇ ਵੱਡੀਆਂ ਓ ਟੀ ਕੰਪਨੀਆਂ ਵੀ ਫ਼ਿਲਮ ਵਿੱਚ ਦਿਲਚਸਪੀ ਰੱਖ ਰਹੀਆਂ ਹਨ । ਅਸ਼ੋਕ ਪੁਰੀ,ਆਰਤੀ ਸਿੰਘ, ਵਿਨੀਤ ਅਟਵਾਲ ਤੇ ਨੈਂਸੀ ਅਰੋੜਾ ਦੇ ਨਾਲ ਰੇਣੁਕਾ ਫ਼ਿਲਮ ਦੇ ਮੁੱਖ ਸਿਤਾਰੇ ਹਨ। ਕੁਮਾਰ ਵਿਨੋਦ ਪਲੇ ਬੈਕ ਗਾਇਕ ਨੇ ਤੇ ਅੰਜੂ ਵੀ ਰੱਤੀ ਦੇ ਗੀਤ ਨੇ ਫ਼ਿਲਮ ਵਿੱਚ ਜਾਨ ਭਰ ਦਿੱਤੀ ਹੈ। ਫ਼ਿਲਮ ਨੂੰ ਅਸ਼ੋਕ ਪੁਰੀ ਸਾਬ ਐਵਾਰਡ ਪੱਕਾ ਲਿਖ ਕੇ ਲੈ ਲੋ ।




## ਸਾਡੀਆਂ ਜੁਗਾਂ ਤੋਂ ਰਾਤਾਂ

ਸਾਡੀਆਂ ਜੁਗਾਂ ਤੋਂ ਰਾਤਾਂ ਲੰਮੀਆਂ ਤੇ ਕਾਲੀਆਂ ।
ਦੱਸੋ ਅਸੀਂ ਕਿਹੜੇ ਹੀਲੇ ਬਾਲੀਏ ਦੀਵਾਲੀਆਂ।

ਫੁੱਟਪਾਥ, ਨਾਲਿਆਂ ਤੇ ਸਾਡੇ ਤਾਂ ਬਸੇਰੇ ਨੇ।
ਰਾਤਾਂ ਦੀ ਕੀ ਗੱਲ, ਸਾਡੇ ਦਿਨ ਵੀ ਹਨੇਰੇ ਨੇ।
ਸਿਰਾਂ ਤੇ ਹੰਡਾਈਏ ਧੁੱਪਾਂ, ਰਾਤਾਂ ਕਕਰਾਲੀਆਂ।
ਦੱਸੋ ਅਸੀਂ ਕਿਹੜੇ ਹੀਲੇ ......

ਝੋਲੀ ਵਿਚ ਬਾਲ, ਚੁੱਕ ਸਿਰੀਂ ਇੱਟਾਂ ਭਾਰੀਆਂ।
ਪੂਰੀਆਂ ਨਾ ਹੋਣ ਤਾਂ ਵੀ ਗਰਜਾਂ ਨਕਾਰੀਆਂ।
ਸਾਡੀਆਂ ਕਮਾਈਆਂ ਬਸ,ਘੂਰਾਂ ਘੱਪੇ ਗਾਲੀਆਂ।
ਦੱਸੋ ਅਸੀਂ ਕਿਹੜੇ ਹੀਲੇ ......

ਸੀਰੀ, ਪਾਲੀ, ਗੋਲੂ ਤੇ ਗੁਲਾਮ ਬਣੇ ਫਿਰਦੇ।
ਆਪਣੇ ਹੀ ਦੇਸ਼ 'ਚ ਰਿਫੂਜੀ ਬਣੇ ਚਿਰਦੇ।
ਗਲਾਂ 'ਚ ਗੁਲਾਮੀ ਦੀਆਂ ਪੈ ਗਈਆਂ ਪੰਜਾਲੀਆਂ।
ਦੱਸੋ ਅਸੀਂ ਕਿਹੜੇ ਹੀਲੇ ......

ਕਿਧਰੇ ਰੰਗੋਲੀਆਂ ਤੇ ਕਿਤੇ ਰੰਗ ਰਾਗ ਨੇ।
ਸਾਡੇ ਛੰਨਾਂ ਢਾਰਿਆਂ ਦੇ ਬੁਝਗੇ ਚਿਰਾਗ ਨੇ।
ਸੱਖਣੇ ਭੜੋਲੇ ਸਾਡੇ ਘਰਾਂ 'ਚ ਕੰਗਾਲੀਆਂ।
ਦੱਸੋ ਅਸੀਂ ਕਿਹੜੇ ਹੀਲੇ ......

ਵਿਹਲੜਾਂ ਲੁਟੇਰਿਆਂ ਨੇ ਹੱਕ ਸਾਡਾ ਖਾ ਲਿਆ।
ਕਰੂਏ, ਦੀਵਾਲੀਆਂ 'ਚ ਸਾਨੂੰ ਉਲਝਾ ਲਿਆ।
ਸਾਡੀਆਂ ਕਮਾਈਆਂ 'ਲਾਲ' ਵਿਹਲੜਾਂ ਸੰਭਾਲੀਆਂ।
ਦੱਸੋ ਅਸੀਂ ਕਿਹੜੇ ਹੀਲੇ ......

ਲਾਲ ਸਿੰਘ ਸੁਲਹਾਣੀ
98721 55120



## ਮਿਲ ਗਏ ਦਾਦੂ ਦਾਦੀ ਪਿਆਰੇ

ਪਰਦੇਸਾਂ ਵਿੱਚ ਰਹਿ ਕੇ ਉਸ ਨੇ,
ਪਿਆਰ ਮੇਰੇ ਸੰਗ ਪਾਇਆ,
ਦਿਲ ਤੜਪਾਇਆ।

ਨਾ ਕੋਈ ਉਸ ਦਾ ਫੋਨ ਹੈ ਆਇਆ,
ਨਾ ਉਹ ਆਪੇ ਆਇਆ,
ਬੜਾ ਸਤਾਇਆ।

ਤੋਤਲੀਆਂ ਤੋਤਲੀਆਂ ਗੱਲਾਂ ਨਾਲ,
ਘਰ ਵਿੱਚ ਰੌਲਾ ਪਾਇਆ,
ਦਿਲ ਪ੍ਰਚਾਇਆ।

ਦਾਦੂ ਆਜਾ ਦਾਦੀ ਆਜਾ,
ਦਿਲ ਨਹੀਂ ਲੱਗਦਾ,
ਬੜਾ ਰੁਲਾਇਆ।

ਗੁੱਸੇ ਦੇ ਵਿੱਚ ਆਕੇ ਉਸਨੇ,
ਘਰ ਵਿੱਚ ਖਲਲ ਪਾਇਆਂ,
ਮਨ ਭਟਕਾਇਆ।

ਮਿਲ ਗਏ ਦਾਦੂ ਦਾਦੀ ਪਿਆਰੇ,
ਗੱਲ ਵੱਕੜੀ ਉਹ ਪਾਏ,
ਭੰਗੜੇ ਪਾਏ।

– ਰਾਜਿੰਦਰ ਸਿੰਘ ਰਾਜਨ
ਪਠਾਨਕੋਟ



ਕਾਵਿ-ਵਿਅੰਗ

## ਤੱਕੜੀ ਤੋਂ ਢੋਲ ਤੱਕ

ਛੱਜ ਬੰਨ੍ਹਿਆਂ ਸਿਰ 'ਤੇ 'ਪ੍ਰਧਾਨਗੀ' ਦਾ
ਸੁਣ ਅਸਤੀਫਾ ਮਨ ਜਾਂਦਾ ਏ ਡੋਲ ਮੀਆਂ।

ਕਰ ਲਈ ਪਾਲਣਾ ਕੋਰਟ ਦੇ ਹੁਕਮ ਵਾਲ਼ੀ
ਬਾਦਲ ਦਲ ਦਾ ਬਦਲਿਆ 'ਖੋਲ' ਮੀਆਂ।

ਸਿੱਖ ਹਰਿਆਣਵੀ ਤਖਤ ਦੇ ਆਕੀਆਂ ਦਾ
ਲਗਦਾ ਕਰਨਗੇ 'ਬਿਸਤਰਾ ਗੋਲ' ਮੀਆਂ।

ਡੁਲ੍ਹ ਗਈ ਦਾਲ਼ ਬੇਸ਼ਰਮਾਂ ਦੀ ਲੋਕ ਹੱਸੇ
ਕਹਿੰਦੇ ਖਾਂਦੇ ਹੀ ਇੰਜ ਹਾਂ 'ਡੋਲ੍ਹ' ਮੀਆਂ।

ਬਣ ਬਣ 'ਚਤਰ' ਬਹਾਨੇ ਹਨ ਰੋਜ ਘੜਦੇ
ਬਿਨਾਂ 'ਕੁਫਰ' ਤੋਂ ਹੈ ਨਹੀਂ ਕੁੱਝ ਕੋਲ਼ ਮੀਆਂ।

ਪਾਇਆ ਭੋਗ ਪੰਜਾਬ ਵਿਚ 'ਤੱਕੜੀ' ਦਾ
ਜਾ ਹਰਿਆਣੇ 'ਚ ਫੜ ਲਿਆ 'ਢੋਲ' ਮੀਆਂ।

–ਤਰਲੋਚਨ ਸਿੰਘ ਦੁਪਾਲ ਪੁਰ
001-408-915-1268



## ਧੀਆਂ ਦੀ ਲੋਹੜੀ

ਪੁੱਤਰਾਂ ਤੇ ਧੀਆਂ ਵਿੱਚ ਫਰਕ ਨਾਂ ਕੋਈ
ਰੱਬ ਕੋਲੋਂ ਦਾਤ ਕਿਤੇ ਮੰਗ ਕੇ ਤਾਂ ਵੇਖਿਉ
ਪੁੱਤਰਾਂ ਤੋਂ ਵੱਧ ਤੁਹਾਨੂੰ ਮਿਲੇਗਾ ਪਿਆਰ
ਧੀਆਂ ਦੀ ਲੋਹੜੀ ਕਿਤੇ ਵੰਡ ਕੇ ਤਾਂ ਵੇਖਿਉ

ਧੀਆਂ ਪੁੱਤਾਂ ਤੋਂ ਵੀ ਲੱਗਣ ਪਿਆਰੀਆਂ
ਸੁੱਖ ਮਾਪਿਆਂ ਦੀ ਮੰਗਣ ਵਿਚਾਰੀਆਂ
ਸੰਗ ਇਨ੍ਹਾਂ ਦੀ ਦੇ ਵਿੱਚ, ਕਦੇ ਸੰਗ ਕੇ ਤਾਂ ਵੇਖਿਉ
ਪੁੱਤਰਾਂ ਤੋਂ ਵੱਧ ਤੁਹਾਨੂੰ ਮਿਲੇਗਾ ਪਿਆਰ
ਧੀਆਂ ਦੀ ਲੋਹੜੀ ਕਿਤੇ ਵੰਡ ਕੇ ਵੇਖਿਉ

ਹਰ ਪਾਸੇ ਮੱਲਾਂ, ਅੱਜ ਧੀਆਂ ਨੇ ਹੈ ਮਾਰੀਆਂ
ਦੱਸੋ ਕਿਹੜੀ ਗੱਲੋਂ ਘੱਟ, ਧੀਆਂ ਨੇ ਵਿਚਾਰੀਆਂ
ਦਿਲ ਧੀਆਂ ਦੇ ਪਿਆਰ ਵਿੱਚ, ਰੰਗ ਕੇ ਤਾਂ ਵੇਖਿਉ
ਪੁੱਤਰਾਂ ਤੋਂ ਵੱਧ ਤੁਹਾਨੂੰ ਮਿਲੇਗਾ ਪਿਆਰ
ਧੀਆਂ ਦੀ ਲੋਹੜੀ ਕਿਤੇ ਵੰਡ ਕੇ ਵੇਖਿਉ

ਧੀਆਂ ਅਤੇ ਕੂੰਜਾਂ ਦੀ, ਲੰਮੀ ਉਡਾਰੀ ਬਈ
ਜਾਣਾ ਪੈਂਦਾ ਉਥੇ, ਜਿਥੇ ਚੋਗ ਹੈ ਖਿਲਾਰੀ ਬਈ
ਸੱਚੀ ਰੱਬ ਕੋਲੋਂ ਖ਼ੈਰ ,ਕਿਤੇ ਮੰਗ ਕੇ ਤਾਂ ਵੇਖਿਉ
ਪੁੱਤਰਾਂ ਤੋਂ ਵੱਧ ਤੁਹਾਨੂੰ ਮਿਲੇਗਾ ਪਿਆਰ
ਧੀਆਂ ਦੀ ਲੋਹੜੀ ਕਿਤੇ ਵੰਡ ਕੇ ਵੇਖਿਉ

ਗ਼ੁਲਾਮੀ ਵਾਲਾ ਆਖੇ, ਧੀਆਂ ਜੱਗ ਉੱਤੇ ਸ਼ਾਨ ਏ
ਧੀਆਂ ਨਾਲ ਬੂਟੇ, ਸਾਰਾ ਵੱਸਦਾ ਜਹਾਨ ਏ
ਦਿਲੋਂ ਕਿਤੇ ਰਿਸਤਾ, ਗੰਢ ਕੇ ਤਾਂ ਵੇਖਿਉ
ਪੁੱਤਰਾਂ ਤੋਂ ਵੱਧ ਤੁਹਾਨੂੰ ਮਿ-ਲੇਗਾ ਪਿਆਰ
ਧੀਆਂ ਦੀ ਲੋਹੜੀ ਕਿਤੇ ਵੰਡ ਕੇ ਵੇਖਿਉ।



# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੀਫੋਰਨੀਆ) ਨੇ ਸਮੂਹ ਸੰਗਤ ਦੇ ਸਹਿਯੋਗ ਨਾਲ ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਪ੍ਰਕਾਸ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ

**ਸੈਕਰਾਮੈਂਟੋ (ਨਰੇਂਦਰ ਕੌਰ ਚੁੰਬਰ)–** ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੀਫੋਰਨੀਆ) ਨੇ ਸਮੂਹ ਸੰਗਤ ਦੇ ਸਹਿਯੋਗ ਨਾਲ ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਗੁਰਪੁਰਬ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਬੀਤੇ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਗੁਰੂਘਰ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਮਨਾਇਆ। ਇਸ ਮੌਕੇ ਗੁਰੂ ਘਰ ਦੇ ਜਥਾ ਭਾਈ ਮਨੋਹਰ ਸਿੰਘ, ਭਾਈ ਜੀਵਨ ਸਿੰਘ, ਭਾਈ ਗੁਰਦੀਪ ਸਿੰਘ ਤੇ ਭਾਈ ਅਮਰਜੀਤ ਸਿੰਘ ਨੇ ਬਹੁਤ ਹੀ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸੇ ਤਰ੍ਹਾਂ ਬੀਬੀ ਜਸਵੀਰ ਕੌਰ ਜੀ ਨੇ ਇਕ ਸ਼ਬਦ ਨਾਲ ਹਾਜਰੀ ਲਗਾਈ। ਇਸ ਦੇ ਨਾਲ ਹੀ ਭਾਰਤ ਦੀ ਪਹਿਲੀ ਅਧਿਆਪਕਾ ਮਾਤਾ ਸਾਵਿਤਰੀ ਬਾਈ ਫੂਲੇ ਜੀ ਅਤੇ ਬਾਬੂ ਹਰਦਾਸ ਜੀ ਜਿਨ੍ਹਾਂ ਨੇ ਜੈ ਭੀਮ ਦਾ ਨਾਅਰਾ ਦਿੱਤਾ, ਨੂੰ ਭੀ ਉਨ੍ਹਾਂ ਦੇ ਜਨਮ ਦਿਨ ਤੇ ਯਾਦ ਕੀਤਾ ਗਿਆ ਸ੍ਰੀ ਰਾਜ ਸੂਦ ਨੇ ਗੁਰੂ ਘਰ ਹਾਜਰੀ ਲਗਾ ਕੇ ਮਾਤਾ ਸਵਿੱਤਰੀ ਬਾਈ ਫੂਲੇ ਜੀ ਅਤੇ ਬਾਬੂ ਹਰਦਾਸ ਜੀ ਬਾਰੇ ਸੰਗਤ ਨਾਲ ਵਿਚਾਰ ਸਾਂਝੇ ਕੀਤੇ। ਅਦਾਰਾ ਦੇਸ਼ ਦੁਆਬਾ ਵਲੋਂ ਮਾਤਾ ਸਵਿੱਤਰੀ ਬਾਈ ਫੂਲੇ ਜੀ ਬਾਰੇ ਪ੍ਰਕਾਸ਼ਿਤ ਸੰਪਾਦਕੀ ਦੀ ਭੀ ਖੂਬ ਚਰਚਾ ਹੋਈ। ਕੁੱਲ ਮਿਲਾ ਕੇ ਸੰਗਤ ਹੁਣ ਆਪਣੇ ਰਹਿਬਰਾਂ ਬਾਰੇ ਜਾਨਣਾ ਚਾਹੁੰਦੀ ਹੈ, ਬਸ ਲੋੜ ਹੈ ਕਿ ਜਾਣਕਾਰੀ ਰੱਖਣ ਵਾਲੇ ਸੰਗਤ ਤਕ ਜਾਣਕਾਰੀ ਦੇਂਦੇ ਰਹਿਣ।

ਇਸ ਮੌਕੇ ਸਟੇਜ ਦੀ ਸੇਵਾ ਸ੍ਰੀ ਬਲਜੀਤ ਸਿੰਘ ਨੇ ਬਾਖੂਬੀ ਨਿਭਾਈ ਅਤੇ ਮੀਡੀਏ ਵਜੋਂ ਦੇਸ਼ ਦੁਆਬਾ ਵਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਵੀਡੀਓ, ਫੋਟੋਗ੍ਰਾਫ਼ੀ ਅਤੇ ਲਾਈਵ ਰਾਹੀਂ ਸੇਵਾ ਕੀਤੀ ਅਤੇ ਗੁਰੂ ਘਰ ਵਲੋਂ ਅਜੇ ਪੜਵਗਾ ਟੀਮ ਨੇ ਫੋਟੋ ਤੇ ਲਾਈਵ ਸੇਵਾ ਨਿਭਾਈ। ਇਸ ਉਪਰੰਤ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ।

**ਤਸਵੀਰਾਂ– ਦੇਸ਼ ਦੁਆਬਾ**










## ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ

ਪਸਰਿਆ ਪਾਪ ਸੀ ਜਦੋਂ ਪ੍ਰਿਥਵੀ ਤੇ,
ਅਲੋਪ ਹੋਇਆ ਸੀ ਧਰਮ ਸੰਸਾਰ ਵਿਚੋਂ।
ਡੁੱਬਦੀ ਮਾਨਵਤਾ ਤਾਈਂ ਬਚਾਉਣ ਖਾਤਰ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

ਵਰਨਾਂ ਮਜ੍ਹਬਾਂ ਵਿਚ ਵੰਡ ਮਨੁੱਖਤਾ ਨੂੰ,
ਘ੍ਰਿਣਾ, ਨਫ਼ਰਤ ਦੀ ਪੱਟੀ ਪੜ੍ਹਾਈ ਸੀ ਜਦ।
ਮਾਨਸ ਜਾਤਾਂ ਵਿਚ ਲੀਰੋ ਲੀਰ ਕਰਕੇ,
ਖੁਦ– ਪ੍ਰਸਤਾਂ ਨੇ ਹੱਦ ਮੁਕਾਈ ਸੀ ਜਦ।
ਨੌਂ ਆਦਮੀ ਤੇ ਵੱਖੋ ਵੱਖ ਚੁਲ੍ਹੇ,
ਸਾਂਝ ਦਿਲਾਂ ਚੋਂ ਉੱਕਾ ਮਿਟਾਈ ਸੀ ਜਦ।
ਮਰ ਗਈ ਮਾਨਵਤਾ ਹੋਇਆ ਸੀ ਖੂਨ ਚਿੱਟਾ,
ਐਨੀ ਕੂੜ ਦੀ ਪਾਣ ਚੜ੍ਹਾਈ ਸੀ ਜਦ।
ਇਨਸਾਨੀਅਤ ਕਰਾਹੁੰਦੀ ਸੀ ਇਉਂ ਸੰਸਾਰ ਅੰਦਰ,
ਕੂੰਜ ਵਿਛੜਕੇ ਜਿਸ ਤਰ੍ਹਾਂ ਡਾਰ ਵਿਚੋਂ।
ਜੋੜਨ ਵਾਸਤੇ ਟੁੱਟਿਆ ਭਾਈਚਾਰਾ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

ਅੱਵਲ ਅੱਲਾ ਦੇ ਨੂਰ ਦੇ ਸੱਭ ਬੰਦੇ,
ਐਪਰ ਜਾਤਾਂ ਦਾ ਗਰਬ ਗਵਾਰ ਕਰਦੇ।
ਪੈਦਾ ਬ੍ਰਹਮਾ ਤੋਂ ਹੋਇਆ ਸੰਸਾਰ ਕਹਿਕੇ,
ਝੂਠੇ ਰੱਜ ਕੇ ਝੂਠਾ ਪ੍ਰਚਾਰ ਕਰਦੇ।
ਹਾਮੀ ਜਾਤਾਂ ਦੇ, ਤੋੜ ਕੇ ਭਾਈਚਾਰਾ,
ਲੀਰੋ– ਲੀਰ ਕਰਦੇ, ਤਾਰ–ਤਾਰ ਕਰਦੇ।
ਉਪਾਸ਼ਕ ਵੇਦ –ਪੁੱਤਰੀ, ਮਨੂ –ਸਿਮਰਤੀ ਦੇ,
ਡਾਹਢਾ ਜਿੱਚ ਕਰਦੇ, ਅਵਾਜ਼ਾਰ ਕਰਦੇ।
ਕੋਮਲ ਨਾਨਕ ਦਾ ਹਿਰਦਾ ਕੁਰਲਾ ਉੱਠਿਆ,
ਗਊ ਕੱਢਣ ਲਈ ਖੁੱਭੀ ਹੋਈ ਗਾਰ ਵਿਚੋਂ।
ਨਾਨਕ ਮਿਸ਼ਨ ਦਾ ਸ਼ਾਹ–ਅਸਵਾਰ ਬਣਕੇ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।
ਕਰੜੀ ਘਾਲਣਾ ਘਾਲ਼ੀ, ਕੁੱਝ ਸਤਿ–ਪੁਰਸ਼ਾਂ,
ਜਾਤ–ਪਾਤ ਦਾ ਬੀਜ਼ ਮੁਕਾਉਣ ਖਾਤਰ।
ਏਕੁ ਪਿਤਾ ਦੇ ਬਣਕੇ ਰਹਿਣ ਬਾਰਿਕ,
ਭਾਈਚਾਰੇ ਦਾ ਸਬਕ ਪੜ੍ਹਾਉਣ ਖਾਤਰ।
ਸਾਂਝੀਵਾਲ ਸਦਵਾਉਣ,ਬਣਕੇ ਰਹਿਣ ਭਾਈ ,
ਊਚ –ਨੀਚ ਨੂੰ ਜੜ੍ਹੋਂ ਮੁਕਾਉਣ ਖਾਤਰ।
ਡਿੱਗੇ ਹੋਇਆਂ ਨੂੰ ਉੱਚੇ ਉਠਾਉਣ ਖਾਤਰ,
ਬੇਟੇ ਆਖਕੇ ਗਲ਼ੇ ਲਗਾਉਣ ਖਾਤਰ।
ਮਾਨਸੁ ਜਾਤ ਸੱਭ ਇਕ ਹੀ ਜਾਤ ਹੋਵੇ,
ਮਿਲਿਆ ਉਪਦੇਸ਼ ਸੀ, ਤੇਰੀ ਲਲਕਾਰ ਵਿਚੋਂ।
ਜਾਤ ਤੋੜ ਸਮਾਜ ਨੂੰ ਜੋੜਨੇ ਲਈ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

ਫੜਕੇ ਵੇਖੀ ਨਾ ਜਿੰਨ੍ਹਾਂ ਨੇ ਕਰਦ ਨੰਗੀ,
ਉਹਨਾਂ ਹੱਥ ਤੈਂ ਨੰਗੀ ਕਿਰਪਾਨ ਦਿੱਤੀ।
ਆਬ –ਇ– ਹਯਾਤ ਬਖਸ਼ਕੇ ਮੁਰਦਿਆਂ ਨੂੰ ,
ਨਵੀਂ ਰੂਹ ਫੂਕੀ, ਨਵੀਂ ਜਾਨ ਦਿੱਤੀ।
ਕੱਖਾਂ ਵਾਂਗ ਲਿਤਾੜੇ ਹੋਏ ਬੰਦਿਆਂ ਨੂੰ,
ਇਜ਼ਤ ਅਣਖ ਦਿੱਤੀ, ਉੱਚੀ ਸ਼ਾਨ ਦਿੱਤੀ।
ਅੜੀਆਂ ਬਾਜਾਂ ਦੇ ਸਾਹਵੇਂ, ਮਜ਼ਲੂਮ ਚਿੱੜੀਆਂ,
ਗੁੜ੍ਹਤੀ ਅੰਮ੍ਰਿਤ ਦੀ, ਐਨੀ ਮਹਾਨ ਦਿੱਤੀ।
ਖਾਲਸਾ ਨਿਆਰਾ ਹੀ ਲੱਖਾਂ ਚੋਂ ਨਜ਼ਰ ਆਏ ,
ਗੁੱਝੀ ਹੀਰ ਨਾ ਰਹੇ ਹਜ਼ਾਰ ਵਿਚੋਂ।
ਡਰਪੋਕ ਗਿੱਦੜਾਂ ਨੂੰ ਸ਼ੇਰ ਬਨਾਉਣ ਖਾਤਰ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

ਚੋਜੀ ਪ੍ਰੀਤਮਾਂ ਨਿਆਰੇ ਨੇ ਚੋਜ ਤੇਰੇ,
ਆਵੇ ਸਮਝ ਨਾ, ਤੇਰੇ ਵਰਤਾਰਿਆਂ ਦੀ।
ਕਿਹਾ ਰੱਖ ਕੇ ਤਲੀ 'ਤੇ ਸੀਸ ਆਵੋ,
ਕੀਤੀ ਚੋਣ, ਜਦ ਪੰਜਾਂ ਪਿਆਰਿਆਂ ਦੀ।
ਬਾਣੇ ਕੇਸਰੀ ਤੇ ਸਸ਼ਤਰ ਬਖਸ਼ ਦਿੱਤੇ,
ਦਾਤ ਦਿੱਤੀ ਤੈਂ, ਸਿਰੀਂ ਦਸਤਾਰਿਆਂ ਦੀ।
ਜਿੱਤਾਂ ਖਾਲਸੇ ਦੀ ਝੋਲ਼ੀ ਆਣ ਪਈਆਂ,
ਪਈ ਗੂੰਜ 'ਰਣਜੀਤ ਨਗਾਰਿਆਂ' ਦੀ।
ਜਾਬਰ ਜਰਵਾਣੇ ਦੇ ਜ਼ੁਲਮ ਨੂੰ ਠੱਲ੍ਹ ਪੈ ਗਈ,
ਕੜਕੀ ਬਿਜਲੀ ਜਦ, ਤੇਰੀ ਤਲਵਾਰ ਵਿਚੋਂ।
ਝੂਲੇ ਪਰਚਮ ਇਨਸਾਫ਼ ਦਾ ਸਦਾ ਉੱਚਾ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

ਗਜ਼ਨੀ, ਬਸਰੇ, ਬਗ਼ਦਾਦ ਤੋਂ ਧਾੜਵੀ ਆ,
ਕਈ ਸਦੀਆਂ ਰਹੇ ਲੁੱਟਦੇ ਦੇਸ਼ ਭਾਰਤ।
ਰਿਹਾ ਲੁੱਟੀਦਾ, ਕੁੱਟੀਦਾ, ਕਈ ਸਦੀਆਂ,
ਬਦੇਸ਼ੀ ਲੁਟੇਰਿਆਂ ਹੱਥੋਂ ਹਮੇਸ਼ ਭਾਰਤ।
ਅਸਮਤ ਰੋਲ ਦਿੱਤੀ, ਮਰ ਗਈ ਅਣਖ ਗੈਰਤ,
ਬਣਿਆਂ ਗੁਲਾਮਾਂ ਦਾ ਗੁਲਾਮ ਵਿਸ਼ੇਸ਼ ਭਾਰਤ।
ਹੋ ਕੇ ਬੇਗੈਰਤ, ਗਫ਼ਲਤ ਨੀਂਦ ਸੁੱਤਾ,
ਸੁਣਕੇ ਜਾਗਿਆ, ਤੇਰਾ ਸੰਦੇਸ਼ ਭਾਰਤ।
ਖੜਗ –ਭੁਜਾ ਬਣ, ਸਦਾ ਲਈ ਖਾਲਸੇ ਨੇ,
ਭਾਰਤ ਕੱਢਿਆ ਦੁਸ਼ਮਣ ਦੀ ਮਾਰ ਵਿੱਚੋਂ।
ਰੁਲਦੀ ਦੇਸ਼ ਦੀ ਅਣਖ ਬਚਾਉਣ ਖਾਤਰ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।

'ਸੂਰਜ ਕਿਰਨਾਂ' ਅਰ 'ਗੰਗ ਤਰੰਗ' ਨਾਲੋਂ,
ਮੇਰੇ ਦਾਤਿਆ ਵੱਧ ਉਪਕਾਰ ਤੇਰੇ।
ਬਰਸਾਤ ਬੂੰਦਾਂ, ਬਹਾਰ ਦੇ ਫੁੱਲਾਂ ਵਾਂਗੂੰ,
ਗੁਣ ਗਿਣੇ ਨਾ ਜਾਣ ਦਾਤਾਰ ਤੇਰੇ।
ਜੋਰਾਵਰ ਤੇ ਫਤਿਹ ਮਸੂਮ ਜਿੰਦਾਂ,
ਲੱਗੇ ਧਰਮ ਲਈ ਅਜੀਤ ਜੁਝਾਰ ਤੇਰੇ।
ਪਿਆਰਾ ਪ੍ਰਾਣਾਂ ਤੋਂ ਖਾਲਸਾ ਵਾਰਿਆ ਤੈਂ,
ਅਹਿਸਾਨ ਭੁੱਲੂ ਨਾ ਦਾਤਾ ਸੰਸਾਰ ਤੇਰੇ।
'ਲਾਲ' ਲਾਈ ਐਸੀ ਝੜੀ ਕੁਰਬਾਨੀਆਂ ਦੀ,
ਕੱਢਣ ਵਾਸਤੇ ਕੌਮ ਨਿਘਾਰ ਵਿਚੋਂ।
ਠੱਲ੍ਹ ਪਾਉਣ ਲਈ ਜੁਲਮ ਦੇ ਵਹਿਣ ਤਾਈਂ,
ਕੌਮ ਸਾਜੀ ਤੈਂ ਖੰਡੇ ਦੀ ਧਾਰ ਵਿੱਚੋਂ।



**ਲਾਲ ਸਿੰਘ ਸੁਲਹਾਣੀ**
91-98721-55120

# ਬੇਗਮਪੁਰਾ ਕਲਚਰਲ ਸੁਸਾਇਟੀ ਆਫ ਨਿਊਯਾਰਕ ਵੱਲੋਂ ਨਵੇਂ ਵਰ੍ਹੇ 2025 ਨੂੰ ਜੀ ਆਇਆਂ ਕਹਿਣ ਲਈ ਪ੍ਰੋਗਰਾਮ ਆਯੋਜਿਤ

ਨਿਊਯਾਰਕ- ਸਾਲ 2007 ਵਿਚ ਸਮਾਜ ਦੇ ਕੁਝ ਵਿਅਕਤੀਆਂ ਨੇ ਸੋਚਿਆ ਕਿ ਕਿਉਂ ਅਸੀਂ ਆਪਣੇ ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਕੁਝ ਪਲ ਕੱਢ ਕੇ ਇਕੱਠੇ ਬੈਠ ਕੇ ਦਿਲਾਂ ਦੀਆਂ ਗੱਲਾਂ ਦੀ ਸਾਂਝ ਪਾਈਏ। ਇਸ ਗੱਲ ਨੂੰ ਮੁੱਖ ਰੱਖ ਕੇ ਨਵੇਂ ਸਾਲ ਦੀ ਪਾਰਟੀ ਦਾ ਆਯੋਜਨ ਕੀਤਾ ਗਿਆ ਜੋ ਕਿ ਸਮਾਜ ਵੱਲੋਂ ਬਹੁਤ ਹੀ ਸ਼ਲਾਘਾ ਦਾ ਕਾਰਨ ਬਣੀ।

2010 ਵਿਚ ਜਦੋਂ ਬੇਗਮਪੁਰਾ ਕਲਚਰਲ ਸੁਸਾਇਟੀ ਹੋਂਦ ਵਿਚ ਆਈ ਤਾਂ ਇਸ ਨੇ ਇਸ ਕਾਰਜ ਨੂੰ ਸੰਭਾਲਿਆ ਤੇ ਇਸ ਵਿਚ ਹੋਰ ਕਈ ਪ੍ਰੋਗਰਾਮ ਸ਼ਾਮਲ ਕੀਤੇ, ਜਿਵੇਂ ਕਿ ਨਵੇਂ ਸਾਲ ਦੀ ਪਾਰਟੀ, ਡਾ. ਬੀ. ਆਰ. ਅੰਬੇਡਕਰ ਦਾ ਜਨਮ ਦਿਨ, ਸਾਹਿਬ ਕਾਂਸ਼ੀ ਰਾਮ ਜੀ ਹੁਰਾਂ ਦਾ ਜਨਮ ਦਿਨ ਤੇ 15 ਅਗਸਤ ਦੀ ਪਰੇਡ ਵਿਚ ਬਾਬਾ ਸਾਹਿਬ ਦਾ ਫਲੋਟ ਲਿਜਾਣ ਦਾ ਕੰਮ, ਜੋ ਕਿ ਲਗਾਤਾਰ ਚੱਲ ਰਿਹਾ ਹੈ।

ਇਸ ਸਾਲ 28 ਦਸੰਬਰ 2024 ਨੂੰ ਰਿਵੀ ਰਿੱਚ ਬੈਂਕੁਇਟ ਹਾਲ ਰਿਚਮੰਡ ਵਿਖੇ 2025 ਨੂੰ ਜੀ ਆਇਆਂ ਕਹਿਣ ਲਈ ਪਾਰਟੀ ਦਾ ਆਯੋਜਨ ਕੀਤਾ ਗਿਆ, ਜਿਸ ਦੀ ਵਿਲੱਖਣਤਾ ਨਿਰਾਲੀ ਸੀ। ਇਸ ਪਾਰਟੀ ਦੇ ਮੁੱਖ ਮਹਿਮਾਨ ਅਮਰਿੰਦਰ ਮਾਹੀ ਸਨ। ਪਾਰਟੀ ਦੀ ਸ਼ੁਰੂਆਤ ਅਮਰੀਕਾ ਤੇ ਭਾਰਤ ਦੇ ਕੌਮੀ ਗੀਤ ਨਾਲ ਕੀਤੀ ਗਈ। ਬੱਚਿਆਂ ਤੇ ਔਰਤਾਂ ਦੀਆਂ ਖੇਡਾਂ ਵੀ ਕਰਵਾਈਆਂ ਗਈਆਂ, ਜਿਸਦਾ ਆਨੰਦ ਸਭ ਨੇ ਲਿਆ।

ਉਪਰੰਤ ਬੇਗਮਪੁਰਾ ਕਲਚਰਲ ਸੁਸਾਇਟੀ ਦੇ ਚੇਅਰਮੈਨ ਪਿੰਦਰ ਪਾਲ ਨੇ ਸੁਸਾਇਟੀ ਦੀਆਂ ਪ੍ਰਾਪਤੀਆਂ ’ਤੇ ਚਾਨਣਾ ਪਾਇਆ। ਉਪਰੰਤ ਵੱਖ-ਵੱਖ ਬੁਲਾਰਿਆਂ ਨੇ ਆਪਣੇ-ਆਪਣੇ ਅੰਦਾਜ਼ ਵਿਚ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ, ਜਿਹਨਾਂ ਵਿਚ ਇੰਡੀਆ ਤੋਂ ਡਾਇਰੈਕਟਰ ਡਾ. ਰਾਕੇਸ਼ ਚਮਾਰ, ਪਰਸ਼ੋਤਮ ਲਾਲ (ਐਸ. ਐਚ. ਓ.), ਹਰਮੇਸ਼ ਸਿੰਘ ਭਾਰ ਸਿੰਘ ਪੁਰੀ ਇੰਟਰਨੈਸ਼ਲਲ ਕੋਆਰਡੀਨੇਟਰ ਆਫ ਬੇਗਮਪੁਰਾ ਕਲਚਰਲ ਸੁਸਾਇਟੀ ਆਫ ਨਿਊਯਾਰਕ, ਵਾਈਸ ਪ੍ਰਧਾਨ ਅਮਰਿੰਦਰ ਸਿੰਘ ਮਾਹੀ, ਸਾਬਕਾ ਪ੍ਰਧਾਨ ਪਰਮਜੀਤ ਕਮਾਮ ਜੋ ਕਿ ਅੱਜਕਲ੍ਹ ਗੁਰੂ ਰਵਿਦਾਸ ਸਭਾ ਦੇ ਚੇਅਰਮੈਨ ਵੀ ਹਨ। ਪਰਮਜੀਤ ਸੀਤਾ ਜੀ, ਪੰਜਾਬੀ ਸਿੰਗਾਰ ਲੱਕੀ ਨੇ ਬਾਬਾ ਜੀ ਦੇ ਗਾਣੇ ਗਾ ਕੇ ਲੋਕਾਂ ਦਾ ਮਨ ਮੋਹ ਲਿਆ।

ਅੰਤ ਵਿਚ ਸੁਸਾਇਟੀ ਦੇ ਪ੍ਰਧਾਨ ਰਾਜ ਕੁਮਾਰ ਨੇ ਸਭ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਸਟੇਜ ਦੀ ਕਾਰਵਾਈ ਗੁਰੂ ਘਰ ਦੇ ਸੈਕਟਰੀ ਬਲਵਿੰਦਰ ਭੌਰਾ, ਹੈਪੀ ਵੱਲੋਂ ਬਾਖੂਬੀ ਨਿਭਾਈ ਗਈ।

ਸੁਸਾਇਟੀ ਦੇ ਸਮੂਹ ਮੈਂਬਰਾਂ ਨੇ ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਖੂਬ ਮਿਹਨਤ ਕੀਤੀ।















# ਬੇਗਮਪੁਰਾ ਕਲਚਰਲ ਸੁਸਾਇਟੀ ਆਫ ਨਿਊਯਾਰਕ ਵੱਲੋਂ ਨਵੇਂ ਵਰ੍ਹੇ 2025 ਨੂੰ ਜੀ ਆਇਆਂ ਕਹਿਣ ਲਈ ਪ੍ਰੋਗਰਾਮ ਆਯੋਜਿਤ



















# ਬੇਗਮਪੁਰਾ ਕਲਚਰਲ ਸੁਸਾਇਟੀ ਆਫ ਨਿਊਯਾਰਕ ਵੱਲੋਂ ਨਵੇਂ ਵਰ੍ਹੇ 2025 ਨੂੰ ਜੀ ਆਇਆਂ ਕਹਿਣ ਲਈ ਪ੍ਰੋਗਰਾਮ ਆਯੋਜਿਤ













# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

**31252 Veasy Street Union City CA 94587**



**ਗੁਰੂ ਘਰ ਦੀ ਇਮਾਰਤ ਦਾ ਕੰਮ ਚੱਲ ਰਿਹਾ ਅਤੇ ਆਪ ਸਭ ਨੂੰ ਬੇਨਤੀ ਹੈ ਕਿ ਇਸ ਸ਼ੁਭ ਕਾਰਜ ਲਈ ਆਪਣਾ ਦਸ਼ਵੰਧ ਕੱਢੋ ਤਾਂ ਜੋ ਕਿ ਆਪਾਂ-ਆਪਣੇ ਸੁਪਨੇ ਪੂਰੇ ਕਰ ਸਕੀਏ। ਗੁਰੂ ਘਰ ਦਾ ਪ੍ਰੋਗਰਾਮ ਹਰ ਇਕ ਦੂਸਰੇ ਐਤਵਾਰ ਅਤੇ ਚੋਥੇ ਐਤਵਾਰ ਪੱਕਾ ਤਹਿ ਕੀਤਾ ਹੈ। ਸੰਗਤ ਨੂੰ ਬੇਨਤੀ ਹੈ ਕਿ ਆਪ ਪ੍ਰੋਗਰਾਮ ਤੇ ਪਹੁੰਚੋ ਅਤੇ ਗੁਰੂਘਰ ਦੀ ਇਮਾਰਤ ਬਣਦੀ ਦੇਖੋ ਅਤੇ ਆਪਣਾ ਯੋਗਦਾਨ ਪਾਓ।**



## ਸ੍ਰੀ ਗੁਰੂ ਰਵਿਦਾਸ ਸਭ ਬੇ ਏਰੀਆ (ਕੈਲੀਫੋਰਨੀਆ) ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤ ਦੇ ਸਹਿਯੋਗ ਨਾਲ ਨਵਾਂ ਸਾਲ 2025 ਬਹੁਤ ਹੀ ਪਿਆਰ-ਸਤਿਕਾਰ-ਸ਼ਰਧਾਪੂਰਵਕ ਮਨਾਇਆ

ਸ੍ਰੀ ਗੁਰੂ ਰਵਿਦਾਸ ਸਭ ਬੇ ਏਰੀਆ (ਕੈਲੀਫੋਰਨੀਆ) ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤ ਦੇ ਸਹਿਯੋਗ ਨਾਲ ਗੁਰੂਘਰ ਦੀ ਪ੍ਰਾਪਰਟੀ ਵਿਖੇ 1 ਜਨਵਰੀ 2025 ਨੂੰ ਨਵਾਂ ਸਾਲ 2025 ਬਹੁਤ ਹੀ ਪਿਆਰ-ਸਤਿਕਾਰ-ਸ਼ਰਧਾਪੂਰਵਕ ਮਨਾਇਆ ਗਿਆ। ਇਸ ਦੋਰਾਨ ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ ਅਤੇ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਇਸੇ ਤਰਾਂ ਗੁਰੂਘਰ ਅਤੇ ਗੁਰੂ ਸਹਿਬਾਨ ਦੀ ਬਾਣੀ ਜਾਪੁ ਕਰਦੇ ਰਹਿਣ ਲਈ ਸਨਿਮਰ ਬੇਨਤੀ ਕਰਦਿਆਂ ਵਾਹਿਗੁਰੂ ਅੱਗੇ ਸਰਬਤ ਦੇ ਭਲੇ ਲਈ ਅਰਦਾਸ ਕੀਤੀ। ਇਨ੍ਹਾਂ ਤੋਂ ਇਲਾਵਾ ਨਾਮਵਰ ਗਾਇਕ ਸੁਖਦੇਵ ਸਾਹਿਲ, ਸ੍ਰੀ ਜੀਤ ਰਾਮ ਥਿੰਦ ਅਤੇ ਬੀਬੀ ਦੇਵੀ ਰਾਣੀ ਆਦਿ ਨੇ ਧਾਰਮਿਕ ਸ਼ਬਦਾਂ ਨਾਲ ਆਪਣੀ ਹਾਜ਼ਰੀ ਲਗਾਕੇ ਸੰਗਤਾਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ।

ਅੱਜ ਦੇ ਵਿਸ਼ੇਸ਼ ਦੀਵਾਨਾਂ ਮੌਕੇ ਸਭਾ ਦੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਅਤੇ ਪ੍ਰਧਾਨ ਸ੍ਰੀ ਤਰਲੋਚਨ ਸਿੰਘ ਬੱਧਨ ਅਤੇ ਸ੍ਰੀ ਹਰਮੇਸ਼ ਲਾਲ ਜੀ ਨੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਨਵੇਂ ਸਾਲ ਦੀ ਵਧਾਈ ਦਿੰਦਿਆਂ ਸਭਨਾਂ ਪਰਿਵਾਰਾਂ ਵਿਚ ਸੁਖ-ਸ਼ਾਂਤਈ ਅਤੇ ਪਿਆਰ-ਸਤਿਕਾਰ-ਸਤਿ ਸੰਤੋਖ ਲਈ ਸ਼ੁਭ ਕਾਮਨਾ ਕੀਤੀ। ਅਖੀਰ ਸ੍ਰੀ ਚੁੰਬਰ ਨੇ ਕਮੇਟੀ ਵਲੋਂ ਸਮੂਹ ਸੰਗਤ ਦਾ ਇਸ ਸ਼ੁਭ ਮੌਕੇ ਹਾਜ਼ਰੀ ਭਰਨ ਲਈ ਧੰਨਵਾਦ ਕੀਤਾ ਅਤੇ ਉਨ੍ਹਾਂ ਸਮੂਹ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਕਿ 12 ਜਨਵਰੀ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ ਸੋ ਆਪ ਸਭਨਾਂ ਨੇ ਪਰਿਵਾਰ ਸਮੇਤ ਇਸੇ ਤਰ੍ਹਾਂ ਹਾਜ਼ਰੀਆਂ ਲਗਾਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਜੀ।




















**For langar Sewa please contact any of the committee members**

| Chairman | President | General Secretary | Treasurer |
|---|---|---|---|
| Vinod Kumar Chumber | Tarlochan Singh | Naresh Kumar Gaddu | Mandeep Rai |
| 510-953-9800 | 510-712-1743 | 510-857-4551 | 415-342-9159 |